# ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ
# ਸਟੀਕ

## ਉਕਤਿ ਬਿਲਾਸ

ਟੀਕਾਕਾਰ - ਸਵਾਮੀ ਹਰਿਨਾਮ ਦਾਸ ਉਦਾਸੀਨ

ਸੰਪਾਦਕ - ਭਜਨ ਸਿੰਘ

ਪ੍ਰਕਾਸ਼ਕ - ਵਿਸ਼ਵ ਨਾਮਧਾਰੀ ਸੰਗਤ
ਸ੍ਰੀ ਭੈਣੀ ਸਾਹਿਬ, ਲਧਿਆਣਾ (ਪੰਜਾਬ)

**ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥**

**ਅਥ ਚੰਡੀ ਚਰਿਤ੍ਰ ਉਕਤਿ ਬਿਲਾਸ॥**

***ਭਾਵਾਰਥ:-*** (ੴ) ਪਰਮੇਸ਼ਰ ਦੇ ਨਾਮ ਨਾਲ ਸੁੰਦਰ ਵਾਹਿਦ (ਇੱਕ) ਗੁਰੂ ਜੀ ਦੀ ਹੀ ਜਿੱਤ ਹੈ। ਹੁਣ (ਉਕਤਿ) ਬਚਿਤ੍ਰ ਕਥਨੀ ਦੇ ਵਿਲਾਸ (ਕੌਤਕ) ਵਾਲਾ ਚੰਡੀ ਚਰਿਤ੍ਰ ਲਿਖਦਾ ਹਾਂ।

**ਸਵੈਯਾ॥**

**ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲੱਖ ਅਨਾਸਾ॥**
**ਕੈ ਸਿਵ ਸਕਤਿ ਦਏ ਸ੍ਰੁਤਿ ਚਾਰ ਰਜੋ ਤਮ ਸੱਤ ਤਿਹੂੰ ਪੁਰ ਬਾਸਾ॥**
**ਦਯੋਸ ਨਿਸਾ ਸਸਿ ਸੂਰ ਕੈ ਦੀਪ ਸੁ ਸ੍ਰਿਸਟਿ ਰਚੀ ਪੰਚ ਤੱਤ ਪ੍ਰਕਾਸਾ॥**
**ਬੈਰ ਬਢਾਇ ਲਰਾਇ ਸੁਰਾਸੁਰ ਆਪਹਿ ਦੇਖਤ ਬੈਠ ਤਮਾਸਾ॥੧॥**

***ਭਾਵਾਰਥ:-*** (ਇਹ ਮੰਗਲਾਚਰਣ ਹੈ) ਪਹਿਲਾ, ਬੇਅੰਤ, ਜਿਸਦਾ ਹਿਸਾਬ ਨਹੀਂ ਹੋ ਸਕਦਾ, (ਅਨੰਤ) ਮਹਾਨ ਗੰਭੀਰ, (ਕਾਲ) ਮੌਤ ਬਿਨ, ਭੇਖ ਬਿਨ, ਨਾ ਜਾਨਣ ਯੋਗ, ਅਵਿਨਾਸੀ ਜੋ ਪਾਰਬ੍ਰਹਮ ਹੈ। (ਸ਼ਿਵ) ਕਲਿਆਣ-ਮਈ ਜਾਂ ਨਿਰਗੁਣ ਬ੍ਰਹਮ ਦਾ ਵਿਚਾਰ ਅਤੇ (ਸਕਤਿ) ਮਾਇਆ ਜਾਂ ਸਬਲ ਬ੍ਰਹਮ ਦਾ ਵਿਚਾਰ (ਕੈ) ਕੀਤੇ ਹਨ, ਚਾਰੇ (ਸ੍ਰੁਤਿ) ਵੇਦ (ਰਚਿ) ਦਿੱਤੇ, ਰਜੋ ਤਮੋ ਅਤੇ ਸਤੋ ਗੁਣ ਰੂਪ ਤਿੰਨਾਂ ਹੀ (ਪੁਰ) ਲੋਕਾਂ ਵਿੱਚ (ਜਿਸ ਦਾ) ਨਿਵਾਸ ਹੈ। (ਜੋ) ਵੈਰ ਵਧਾ ਕੇ ਅਤੇ ਦੇਵ-ਦੈਂਤਾਂ ਨੂੰ ਲੜਾ ਕੇ ਆਪ ਹੀ ਬਹਿ ਕੇ ਤਮਾਸ਼ਾ ਵੇਖਦਾ ਹੈ॥੧॥

**ਦੋਹਰਾ॥**

**ਕ੍ਰਿਪਾ ਸਿੰਧੁ ਤੁਮਰੀ ਕ੍ਰਿਪਾ ਜੋ ਕਛੁ ਮੋ ਪਰਿ ਹੋਇ॥**
**ਰਚੋਂ ਚੰਡਿਕਾ ਕੀ ਕਥਾ ਬਾਣੀ ਸੁਭ ਸਭ ਹੋਇ॥੨॥**

ਭਾਵਾਰਥ:-ਹੇ (ਕ੍ਰਿਪਾ ਸਿੰਧੁ) ਮਿਹਰ ਦੇ ਸਾਗਰ ਜੇ ਤੇਰੀ ਕੁਝ ਕਿਰਪਾ ਮੇਰੇ 'ਤੇ ਵੀ ਹੋਵੇ। ਤਾਂ ਮੈਂ ਵੀ (ਚੰਡਿਕਾ) ਤੇਜ਼-ਮਈ ਸ਼ਕਤੀ ਦੀ ਕਥਾ ਰਚ ਸਕਾਂ ਅਤੇ ਸਾਰੀ ਬਾਣੀ ਵੀ ਸ਼ੁਭ ਹੀ ਹੋ ਸਕੇ॥੨॥

**ਜੋਤਿ ਜਗਮਗੈ ਜਗਤ ਮੈ ਚੰਡ ਚਮੁੰਡ ਪ੍ਰਚੰਡ॥**
**ਭੁਜ ਦੰਡਨ ਦੰਡਨਿ ਅਸੁਰ ਮੰਡਨ ਭੁਇ ਨਵ ਖੰਡ॥੩॥**

***ਭਾਵਾਰਥ:-*** ਚਮੁੰਡ ਨਾਮੇ ਦੈਂਤ ਨੂੰ (ਚੰਡ) ਮਾਰਨ ਵਾਲੀ (ਪ੍ਰਚੰਡ) ਤੇਜ-ਮਈ ਦੀ ਜੋਤ ਸੰਸਾਰ ਵਿੱਚ (ਜਗਮਗੈ) ਪ੍ਰਕਾਸ਼ਦੀ ਹੈ। ਜੋ ਬਾਹੁ ਦੰਡਾਂ (ਡੌਲਿਆਂ) ਦੀ ਤਾਕਤ ਨਾਲ ਦੈਂਤਾਂ ਨੂੰ (ਦੰਡਨਿ) ਦੰਡ ਦੇਣ (ਮਾਰਨ) ਵਾਲੀ (ਕਾਲ) ਹੈ ਅਤੇ (ਨੌਖੰਡ) ਧਰਤੀ ਭਾਵ ਸਾਰੇ ਵਿਸ਼ਵ ਨੂੰ ਹੀ (ਮੰਡਨ) ਭੋਗਣ ਵਾਲੀ ਹੈ॥੩॥

**ਸਵੈਯਾ॥**

**ਤਾਰਨ ਲੋਕ ਉਧਾਰਨ ਭੂਮਹਿ ਦੈਤ ਸੰਘਾਰਨ ਚੰਡ ਤੁਹੀ ਹੈ॥**
**ਕਾਰਨੁ ਈਸ ਕਲਾ ਕਮਲਾ ਹਰਿ ਅਦ੍ਰਿਸੁਤਾ ਜਹ ਦੇਖੋਂ ਉਹੀ ਹੈ॥**

**ਤਾਮਸਤਾ ਮਮਤਾ ਨਮਤਾ ਕਵਿਤਾ ਕਵਿ ਕੇ ਮਨ ਮਧਜ ਗੁਹੀ ਹੈ॥**
**ਕੀਨੋ ਹੈ ਕੰਚਨ ਲੋਹ ਜਗਤ੍ਰ ਮੈ ਪਾਰਸ ਮੂਰਤਿ ਜਾਹਿ ਛੁਹੀ ਹੈ॥੪॥**

***ਭਾਵਾਰਥ:–*** ਹੇ (ਚੰਡ) ਆਦਿ ਸ਼ਕਤੀ! ਤੂੰ ਹੀ ਸ੍ਵਰਗ ਲੋਕ ਨੂੰ ਤਾਰਨ ਵਾਲੀ, (ਭੂਮਹਿ) ਮਾਤ ਲੋਕ ਨੂੰ ਉਧਾਰਨ ਵਾਲੀ ਅਤੇ ਦੈਂਤਾਂ ਨੂੰ (ਸੰਘਾਰਨ) ਮਾਰਨ ਵਾਲੀ ਚੰਡਿਕਾ ਹੈਂ। ਹੇ (ਅਦ੍ਰਿਸੁਤਾ) ਹਿਮਾਲਿਆ ਪਹਾੜ ਦੀ ਪੁਤ੍ਰੀ! (ਈਸ) ਸ਼ਿਵ ਦੇ (ਕਾਰਨ) ਪੈਦਾ ਕਰਨ ਵਾਲੀ, (ਕਮਲਾ) ਕਮਲ ਵਾਲਾ ਬ੍ਰਹਮਾ ਅਤੇ (ਹਰਿ) ਵਿਸ਼ਨੂੰ ਦੀ (ਕਲਾ) ਸ਼ਕਤੀ ਹੈਂ, ਜਿੱਥੇ ਵੇਖਦਾ ਹਾਂ ਉਹੋ ਹੀ ਹੈ। (ਤਾਮਸਤਾ) ਤਮੋ ਗੁਣ, (ਮਮਤਾ) ਰਜੋ ਗੁਣ ਅਤੇ (ਨਮਤਾ) ਸਤੋ ਗੁਣ ਸ਼ਕਤੀ ਦੀ ਕਵਿਤਾ ਕਵੀ ਦੇ ਮਨ ਵਿੱਚ (ਗੁਹੀ) ਗੁੰਦੀ ਗਈ ਹੈ। ਜੀਹਨੂੰ ਪਾਰਸ (ਮਯ) ਮੂਰਤੀ (ਚੰਡਿਕਾ) ਛੂਹ ਗਈ ਹੈ, ਉਸਨੂੰ ਲੋਹੇ ਰੂਪ ਸੰਸਾਰ ਵਿੱਚੋਂ (ਕੰਚਨ) ਸੋਨਾ ਕਰ ਦਿੱਤਾ ਹੈ॥੪॥

**ਦੋਹਰਾ॥**

**ਪ੍ਰਮੁਦ ਕਰਨ ਸਭ ਭੈ ਹਰਨ ਨਾਮ ਚੰਡਿਕਾ ਜਾਸ॥**
**ਰਚੋਂ ਚਰਿਤ੍ਰ ਬਚਿਤ੍ਰ ਤੁਅ ਕਰੋ ਸੁਬੁਧਿ ਪ੍ਰਕਾਸ॥੫॥**

***ਭਾਵਾਰਥ:–*** ਜੀਹਦਾ ਨਾਮ (ਚੰਡਿਕਾ) ਚੰਡੀ ਹੈ, ਉਹ (ਪ੍ਰਮੁਦ) ਖੁਸ਼ੀਆਂ ਕਰਨ ਵਾਲੀ ਅਤੇ ਸਭ ਡਰ ਨਾਸ ਕਰਨ ਵਾਲੀ ਹੈ। ਹੇ ਚੰਡਿਕਾ! ਉੱਤਮ ਬੁੱਧੀ ਨੂੰ (ਪ੍ਰਕਾਸ) ਪ੍ਰਗਟ ਕਰ ਦਿਓ ਤਾਂ ਕਿ ਤੇਰਾ (ਬਚਿਤ੍ਰ) ਅਸਚਰਜ ਜਾਂ ਜੀਵਨ ਚਰਿਤ੍ਰ ਰਚ ਸਕਾਂ॥੫॥

**ਪੁਨਹਾ॥**

**ਆਇਸ ਅਬ ਜੋ ਹੋਇ ਗ੍ਰੰਥ ਤਉ ਮੈ ਰਚੌਂ॥**
**ਰਤਨ ਪ੍ਰਮੁਦ ਕਰ ਬਚਨ ਚੀਨ ਤਾ ਮੈ ਗਚੌਂ॥**
**ਭਾਖਾ ਸੁਭ ਸਭ ਕਰਿਹੋ ਧਰਿਹੋ ਕ੍ਰਿਤ ਮੈ॥**
**ਅਦਭੁਤ ਕਥਾ ਅਪਾਰ ਸਮਝ ਕਰਿ ਚਿੱਤ ਮੈ॥੬॥**

***ਭਾਵਾਰਥ:–*** ਹੁਣ (ਜੋ) ਜੇ (ਆਇਸ) ਹੁਕਮ ਹੋਵੇ ਤਾਂ ਮੈਂ ਵੀ ਗ੍ਰੰਥ ਬਣਾਵਾਂ। (ਪ੍ਰਮੁਦ ਕਰ) ਖੁਸ਼ ਕਰਨ ਵਾਲੇ ਬਚਨਾਂ ਰੂਪ ਰਤਨਾਂ ਨੂੰ (ਚੀਨ) ਪਛਾਣ ਕੇ ਉਸ ਵਿੱਚ (ਗਚੋਂ) ਜੜਾਂ। ਸਾਰੀ ਕਥਾ ਨੂੰ ਸ਼ੁਭ ਭਾਸ਼ਾ ਵਿੱਚ ਬਣਾਵਾਂ, ਜੋ ਮੈਂ (ਕ੍ਰਿਤ) ਕਰ ਕੇ (ਧਰਿਹੋ) ਰੱਖਾਂਗਾ। (ਮੈਂ) ਆਪਣੇ ਚਿੱਤ ਵਿੱਚ (ਅਪਾਰ) ਬਹੁਤ (ਅਦਭੁਤ) ਅਸਚਰਜ ਕਥਾ ਸਮਝ ਕੇ॥੬॥

**ਸ੍ਵੈਯਾ॥**

**ਤ੍ਰਾਸ ਕੁਟੰਬ ਕੇ ਹੁਇ ਕੈ ਉਦਾਸ ਅਵਾਸ ਕੋ ਤਜਾਗਿ ਬਸਯੋ ਬਨ ਰਾਈ॥**
**ਨਾਮ ਸੁਰਥ ਮੁਨੀਸਰ ਬੇਖ ਸਮੇਤ ਸਮਾਦ[੧] ਸਮਾਧਿ ਲਗਾਈ॥**

---

[੧] ਦੁਰਗਾ ਸਪਤਸ਼ਤੀ ਪੜ੍ਹਿਆਂ ਵੀ ਰਾਜੇ ਸੁਰਥ ਅਤੇ ਸਮਾਦ ਦੇ ਪ੍ਰਸੰਗ ’ਚੋਂ ਨ੍ਰਿਭ੍ਰਾਂਤਿ ਨਹੀਂ ਹੋ ਸਕੀਦਾ। ਗੀਤਾ ਪ੍ਰੈਸ ਗੋਰਖਪੁਰ ਦਾ ਭਾਸ਼ਾ ਟੀਕਾ ਵੀ ਏਸ ਤੋਂ ਕੋਈ ਨਿਰਣਾ ਆਤਮਿਕ ਕਿਰਿਆ ਦਾ ਵਰਣਨ ਨਹੀਂ ਕਰਦਾ। ਸ੍ਰ. ਬ. ਕਾਨ੍ਹ

**ਚੰਡ ਅਖੰਡ ਖੰਡੇ ਕਰਿ ਕੋਪ ਭਈ ਸੁਰ ਰੱਛਨ ਕੋ ਸਮੁਹਾਈ॥**
**ਬੂਝਹੁ ਜਾਇ ਤਿਨੈ ਤੁਮ ਸਾਧ ਅਗਾਧਿ ਕਥਾ ਕਿਹ ਭਾਂਤਿ ਸੁਨਾਈ॥੭॥**

***ਭਾਵਾਰਥ:–*** (ਏਸ ਥਾਂ ਤੋਂ ਮਾਰਕੰਡੇ ਪੁਰਾਣ ਵਿੱਚੋਂ ਦੁਰਗਾ ਸਪਤਸ਼ਤੀ ਦੀ ਕਥਾ ਅਰੰਭ ਹੁੰਦੀ ਹੈ) ਪਰਿਵਾਰ ਦੇ (ਤ੍ਰਾਸ) ਡਰ ਤੋਂ ਉਦਾਸ ਹੋ ਕੇ (ਅਵਾਸ) ਘਰ ਨੂੰ ਛੱਡ (ਬਨਰਾਈ) ਮਹਾਂ ਜੰਗਲ ਜਾ ਕੇ ਰਾਜਾ ਸੁਰਥ ਮੁਨੀਸ਼੍ਵਰ ਦਾ ਭੇਖ ਕਰ ਕੇ (ਬਸਯੋ) ਰਹਿੰਦਾ ਸੀ, ਸੁਰਥ ਦੇ ਨਾਲ ਹੀ ਸਮਾਦ (ਨਾਮੇ ਸੁਰਥ ਦਾ ਗੁਰੂ) ਵੀ ਸਮਾਧੀ ਲਾ ਕੇ ਰਹਿੰਦਾ ਸੀ। (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) ਹੇ ਸਾਧੋ! ਤੁਸੀਂ (ਜੇ ਸ਼ੱਕ ਹੋਵੇ ਤਾਂ) ਓਸ ਨੂੰ ਜਾ ਕੇ ਪੁੱਛ ਲਉ ਭਾਵ ਮਾਰਕੰਡੇ ਪੁਰਾਣ ਵਿੱਚੋਂ ਦੁਰਗਾ ਸਪਤਸ਼ਤੀ ਦਾ ਪ੍ਰਸੰਗ ਪੜ੍ਹ ਲਉ) ਕਿ (ਅਗਾਧਿ) ਅਸਚਰਜ ਕਥਾ ਕਿਸ ਤਰ੍ਹਾਂ ਓਸ ਸੁਣਾਈ ਹੈ (ਉਹ ਅਸਚਰਜ ਕਥਾ ਕੀ ਸੀ? ਏਸ ਦਾ ਉੱਤਰ ਹੈ ਕਿ ਜਿਸ ਤਰ੍ਹਾਂ ਚੰਡੀ (ਅਖੰਡ) ਦੈਂਤ ਕ੍ਰੋਧ ਨਾਲ (ਖੰਡੇ) ਨਾਸ ਕੀਤੇ ਅਤੇ ਦੇਵਤਿਆਂ ਦੀ ਰੱਖਿਆ ਲਈ (ਸਮੁਹਾਈ) ਸਾਹਮਣੇ ਭਾਵ ਜੰਗ ਦੇ ਮੁਕਾਬਲੇ ਆਹਮੋ-ਸਾਹਮਣੇ ਹੋਏ ਸੀ॥੭॥

**ਤੋਟਕ ਛੰਦ॥ ਮੁਨੀਸਰੋ ਵਾਚ॥**
**ਹਰਿ ਸੋਇ ਰਹੈ ਸਜ ਸੈਨ ਤਹਾ॥ ਜਲ ਜਾਲ ਕਰਾਲ ਬਿਸਾਲ ਜਹਾ॥**
**ਭਯੋ ਨਾਭਿ ਸਰੋਜ ਤੇ ਬਿਸੁਕਰਤਾ॥ ਸ੍ਰੁਤ ਮੈਲ ਤੇ ਦੈਤ ਰਚੇ ਜੁਗ ਤਾ॥੮॥**

***ਭਾਵਾਰਥ:–*** ਸਮਾਦ ਮੁਨੀ ਰਾਜਾ ਸੁਰਥ ਨੂੰ ਕਥਾ ਪ੍ਰਸੰਗ ਉਚਾਰਨ ਕਰ ਕੇ ਸੁਣਾਉਂਦਾ ਹੈ ਕਿ (ਹਰਿ) ਭਗਵਾਨ ਵਿਸ਼ਨੂੰ ਜੀ ਓਥੇ (ਸੈਨ) ਸਿਹਜਾ (ਸਜ) ਠਟ ਕੇ (ਭਾਵ ਸ਼ੇਸ਼ਨਾਗ ਦੀ ਸਿਹਜਾ ਉੱਤੇ) ਸੌਂ ਰਹੇ ਸਨ। ਜਿੱਥੇ (ਬਿਸਾਲ) ਵੱਡਾ ਭਿਆਨਕ (ਜਾਲ) ਸਮੂਹ ਭਾਵ ਗੰਭੀਰ ਜਲ ਸੀ। (ਭਗਵਾਨ ਵਿਸ਼ਨੂੰ ਜੀ ਦੇ) ਨਾਭੀ ਵਿੱਚੋਂ ਉਪਜੇ ਹੋਏ (ਸਰੋਜ) ਕਮਲ ਤੋਂ (ਬਿਸੁਕਰਤਾ) ਬ੍ਰਹਮਾ ਭਾਵ ਵਿਸ਼ਵ ਨੂੰ ਰਚਣ ਵਾਲਾ ਹੋਇਆ। (ਤਾ) ਓਸ ਨੇ (ਸ੍ਰੁਤ) ਕੰਨ ਦੀ ਮੈਲ ਤੋਂ (ਜੁਗ) ਦੋ ਦੈਂਤ ਰਚੇ॥੮॥

**ਮਧੁ ਕੈਟਭ ਨਾਮ ਧਰੇ ਤਿਨ ਕੇ॥ ਅਤਿ ਦੀਰਘ ਦੇਹ ਭਏ ਜਿਨ ਕੇ॥**
**ਤਿਨ ਦੇਖ ਲੁਕੇਸ ਡਰਯੋ ਹੀਅ ਮੈ॥ ਜਗ ਮਾਤ ਕੋ ਧ੍ਯਾਨ ਧਰਯੋ ਜੀਅ ਮੈ॥੯॥**

***ਭਾਵਾਰਥ:–*** ਉਹਨਾਂ ਦੇ ਨਾਂ ਬ੍ਰਹਮਾ ਨੇ ਮਧੁ ਅਤੇ ਕੈਟਭ ਰੱਖੇ। ਜਿਨ੍ਹਾਂ ਦੇ ਸਰੀਰ ਬਹੁਤ (ਦੀਰਘ) ਲੰਮੇ (ਉੱਚੇ) ਹੋਏ ਹਨ। ਉਨ੍ਹਾਂ ਨੂੰ ਹੀ ਵੇਖ ਕੇ (ਲੁਕੇਸ਼) ਲੋਕ ਦਾ ਸ੍ਵਾਮੀ ਭਾਵ ਵਿਸ਼ਵ ਦਾ ਕਰਤਾ

---

ਸਿੰਘ ਜੀ ਨੇ 'ਸਮਾਧਿ' ਅਸ਼ੁੱਧ ਪਾਠ ਨੂੰ ਹੀ 'ਸਮਾਦ' ਦੇ ਅਰਥ ਵਿੱਚ ਲਿਖਿਆ ਹੋਇਆ ਹੈ ਅਤੇ ਉਹ 'ਸਮਾਧਿ' ਨੂੰ ਸੁਰਥ ਰਾਜੇ ਦਾ ਮਿੱਤਰ 'ਵੈਸ਼ਵ ਜਾਤੀ ਦਾ ਦੁਰਗਾ ਭਗਾ' ਲਿਖਦੇ ਹਨ, ਜਿਸ ਤੋਂ ਹੋਰ ਵੀ ਭਰਮ ਪੈਦਾ ਹੋ ਜਾਂਦਾ ਹੈ। ਸਮਾਦ ਰਿਸ਼ੀ ਹੈ-ਓਸ ਦੇ ਪਾਸ ਰਾਜਾ ਸੁਰਥ ਪਰਿਵਾਰ ਤੋਂ ਡਰਦਾ ਹੋਇਆ, ਸਾਧੂ ਬਣ ਕੇ ਗਿਆ, ਰਾਜੇ ਸੁਰਥ (ਚੰਦ੍ਰ ਵੰਸ਼ੀ) ਵਿੱਚ ਸ਼ਕਤੀ ਪੈਦਾ ਕਰਨ ਵਾਸਤੇ ਰਿਸ਼ੀ ਸਮਾਦ ਨੇ ਇਹ ਕਥਾ ਸੁਣਾਈ ਹੈ, ਇਹ ਮਾਰਕੰਡੇ ਪੁਰਾਣ ਦਾ ਪ੍ਰਸੰਗ ਹੈ।

ਬ੍ਰਹਮਾ ਦਿਲ ਵਿੱਚ ਡਰ ਗਿਆ। (ਤਾਂ ਬ੍ਰਹਮਾ ਨੇ) ਹਿਰਦੇ ਵਿੱਚ ਜਗਤ ਮਾਤਾ (ਚੰਡਿਕਾ) ਦਾ ਧਿਆਨ ਧਰਿਆ[੧]॥੯॥

**ਦੋਹਰਾ॥**

**ਛੁਟੀ ਚੰਡਿ ਜਾਗੇ ਬ੍ਰਹਮ ਕਰਯੋ ਜੁੱਧ ਕੋ ਸਾਜੁ॥**
**ਦੈਤਜ ਸਭੈ ਘਟਿ ਜਾਹਿ ਜਯੋਂ ਬਢੈ ਦੇਵਤਨ ਰਾਜੁ॥੧੦॥**

***ਭਾਵਾਰਥ:-*** (ਬ੍ਰਹਮ) ਭਗਵਾਨ ਦੀ (ਚੰਡਿ) ਸਮਾਧੀ ਦੂਰ ਹੋ ਗਈ ਅਤੇ ਜਾਗ ਪਏ, (ਉੱਠ ਕੇ) ਜੰਗ ਦਾ ਸਾਮਾਨ ਕੀਤਾ। ਜਿਸ ਤਰ੍ਹਾਂ ਸਾਰੇ ਦੈਂਤ ਘੱਟ ਹੋ ਜਾਣ ਅਤੇ ਦੇਵਤਿਆਂ ਦਾ ਰਾਜ ਵਧ ਜਾਵੇ॥੧੦॥

**ਸਵੈਯਾ॥**

**ਜੁੱਧ ਕਰਯੋ ਤਿਨ ਸੋਂ ਭਗਵੰਤ ਨ ਮਾਰ ਸਕੈ ਅਤਿ ਦੈਤ ਬਲੀ ਹੈ॥**
**ਸਾਲ ਭਏ ਤਿਨ ਪੰਚ ਹਜਾਰ ਦੁਹੂੰ ਲਰਤੇ ਨਹਿ ਬਾਂਹ ਟਲੀ ਹੈ॥**
**ਦੈਤਨ ਰੀਝ ਕਹਯੋ ਬਰ ਮਾਂਗ ਕਹਯੋ ਹਰਿ ਸੀਸਨ ਦੇਹੁ ਭਲੀ ਹੈ॥**
**ਧਾਰਿ ਉਰੂ ਪਰਿ ਚਕ੍ਰ ਸੋਂ ਕਾਟ ਕੈ ਜੋਤਿ ਲੈ ਆਪਨੈ ਅੰਗ ਮਲੀ ਹੈ॥੧੧॥**

***ਭਾਵਾਰਥ:-*** ਉਹਨਾਂ (ਮਧੁ ਅਤੇ ਕੈਟਭ) ਨਾਲ (ਭਗਵੰਤ) ਭਗਵਾਨ ਨੇ ਜੰਗ ਕੀਤਾ, ਪਰ ਅਤਿ ਬਲੀ ਦੈਂਤਾਂ ਨੂੰ ਮਾਰ ਨਾ ਸਕੇ। ਉਨ੍ਹਾਂ ਦੋਹਾਂ ਨੂੰ ਪੰਜ ਹਜ਼ਾਰ ਸਾਲ ਲੜਦਿਆਂ ਹੋ ਗਏ, (ਪਰ ਉਨ੍ਹਾਂ ਦੋਹਾਂ ਦੀ) ਬਾਂਹ ਨਾ ਟਲ ਸਕੀ (ਭਾਵ ਥੱਕ ਕੇ ਬਾਂਹ ਵੀ ਨਾ ਲਿਫੀ)। ਦੈਂਤਾਂ ਨੇ (ਰੀਝ) ਖੁਸ਼ ਹੋ ਕੇ (ਕਿ ਸਾਨੂੰ ਏਡਾ ਜੰਗ ਕਰਨ ਵਾਲਾ ਅੱਜ ਤੱਕ ਨਹੀਂ ਮਿਲ ਸਕਿਆ) ਕਹਿਆ ਕਿ (ਹੇ ਬਾਲਕੇ!) ਵਰ ਮੰਗ? (ਤਾਂ) (ਹਰਿ) ਭਗਵਾਨ ਨੇ ਕਿਹਾ ਕਿ ਭਲੀ ਗੱਲ ਹੈ ਕਿ ਸਿਰਾਂ ਨੂੰ ਦੇ ਦਿਓ। ਤਾਂ ਮਧੁ ਕੈਟਭ ਨੇ ਕਿਹਾ ਕਿ ਅਸੀਂ ਪਾਣੀ ਉੱਤੇ ਨਹੀਂ ਮਰ ਸਕਦੇ ਤਾਂ ਭਗਵਾਨ ਨੇ ਜਲ ਉੱਤੇ ਚੌਂਕੜੀ ਮਾਰ ਕੇ ਬਹਿ ਕੇ ਮਧੁ ਤੇ ਕੈਟਭ ਦੇ ਸਿਰ (ਉਰੂ) ਪੱਟ ਤੇ ਰੱਖ ਕੇ ਅਤੇ ਸੁਦਰਸ਼ਨ ਚੱਕਰ ਨਾਲ ਵੱਢ ਕੇ ਉਨ੍ਹਾਂ ਦੀ (ਜੋਤਿ) ਤਾਕਤ (ਚੇਤਨਤਾ) ਲੈ ਕੇ ਆਪਣੇ (ਅੰਗ) ਸਰੀਰ ਨਾਲ ਮਲ ਲਈ ਭਾਵ ਆਪਣੇ ਵਿੱਚ ਲੀਨ ਕਰ ਲਏ॥੧੧॥

**ਸੋਰਠਾ॥**

**ਦੇਵਨ ਥਾਪਯੋ ਰਾਜ ਮਧੁ ਕੈਟਭ ਕੌ ਮਾਰਿ ਕੈ॥**

---

[੧] ਦੁਰਗਾ ਸਪਤਸ਼ਤੀ ਵਿੱਚ ਵੀ ਜਗਤਮਾਤਾ ਚੰਡੀਕਾ ਦਾ ਧਿਆਨ ਧਰਨਾ ਲਿਖਿਆ ਹੋਇਆ ਤਾਂ ਹੈ, ਪਰਤੂੰ ਜਿਸ ਸ਼ਕਤਿ ਨੇ ਮਧੁ ਅਤੇ ਕੈਟਭ ਨੂੰ ਮਾਰਿਆ ਸੀ, ਓਸ ਦਾ ਨਾਮ 'ਹਯਗ੍ਰੀਵ' (ਅਵਤਾਰ) ਸੀ, ਏਸ ਤੋਂ ਹਜ਼ਾਰਾਂ ਸਾਲ ਬਾਦ ਮਹਿਖਸੁਰ ਪੈਦਾ ਹੋਇਆ ਹੈ ਇਹ ਦੈਂਤ ਕੁਲ ਦਾ ਵਰਣਨ ਹੈ, ਏਸ ਥਾਂ 'ਚੰਡਿਕਾ' ਦਾ ਅਰਥ ਹੈ 'ਭਗਵਾਨ ਦੀ ਸਮਾਧਿ' ਯਥਾ:- 'ਛੁਟੀ ਚੰਡਿ ਜਾਗ ਬ੍ਰਹਮਾ' ਭਾਵ ਸ਼ੰਕਾ ਛੱਡ ਕੇ (ਬ੍ਰਹਮ) ਸਮੂਹ ਹੀ ਯੁੱਧ ਲਈ ਜਾਗ ਪਏ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਏਹੋ ਭਾਵ ਸਵੀਕਾਰ ਸੀ, ਜੀਹਨੂੰ ਓਨ੍ਹਾਂ ਆਪਣੇ ਜੀਵਨ 'ਤੇ ਵਰਤਿਆ ਹੈ।

**ਦੀਨੋ ਸਕਲ ਸਮਾਜ ਬੈਕੁੰਠ ਗਾਮੀ ਹਰਿ ਭਏ॥੧੨॥**

***ਭਾਵਾਰਥ:-*** ਭਗਵਾਨ ਨੇ ਮਧੁ ਤੇ ਕੈਟਭ ਨੂੰ ਮਾਰ ਕੇ ਦੇਵਤਿਆਂ ਦਾ ਰਾਜ ਥਾਪਨ ਕੀਤਾ। ਸਾਰਾ (ਸਮਾਜ) ਰਾਜ ਦੇ ਕੇ (ਹਰਿ) ਭਗਵਾਨ (ਬੈਕੁੰਠ ਗਾਮੀ) ਅੰਤਰ ਧਿਆਨ, ਅਲੋਪ, ਪਰਲੋਕ ਗਾਮੀ ਹੋ ਗਏ॥੧੨॥

**ਇਤਿ ਸ੍ਰੀ ਮਾਰਕੰਡੇ ਪੁਰਾਨੇ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ ਮਧੁ ਕੈਟਭ ਬੱਧਹ ਪ੍ਰਿਥਮ ਧਜਾਇ[੧]॥੧॥**

***ਭਾਵਾਰਥ:-*** ਏਥੇ ਸੋਹਣੇ ਮਾਰਕੰਡੇ ਪੁਰਾਣ ਦਾ ਸ੍ਰੀ ਚੰਡੀ ਜੀ ਦੇ ਜੀਵਨ-ਚਰਿਤ੍ਰ ਵਿੱਚੋਂ (ਉਕਤਿ) ਯੁਕਤਿ ਅਨੁਸਾਰ ਕਥਨ ਕੀਤੀ ਹੋਈ ਬਾਣੀ ਦੇ ਵਿਲਾਸ ਵਿੱਚੋਂ ਮਧੁ ਕੈਟਭ ਦੇ (ਬਧਹ) ਮਰਨ ਦਾ ਪਹਿਲਾ ਅਧਿਆਇ ਸਮਾਪਤ ਹੋਇਆ ਹੈ॥੧॥

**ਪੁਨਹਾ॥**

**ਬਹੁਰਿ ਭਯੋ ਮਹਿਖਾਸੁਰ ਤਿਨ ਤੋ ਕਿਆ ਕੀਆ॥**
**ਭੁਜਾ ਜੋਰ ਕਰਿ ਜੁੱਧੁ ਜੀਤਿ ਸਭ ਜਗ ਲੀਆ॥**
**ਸੁਰ ਸਮੂਹ ਸੰਘਾਰੇ ਰਣਹਿ ਪਚਾਰ ਕੈ॥**
**ਟੂਕ ਟੂਕ ਕਰ ਡਾਰੇ ਆਯੁਧ ਧਾਰ ਕੈ॥੧੩॥**

***ਭਾਵਾਰਥ:-*** (ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਮਾਂ ਪਾ ਕੇ) ਫੇਰ ਮਹਿਖਾਸੁਰ ਹੋਇਆ (ਸੁਣੋ ਕਿ) ਓਸ ਕੀ ਕੀਤਾ ਸੀ। ਬਾਹਾਂ ਦੇ ਜ਼ੋਰ ਨਾਲ ਜੰਗ ਕਰ ਕੇ ਸਾਰਾ ਸੰਸਾਰ ਹੀ ਜਿੱਤ ਲਿਆ ਸੀ। ਜੰਗ ਵਿੱਚ (ਪਚਾਰ) ਵੰਗਾਰ ਕੇ ਸਾਰੇ (ਸੁਰ) ਦੇਵਤੇ (ਸੰਘਾਰੇ) ਮਾਰ ਦਿੱਤੇ। (ਆਯੁਧ) ਸ਼ਸਤਰਾਂ ਨੂੰ ਧਾਰ ਕੇ ਟੁੱਕੜੇ ਟੁੱਕੜੇ ਕਰ ਸੁੱਟੇ॥੧੩॥

**ਸਵੈਯਾ॥**

**ਜੁੱਧ ਕਰਯੋ ਮਹਿਖਾਸੁਰ ਦਾਨਵ ਮਾਰਿ ਸਭੈ ਸੁਰ ਸੈਨ ਗਿਰਾਯੋ॥**
**ਕੈ ਕੈ ਦੁਟੂਕ ਦਏ ਅਰਿ ਖੇਤ ਮਹਾ ਬਰਬੰਡ ਮਹਾ ਰਨ ਪਾਯੋ॥**

---

[੧] ਲਿਖਤ ਬੀੜਾਂ ਵਿੱਚੋਂ ਪਾਠਾਂਤਰਾਂ ਨੂੰ ਮਿਲਾ ਕੇ ਵੇਖਿਆ ਜਾਵੇ ਤਾਂ ਬਹੁਤ ਪਾਠਾਂਤਰ ਮਿਲਦੇ ਹਨ- (ੳ) ਇੱਕ ਬੀੜ ਵਿੱਚ 'ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਚੰਡੀ ਚਰਿਤ੍ਰ ਉਕਤਿ ਬਿਲਾਸੇ ਮਧੁ ਕੈਟਭ ਬਧ ਪ੍ਰਥਮ ਧਿਆਇ ਸਮਾਪਤ ਮਸਤ ਸੁਭ ਮਸਤ' ਪਾਠ ਹੈ (ਅ) ਦੂਜੀ ਬੀੜ ਵਿੱਚ 'ਇਤਿ ਸ੍ਰੀ ਬਚਿਤ੍ਰ ਨਾਟਕੇ ਮਾਰਕੰਡੇ ਪੁਰਾਣੇ ਚੰਡੀ ਚਰਿਤ੍ਰ ਉਕਤਿ ਬਿਲਾਸ ਮਧੁ ਕੈਟਭ ਬਧਹਿ ਪ੍ਰਥਮ' ਪਾਠ ਹੈ (ੲ) ਤੀਜੀ ਬੀੜ ਵਿੱਚ 'ਇਤਿ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸੇ ਮਧੁ ਕੈਟਭ ਬਧਹ ਪ੍ਰਥਮ ਧਿਆਇ' ਪਾਠ ਹੈ (ਸ) ਚੌਥੀ ਬੀੜ ਵਿੱਚ 'ਇਤਿ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸੇ ਪ੍ਰਥਮ ਧਿਆਇ' ਪਾਠ ਹੈ (ਹ) ਪੰਜਵੀਂ ਬੀੜ ਦਾ ਪਾਠ ਮੂਲ ਵਿੱਚ ਹੈ। ਜੇ ਸਾਰਿਆਂ ਪਾਠਾਂਤਰਾਂ ਨੂੰ ਮਿਲਾ ਕੇ ਸੋਚੀਏ ਤਾਂ ਸਿਧਾਂਤ ਵਿੱਚ ਤਾਂ ਕੋਈ ਫ਼ਰਕ ਨਹੀਂ ਪੈਂਦਾ, ਪਰ ਪਾਠਾਂਤਰਾਂ ਦੀ ਭਰਮਾਰ ਭਰਮ ਪੈਦਾ ਕਰ ਸਕਦੀ ਹੈ, ਜਿਸ ਤੋਂ ਪਾਠਾਂਤਰਾਂ 'ਚੋਂ ਇੱਕ ਪਾਠ ਚੁਣ ਲੈਣ ਵਾਲੇ ਪਾਸੇ ਵੀ ਉੱਦਮ ਕਰਨਾ ਚਾਹੀਦਾ ਹੈ। ਮਧੁ ਕੈਟਭ ਨੂੰ ਮਹਾਂਭਾਰਤ ਅਤੇ ਕਾਲਿਕਾ ਪੁਰਾਣ ਵਿੱਚ ਸੁੱਤੇ ਪਏ ਵਿਸ਼ਨੂੰ ਜੀ ਦੇ ਕੰਨ ਦੀ ਮੈਲ ਤੋਂ ਪੈਦਾ ਹੋਇਆ ਲਿਖਿਆ ਹੋਇਆ ਵੀ ਹੈ।

**ਸ੍ਰੋਣਤ ਰੰਗ ਸਨਯੋ ਨਿਸਰਯੋ ਜਸੁ ਇਆ ਛਬਿ ਕੋ ਮਨ ਮੈ ਇਹਿ ਆਯੋ॥**
**ਮਾਰਿ ਕੈ ਛਤ੍ਰਿਨਿ ਕੁੰਡ ਕੈ ਛੇਤ੍ਰ ਮੈ ਮਾਨਹੁ ਪੈਠਿ ਕੈ ਰਾਮ ਜੂ ਨ੍ਹਾਯੋ॥੧੪॥**

***ਭਾਵਾਰਥ:–*** ਮਹਿਖਾਸੁਰ (ਦਾਨਵ) ਦੈਂਤ ਨੇ ਐਸਾ ਜੰਗ ਕੀਤਾ ਕਿ ਸਾਰੀ ਦੇਵਤਿਆਂ ਦੀ ਫ਼ੌਜ ਨੂੰ ਹੀ ਮਾਰ (ਗਿਰਾਇਓ) ਸੁੱਟਿਆ। ਮਹਾਂ (ਬਰਬੰਡ) ਬਲਵਾਨ ਨੇ ਐਹੋ ਜਿਹਾ (ਮਹਾ ਰਨ) ਮਹਾਂ ਜੁੱਧ (ਪਾਇਓ) ਕੀਤਾ ਕਿ (ਖੇਤ) ਜੰਗ ਦੇ ਮੈਦਾਨ ਵਿੱਚ ਹੀ (ਅਰਿ) ਵੈਰੀ (ਸ੍ਰੋਣਤ ਰੰਗ) ਲਹੂ ਦੇ ਰੰਗ ਨਾਲ (ਜਸੁ) ਜਿਸ ਤਰ੍ਹਾਂ (ਸਨਿਓ) ਭਿੱਜਾ ਹੋਇਆ (ਨਿਸਰਿਓ) ਪ੍ਰਗਟਿਆ ਸੀ, ਏਸ (ਛਬਿ) ਸੋਭਾ ਦਾ ਯਸ਼ (ਕਵੀ–ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਮੇਰੇ) ਮਨ ਵਿੱਚ ਇਹ ਆਇਆ ਹੈ। ਮਾਨੋ ਕਿ ਛੱਤਰੀਆਂ ਨੂੰ ਮਾਰ ਕੇ ਅਤੇ ਉਨ੍ਹਾਂ ਦੇ ਲਹੂ ਦੇ (ਕੁੰਡ) ਸਰੋਵਰ ਬਣਾ ਕੇ (ਛੇਤ੍ਰ) ਮੈਦਾਨੇ–ਜੰਗ ਅਥਵਾ ਕੁਰਕੁਸ਼ੇਤਰ ਵਿੱਚ (ਰਾਮ) ਪਰਸ ਰਾਮ ਜੀ (ਪੈਠਿ) ਵੜ ਕੇ ਨ੍ਹਾਤਾ ਹੈ (ਤਾਂ ਹੀ ਲਹੂ ਦੇ ਰੰਗ ਵਿੱਚ ਭਿੱਜ ਕੇ ਨਿਕਲਿਆ ਹੈ)॥੧੪ ॥

**ਸਵੈਯਾ॥**

**ਲੈ ਮਹਿਖਾਸੁਰ ਅਸਤ੍ਰ ਸੁ ਸ਼ਸਤ੍ਰ ਸਬੈ ਕਲਵਤ੍ਰ ਜਯੋਂ ਚੀਰ ਕੈ ਡਾਰੇ॥**
**ਲੁੱਥ ਪੈ ਲੁੱਥ ਰਹੀ ਗੁੱਥ ਜੁੱਥ ਗਿਰੇ ਗਿਰਿ ਸੇ ਰਥ ਸੇਂਧਵ ਭਾਰੇ॥**
**ਗੂਦ ਸਨੇ ਸਿਤ ਲੋਹੂ ਮੈ ਲਾਲ ਕਰਾਲ ਪਰੇ ਰਨ ਮੈ ਗਜ ਕਾਰੇ॥**
**ਜਯੋਂ ਦਰਜੀ ਜਮ ਮ੍ਰਿਤ ਕੇ ਸੀਤ ਮੈ ਬਾਗੇ ਅਨੇਕ ਕਤਾ ਕਰਿ ਡਾਰੇ॥੧੫॥**

***ਭਾਵਾਰਥ:–*** ਮਹਿਖਾਸੁਰ (ਅਸਤ੍ਰ) ਮੁਕਤ ਸ਼ਸਤਰ ਅਤੇ (ਸੁ) ਉੱਤਮ ਸ਼ਸਤਰ ਲੈ ਕੇ ਸਾਰੇ (ਕਲਵਤ੍ਰ) ਵੈਰੀ ਆਰੇ ਵਾਂਗ ਚੀਰ ਕੇ ਸੁੱਟ ਦਿੱਤੇ। (ਜੁੱਥ) ਸਭ ਲੋਥਾਂ ਤੇ ਲੋਥਾਂ (ਗੁੱਥ) ਰਲ ਮਿਲ ਰਹੀਆਂ ਹਨ, ਰਥ ਅਤੇ (ਭਾਰੇ) ਵੱਡੇ (ਸੇਧਵ) ਘੋੜੇ (ਗਿਰਿ) ਪਹਾੜਾਂ ਵਾਂਗ ਡਿੱਗੇ ਪਏ ਹਨ। ਲਾਲ ਲਹੂ ਵਿੱਚ (ਸਿਤ) ਚਿੱਟੀ (ਗੂਦ) ਮਿੱਝ ਨਾਲ (ਸਨੇ) ਮਿਲੇ ਜੁਲੇ ਹੋਏ (ਕਰਾਲ) ਭਿਆਨਕ ਕਾਲੇ ਹਾਥੀ ਜੰਗ ਦੇ ਮੈਦਾਨ ਵਿੱਚ ਪਏ ਹੋਏ ਹਨ। ਜਿਵੇਂ ਦਰਜ਼ੀ (ਮ੍ਰਿਤਕੇ) ਮ੍ਰਿਤਕ ਜਾਂ ਮੁਰਦੇ ਦੇ ਜਾਮੇ ਨੂੰ (ਸੀਤ) ਸੀਉਣ ਵਿੱਚ (ਬਾਗੇ) ਕੱਪੜੇ ਨੂੰ ਅਨੇਕ (ਕਤਾ) ਕਾਤਰਾਂ (ਲੀਰਾਂ) ਕਰ ਸੁੱਟਦਾ ਹੈ॥੧੫॥

**ਸਵੈਯਾ॥**

**ਲੈ ਸੁਰ ਸੰਗ ਸਬੈ ਸੁਰਪਾਲ ਸੁ ਕੋਪ ਕੈ ਸਤ੍ਰ ਕੀ ਸੈਨ ਪੈ ਧਾਏ॥**
**ਦੈ ਮੁਖਿ ਢਾਰ ਲਿਯੇ ਕਰਵਾਰ ਹਕਾਰ ਪਚਾਰ ਪ੍ਰਹਾਰ ਲਗਾਏ॥**
**ਸ੍ਰਉਨ ਮੈ ਦੈਤ ਸੁਰੰਗ ਭਏ ਕਬਿ ਨੇ ਮਨ ਭਾਉ ਇਹੈ ਛਬਿ ਪਾਏ॥**
**ਰਾਮ ਮਨੋ ਰਨ ਜੀਤਿ ਕੈ ਭਾਲੁਕ ਦੈ ਸਿਰਪਾਉ ਸਬੈ ਪਹਰਾਏ॥੧੬॥**

***ਭਾਵਾਰਥ:–*** (ਸੁਰਪਾਲ) ਇੰਦਰ ਵੀ ਸਾਰੇ ਦੇਵਤਿਆਂ ਨੂੰ ਨਾਲ ਲੈ ਕੇ ਚੰਗਾ ਕ੍ਰੋਧ ਕਰਕੇ (ਸਤ੍ਰ) ਵੈਰੀ ਦੀ ਫ਼ੋਜ 'ਤੇ (ਧਾਏ) ਚੜ੍ਹੇ। ਮੂੰਹ ਅੱਗੇ ਢਾਲ (ਦੈ) ਕਰ ਕੇ, ਤਲਵਾਰਾਂ ਲੈ ਕੇ (ਹਕਾਰ ਪ੍ਰਚਾਰ) ਵੰਗਾਰ ਵੰਗਾਰ ਕੇ (ਪ੍ਰਹਾਰ) ਵਾਰ (ਲਗਾਏ) ਕੀਤੇ। (ਸ੍ਰਉਨ) ਲਹੂ ਵਿੱਚ ਦੈਂਤ (ਸੁਰੰਗ) ਲਾਲ ਹੋ

ਗਏ (ਮੈਂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਕਵੀ ਨੇ ਮਨ ਵਿੱਚ ਏਸੇ ਛਬਿ ਦੀ (ਭਾਉ) ਭਾਉਂਦੀ ਉਪਮਾ ਪਾਈ ਹੈ। ਕਿ ਮਾਨੋ ਕਿ ਸ੍ਰੀ ਰਾਮ ਚੰਦ੍ਰ ਜੀ ਨੇ ਰਾਵਣ ਨੂੰ ਯੁੱਧ ਵਿੱਚ ਜਿੱਤ ਕੇ ਸਾਰੇ (ਭਾਲੁਕ) ਰਿੱਛ-ਬਾਂਦਰ ਭਾਵ- ਕੁਰੂਪ ਦੈਂਤ ਸਿਰੋਪਾ ਦੇ ਕੇ ਪਹਿਨਾਏ ਹੋਏ ਹਨ॥੧੬॥

**ਸਵੈਯਾ॥**

**ਘਾਇਲ ਘੂਮਤ ਹੈ ਰਨ ਮੈ ਇਕ ਲੋਟਤ ਹੈ ਧਰਨੀ ਬਿਲਲਾਤੇ॥**
**ਦੌਰਤ ਬੀਚ ਕਬੰਧ ਫਿਰੈ ਜਿਹ ਦੇਖਤ ਕਾਇਰ ਹੈਂ ਡਰਪਾਤੇ॥**
**ਯੌਂ ਮਹਿਖਾਸੁਰ ਜੁੱਧੁ ਕਿਯੋ ਤਬ ਜੰਬੁਕ ਗਿਰਝ ਭਏ ਰੰਗ ਰਾਤੇ॥**
**ਸ੍ਰੋਨ ਪ੍ਰਵਾਹ ਮੈ ਪਾਇ ਪਸਾਰ ਕੇ ਸੋਏ ਹੈ ਸੂਰ ਮਨੋ ਮਦ ਮਾਤੇ॥੧੭॥**

***ਭਾਵਾਰਥ:-*** (ਇਕ) ਕਈ ਬੰਦੇ ਜੰਗ ਵਿੱਚ (ਘਾਇਲ) ਜ਼ਖ਼ਮੀ ਹੋਏ ਫਿਰਦੇ ਹਨ, ਕਈ ਬੰਦੇ (ਬਿਲਲਾਤੇ) ਹਾਲ ਪਾਹਰਿਆ ਕਰਦੇ ਹੋਏ ਜ਼ਮੀਨ ਤੇ (ਲੋਟਤ) ਲੋਟਣੀਆਂ ਖਾਂਦੇ ਹਨ ਤੇ ਵਿੱਚ ਹੀ (ਕਬੰਧ) ਧੜ ਭਾਵ ਸਿਰਾਂ ਤੋਂ ਬਿਨਾਂ ਸਰੀਰ ਦੌੜਦੇ ਫਿਰਦੇ ਹਨ, ਜਿਨ੍ਹਾਂ ਨੂੰ ਵੇਖ ਕੇ ਕਾਇਰ ਡਰਦੇ ਹਨ। ਜਦੋਂ ਮਹਿਖਾਸੁਰ ਨੇ ਇਉਂ ਜੰਗ ਕੀਤਾ, ਉਦੋਂ (ਜੁੰਬਕ) ਗਿੱਦੜ ਅਤੇ ਗਿਰਝਾਂ ਮਾਸ ਖਾਣ ਦੇ ਰੰਗ ਵਿੱਚ ਅਨੰਦ ਵਿੱਚ ਮਸਤ ਹੋ ਗਏ। ਸੂਰਮੇ ਲਹੂ ਦੇ (ਪ੍ਰਵਾਹ) ਵਹਿਣ ਨਾਲੇ ਵਿੱਚ ਪੈਰ (ਪਸਾਰ) ਫੈਲਾ ਕੇ ਡਿੱਗੇ ਪਏ ਹਨ ਮਾਨੋ ਕਿ (ਮਦ ਮਾਤੇ) ਮਸਤ ਸ਼ਰਾਬੀ (ਪੈਰ ਫੈਲਾ ਕੇ) ਸੁੱਤੇ ਪਏ ਹੋਣ॥੧੭॥

**ਸਵੈਯਾ॥**

**ਜੁੱਧ ਕਿਯੋ ਮਹਿਖਾਸੁਰ ਦਾਨਵ ਦੇਖਤ ਭਾਨੁ ਚਲੈ ਨਹੀ ਪੰਥਾ॥**
**ਸ੍ਰੋਨ ਸਮੂਹ ਚਲਿਓ ਲਖਿ ਕੈ ਚਤੁਰਾਨਨ ਭੂਲਿ ਗਏ ਸਭ ਗ੍ਰੰਥਾ॥**
**ਮਾਸ ਨਿਹਾਰ ਕੈ ਗ੍ਰਿੱਝ ਰੜੈਂ ਚਟਸਾਰ ਪੜੈਂ ਜਿਮੁ ਬਾਰਕ ਸੰਥਾ॥**
**ਸਾਰਸੁਤੀ ਤਟ ਲੈ ਭਟ ਲੋਥ ਸ੍ਰਿੰਗਾਲ ਕਿ ਸਿੱਧ ਬਨਾਵਤ ਕੰਥਾ॥੧੮॥**

***ਭਾਵਾਰਥ:-*** ਮਹਿਖਾਸੁਰ ਦੈਂਤ ਨੇ ਇਹੋ ਜਿਹਾ ਜੰਗ ਕੀਤਾ ਕਿ ਉਹਨੂੰ ਵੇਖਦਿਆਂ ਹੋਇਆ (ਭਾਨੁ) ਸੂਰਜ ਵੀ ਰਾਹੇ ਨਹੀਂ ਤੁਰਦਾ ਭਾਵ ਸੂਰਜ ਵੀ ਰੁਕ ਗਿਆ ਸੀ। (ਸਮੂਹ) ਸਾਰੇ ਲਹੂ (ਚਲਿਓ) ਫੈਲਿਆ ਹੋਇਆ (ਲਖਿ) ਵੇਖ ਕੇ (ਚਤੁਰਾਨਨ) ਬ੍ਰਹਮਾ ਨੂੰ ਸਾਰੇ ਹੀ ਗ੍ਰੰਥ ਭੁੱਲ ਗਏ ਅਰਥਾਤ ਯਾਦ ਨਾ ਰਹੇ ਅਤੇ ਭਾਜੜ ਪੈ ਗਈ। ਮਾਸ ਨੂੰ ਵੇਖ ਕੇ ਗਿਰਝਾਂ ਇਸ ਤਰ੍ਹਾਂ (ਰੜੈਂ) ਬੋਲਦੀਆਂ ਸਨ ਜਿਵੇਂ (ਚਟਸਾਰ) ਵਿਦਿਆਲਿਆ ਵਿੱਚ ਬੱਚੇ ਸੰਥਾ ਪੜ੍ਹਦੇ ਹੁੰਦੇ ਹਨ। (ਸਿੰਗ੍ਰਾਲ) ਗਿੱਦੜ, ਯੋਧਿਆਂ ਦੀਆਂ ਲੋਥਾਂ ਲੈ ਕੇ (ਉਨ੍ਹਾਂ ਦਿਆਂ ਢਿੱਡਾਂ ਵਿੱਚ ਸਿਰ ਤੁੰਨ ਕੇ ਖਾ ਰਹੇ ਹਨ) ਸਰਸਵਤੀ ਨਦੀ ਦੇ (ਤਟ) ਕੰਢੇ ਤੇ (ਸਿੱਧ) ਯੋਗੀ (ਕੰਥਾ) ਗੋਦੜੀਆਂ ਬਣਾਉਂਦੇ ਹਨ॥੧੮॥

**ਦੋਹਰਾ॥**

**ਅਗਨਤ ਮਾਰੇ ਗਨੈ ਕੋ ਭਜੇ ਜੁ ਸੁਰ ਕਰਿ ਤ੍ਰਾਸੁ॥**

**ਧਾਰਿ ਧਯਾਨ ਮਨ ਸਿਵਾ ਕੋ ਤਕੀ ਪੁਰੀ ਕੈਲਾਸੁ॥੧੯॥**

***ਭਾਵਾਰਥ:–*** ਬੇਗਣਤ ਹੀ (ਦੇਵਤੇ) ਮਾਰੇ ਗਏ ਭਾਵ ਕੋਈ ਨਹੀਂ ਗਿਣ ਸਕਦਾ, ਅੰਤ ਵਿੱਚ ਦੇਵਤੇ (ਤ੍ਰਾਸੁ) ਡਰ ਮੰਨ ਕੇ (ਜੁ) ਸਾਰੇ ਹੀ ਭੱਜ ਗਏ। ਮਨ ਵਿੱਚ (ਸਿਵਾ) ਚੰਡਿਕਾ ਦਾ ਧਿਆਨ ਧਰ ਕੇ (ਪੁਰੀ ਕੈਲਾਸ਼) (ਸ਼ਿਵ ਜੀ ਦਾ ਨਿਵਾਸ ਸਥਾਨ) (ਤਕੀ) ਸੋਚੀਆ ਕਿ ਓਥੇ ਹੀ ਸਾਡਾ ਬਚਾਓ ਹੈ॥੧੯॥

**ਦੋਹਰਾ॥**

**ਦੇਵਨ ਕੋ ਧਨ ਧਾਮ ਸਭ ਦੈਤਨ ਲਿਯੋ ਛਿਨਾਇ॥**
**ਦਏ ਕਾਢ ਸੁਰ ਧਾਮ ਤੇ ਬਸੇ ਸਿਵ ਪੁਰੀ ਜਾਇ॥੨੦॥**

***ਭਾਵਾਰਥ:–*** ਦੇਵਤਿਆਂ ਦਾ ਸਾਰਾ ਧਨ ਅਤੇ (ਧਾਮ) ਘਰ ਬਾਰ ਸਭ ਕੁਝ ਦੈਂਤਾਂ ਨੇ ਖੋਹ ਲਿਆ। (ਸੁਰਧਾਮ) ਸਵਰਗ ਤੋਂ ਕੱਢ ਦਿੱਤੇ ਤੇ ਉਹ (ਸ਼ਿਵਪੁਰੀ) ਕੈਲਾਸ਼ ’ਤੇ ਜਾ ਵੱਸੇ[੧]॥੨੦॥

**ਦੋਹਰਾ॥**

**ਕਿਤਕਿ ਦਿਵਸ ਬੀਤੇ ਤਹਾਂ ਨ੍ਹਾਵਨ ਨਿਕਸੀ ਦੇਵਿ॥**
**ਬਿਧਿ ਪੂਰਬ ਸਭਿ ਦੇਵਤਨ ਕਰੀ ਦੇਵਿ ਕੀ ਸੇਵ॥੨੧॥**

***ਭਾਵਾਰਥ:–*** ਓਥੇ ਕੁਝ ਕੁ ਦਿਨ ਗੁਜ਼ਾਰਨ ਤੋਂ, ਨਹਾਉਣ ਨੂੰ ਦੇਵੀ ਨਿਕਲੀ। ਤਾਂ (ਬਿਧਿ ਪੂਰਬ) ਤਰੀਕੇ ਨਾਲ ਸਾਰਿਆਂ ਦੇਵਤਿਆਂ ਨੇ ਦੇਵੀ ਦੀ ਸੇਵਾ ਕੀਤੀ॥੨੧॥

**ਰੇਖਤਾ॥**

**ਕਰੀ ਹੈ ਹਕੀਕਤ ਮਲੂਮ ਖੁਦ ਦੇਵੀ ਸੇਤੀ**

---

[੧] ਸ਼ਿਵਪੁਰੀ ਦਾ ਅਰਥ ਪੁਰਾਣਾਨੁਸਾਰ ਤਾਂ ਕੈਲਾਸ਼ ਪਰਬਤ ਹੀ ਹੈ, ਮੇਰੀ ਧ੍ਰਨਿਤ ਬਿਰਤੀ ਨੇ ਸ਼ਿਵ ਪੁਰੀ ਦਾ ਅਰਥ ‘ਯੋਗੀਆਂ ਦਾ ਭੇਖ’ ਸਮਝਿਆ ਹੈ ਭਾਵ ਇਹ ਸੀ ਕਿ ਯੋਗੀਆਂ ਨੂੰ ਕਿਸੇ ਦਾ ਵਿਰੋਧੀ ਨਹੀਂ ਸਮਝਿਆ ਜਾਂਦਾ ਸੀ, ਵੱਡੇ ਵੱਡੇ ਰਾਜੇ ਆਪਣਾ ਕਾਲ ਗੁਜ਼ਾਰਨ ਲਈ ਯੋਗੀ ਬਣ ਕੇ ਆਪਣਾ ਸਮਾਂ ਬਿਤਾ ਲੈਂਦੇ ਸਨ, ਮਹਾਂਭਾਰਤ, ਰਾਮਾਇਣ ਆਦਿਕ ਗ੍ਰੰਥ ਏਹੋ ਜਿਹੀਆਂ ਕਥਾਵਾਂ ਨਾਲ ਭਰੇ ਪਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉੱਚ ਦੇ ਪੀਰ ਬਣਨ ਵਾਲਾ ਪ੍ਰਸੰਗ ਵੀ ਏਸੇ ਭਾਵ ਨਾਲ ਹੈ।

ਸਾਰਿਆਂ ਦੇਵਤਿਆਂ ਦਾ ਇਕ ਸਥਾਨ ਕੈਲਾਸ਼ ’ਤੇ ਨਿਵਾਸ ਕਰਨਾ ਤਾਂ ਯੁੱਧ ਨੀਤਿ ਦੇ ਅਨੁਕੂਲ ਨਹੀਂ, ਕਿਉਂਕਿ ਇਕ ਸਥਾਨ ਵਿੱਚ ਨਿਵਾਸ ਰੱਖਣ ’ਤੇ ਦੁਸ਼ਮਣ ਟੋਹ ਲਾ ਕੇ ਮਾਰ ਸਕਦਾ ਹੈ, ਜਿਸ ਵਾਸਤੇ ਸ਼ਿਵ ਪੁਰੀ ਦਾ ਭਾਵਾਅਰਥ ਯੋਗ-ਭੇਸ਼ ਹੀ ਸਮਝਿਆ ਜਾਂਦਾ ਹੈ, ਸ਼ਿਵ ਅਤੇ ਦੁਰਗਾ ਕੋਈ ਵਜਕਤਿਮਾਨ ਸਰੀਰ ਨਹੀਂ ਹੋਏ, ਬਲਕਿ ਇਹ ਆਤਮਿਕ ਸ਼ਕਤਿ ਹੈ, ਜਿਸ ਨਾਲ ਮਨੁੱਖ ਆਪਣੇ ਅਧਿਕਾਰ ਨੂੰ ਪ੍ਰਾਪਤ ਕਰਨ ਦਾ ਉੱਦਮ ਕਰਦਾ ਹੈ। ਇਕ ਬੀੜ ਜੋ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਨੇ ਛਾਪੀ ਹੈ, ਓਸ ਉੱਤੇ ਉਹ ਲਿਖਦੇ ਨੇ ਕਿ ਏਸ ਦੀ ਸੁਧਾਈ ਸਮੰਤ ੧੯੫੨ ਬਿਕ੍ਰਮੀ ਨੂੰ ਸ਼੍ਰੀ ਅਕਾਲ ਤਖ਼ਤ ਸ੍ਰੀ ਅੰਮਿਤਸਰ ਵਿਖੇ ‘ਸੋਧਕ-ਕਮੇਟੀ’ ਨੇ ਸੋਧੀ ਸੀ, ਓਸ ਬੀੜ ਨਾਲ ਕੀਤੀ ਗਈ ਹੈ, ਓਸ ਵਿੱਚ ਪੱਦ-ਛੇਦ ਅਤੇ ਪ੍ਰਯਾਯ ਵੀ ਛਾਪੇ ਹਨ, ਜਿਸ ਦੇ ਸਫ਼ੇ ੭੬ ਉਤੇ ਨੰ. ੨ ਤੇ ‘ਸਿਵਾ’ ਦਾ ਪ੍ਰਯਾਯ ‘ਵਾਹਿਗੁਰੂ’ ਲਿਖਿਆ ਹੋਇਆ ਹੈ, ਜਿਸ ਤੋਂ ਮਾਲੂਮ ਪੈਂਦਾ ਹੈ ਕਿ ਇਹ ਆਤਮਿਕ ਸ਼ਕਤੀ ਤੋਂ ਮੁਨਕਰ ਹਨ।

**ਲੀਆ ਮਹਿਖਾਸੁਰ ਹਮਾਰਾ ਛੀਨ ਧਾਮ ਹੈ॥**
**ਕੀਜੈ ਸੋਈ ਬਾਤ ਮਾਤ ਤੁਮ ਕਉ ਸੁਹਾਤ ਸਭ**
**ਸੇਵਕਿ ਕਦੀਮ ਤਕ ਆਏ ਤੇਰੀ ਸਾਮ ਹੈ॥**
**ਦੀਜੈ ਬਾਜ ਦੇਸ ਹਮੈ ਮੇਟੀਐ ਕਲੇਸ ਲੇਸ**
**ਕੀਜੀਏ ਅਭੇਸ ਉਨੈ ਬਡੋ ਯਹ ਕਾਮ ਹੈ॥**
**ਕੂਕਰ ਕੋ ਮਾਰਤ ਨ ਕੋਊ ਨਾਮ ਲੈ ਕੈ ਤਾਹਿ**
**ਮਾਰਤ ਹੈ ਤਾ ਕੋ ਲੈ ਕੈ ਖਾਵੰਦ ਕੋ ਨਾਮ ਹੈ॥੨੨॥**

***ਭਾਵਾਰਥ:–*** ਦੇਵਤਿਆਂ ਨੇ (ਖ਼ੁਦ) ਆਪਣੀ (ਹਕੀਕਤ) ਸੱਚੀ ਹਾਲਤ ਦੇਵੀ (ਸੇਤੀ) ਨਾਲ ਮਾਲੂਮ (ਕਰੀ) ਕਰਵਾਈ ਹੈ ਕਿ ਮਹਿਖਾਸੁਰ ਨੇ ਸਾਡਾ (ਧਾਮ) ਘਰ ਭਾਵ ਸਵਰਗ ਖੋਹ ਲਿਆ ਹੈ। ਹੇ ਮਾਤਾ ! ਉਹੋ ਗੱਲ ਕਰੋ ਭਾਵ ਸਾਨੂੰ ਅਮਰਪੁਰੀ ਦਿਵਾਓ ਤੈਨੂੰ ਹੀ ਸਾਰੀ (ਸੁ ਹਾਤ) ਹਾਲੀ ਹੈ, ਅਸੀਂ (ਕਦੀਮ) ਮੁੱਢ ਤੋਂ ਹੀ (ਤੇਰੇ) ਸੇਵਕ ਹਾਂ ਅਤੇ ਤਾਂ ਹੀ ਤੇਰੀ (ਸਾਮ) ਸ਼ਰਨ ਤੱਕ ਕੇ ਆਏ ਹਾਂ। ਸਾਨੂੰ ਦੇਸ਼ (ਬਾਜ) ਮੋੜ ਦਿਓ, ਕਲੇਸ਼ਾਂ ਦੇ (ਲੇਸ) ਲਪੇਟ (ਚਕ੍ਰ) ਮਿਟਾ ਦਿਓ ਉਨ੍ਹਾਂ ਨੂੰ (ਅਭੇਸ) ਨਾਸ ਕਰ ਦਿਓ, ਏਹੋ ਹੀ ਵੱਡਾ ਕੰਮ ਹੈ। ਕੋਈ ਵੀ ਕੁੱਤੇ ਨੂੰ ਉਹਦਾ ਨਾਂ ਲੈ ਕੇ ਨਹੀਂ ਮਾਰਦਾ, ਉਹਨੂੰ ਤਾਂ (ਖਾਵੰਦ) ਮਾਲਿਕ ਦਾ ਨਾਂ ਲੈ ਕੇ ਹੀ ਮਾਰਦੇ ਹਨ ਭਾਵ ਸਾਡੀ ਮਾਲਿਕ ਤੂੰ ਹੈਂ ਅਤੇ ਤੈਨੂੰ ਹੀ ਗਾਲ ਲੱਗਦੀ ਹੈ॥੨੨॥

**ਦੋਹਰਾ॥**

**ਸੁਨਤਿ ਬਚਨ ਏ ਚੰਡਿਕਾ ਮਨ ਮੈਂ ਉਠੀ ਰਿਸਾਇ॥**
**ਸਭ ਦੈਤਨ ਕੋ ਛੈ ਕਰਉ ਬਸਉ ਸਿਵਪੁਰੀ ਜਾਇ॥੨੩॥**

***ਭਾਵਾਰਥ:–*** (ਚੰਡਿਕਾ) ਦੁਰਗਾ ਇਹ ਬਚਨ ਸੁਣਦਿਆਂ ਹੀ ਮਨ ਵਿੱਚ ਕ੍ਰੋਧਿਤ ਹੋ ਉੱਠੀ ਅਤੇ ਕਿਹਾ ਕਿ ਪਹਿਲਾਂ ਸਾਰਿਆਂ ਦੈਂਤਾਂ ਨੂੰ (ਛੈ) ਨਾਸ ਕਰਾਂਗੀ ਤਾਂ (ਸਿਵਪੁਰੀ) ਕੈਲਾਸ਼ 'ਤੇ ਜਾ ਕੇ ਰਹਾਂਗੀ॥੨੩॥

**ਦੈਤਨ ਕੇ ਬਧ ਕੋ ਜਬੈ ਚੰਡੀ ਕਿਯੋ ਪ੍ਰਕਾਸ॥**
**ਸਿੰਘ ਸੰਖ ਅਉ ਅਸਤ੍ਰ ਸਭ ਸਸਤ੍ਰ ਆਇਗੇ ਪਾਸ॥੨੪॥**

***ਭਾਵਾਰਥ:–*** ਜਦੋਂ ਦੈਂਤਾਂ ਦੇ (ਬਧ) ਨਾਸ ਨੂੰ ਚੰਡੀ ਨੇ ਆਪਣਾ ਆਪ (ਪ੍ਰਕਾਸ) ਪ੍ਰਗਟ ਕੀਤਾ। ਤਾਂ ਸ਼ੇਰ, ਸ਼ੰਖ, ਅਸਤਰ ਅਤੇ ਸ਼ਸਤਰ ਪਾਸ ਆ ਗਏ॥੨੪॥

**ਦੈਤ ਸੰਘਾਰਨ ਕੇ ਨਮਿਤ ਕਾਲ ਜਨਮੁ ਇਹ ਲੀਨ॥**
**ਸਿੰਘ ਚੰਡਿ ਬਾਹਨ ਭਯੋ ਸਤ੍ਰੁਨ ਕਉ ਦੁਖੁ ਦੀਨ॥੨੫॥**

***ਭਾਵਾਰਥ:–*** ਦੈਂਤਾਂ ਦੇ ਮਾਰਨ ਵਾਸਤੇ ਕਾਲ ਨੇ ਹੀ ਇਹ (ਜਨਮੁ) ਅਵਤਾਰ ਲਿਆ ਸੀ। ਚੰਡਿਕਾ ਦੀ (ਬਾਹਨ) ਸਵਾਰੀ ਸ਼ੇਰ ਹੋ ਗਿਆ ਜੀਹਨੇ ਦੁਸ਼ਮਣਾਂ ਨੂੰ ਦੁੱਖ ਦਿੱਤਾ ਸੀ॥੨੫॥

**ਸਵੈਯਾ॥**

**ਦਾਰੁਨ ਦੀਰਘ ਦਿੱਗਜ ਸੇ ਬਲ ਸਿੰਘਹਿ ਕੇ ਬਲ ਸਿੰਘ ਧਰੇ ਹੈ[1]॥**
**ਰੋਮ ਮਨੋ ਸਰ ਕਾਲਹਿ ਕੇ ਜਨੁ ਪਾਹਨ ਪੀਤ ਪੈ ਬ੍ਰਿਛ ਹਰੇ ਹੈ॥**
**ਮੇਰੁ ਕੇ ਮਧਜ ਮਨੋ ਜਮੁਨਾ ਲਰ ਕੇਤਕਿ ਪੁੰਜ ਪੈ ਭ੍ਰਿੰਗ ਢਰੇ ਹੈਂ॥**
**ਮਾਨੋ ਮਹਾ ਪ੍ਰਿਥੁ ਲੈ ਕੈ ਕਮਾਨ ਸੁ ਭੂਧਰ ਭੂਮਿ ਤੇ ਨਜਾਰੇ ਕਰੇ ਹੈਂ॥੨੬॥**

***ਭਾਵਾਰਥ:–*** ਸ਼ੇਰ ਹਾਥੀ ਵਰਗਾ ਵੱਡਾ ਅਤੇ ਡਰਾਉਣਾ ਹੈ, ਸਿਹਿੰਕਾ [2] ਦੇ ਬਲ ਜਿੰਨਾ ਬਲ ਧਾਰਨ ਵਾਲਾ ਹੈ। ਮਾਨੋ ਕਿ (ਰੋਮ) ਵਾਲ ਹੀ (ਕਾਲ) ਜਮ ਦੇ (ਸਰ) ਤੀਰ ਹਨ, (ਅਥਵਾ) (ਜਨ) ਮਾਨੋ ਕਿ (ਪੀਤ) ਪੀਲੇ (ਪਾਹਨ) ਪੱਥਰ (ਪਹਾੜ) ਉੱਤੇ ਹਰੇ ਵ੍ਰਿਛ ਹਨ। ਮਾਨੋ ਕਿ (ਮੇਰੁ) ਪਹਾੜ ਦੇ ਵਿੱਚ ਯਮੁਨਾ ਨਦੀ ਦੀ (ਲਰ) ਧਾਰ ਹੈ, ਅਥਵਾ (ਕੇਤੀਕ) ਕੇਵੜੇ ਵਰਗੇ ਪੀਲੇ ਫੁੱਲਾਂ ਦੇ (ਪੁੰਜ) ਸਮੁਦਾਇ ਉੱਤੇ (ਭ੍ਰਿੰਗ) ਭੌਰੇ (ਢਰੇ) ਬੈਠੇ ਹੋਏ ਹਨ। ਮਾਨੋ ਕਿ (ਮਹਾ) ਮਹਾਨ (ਪ੍ਰਤਾਪੀ ਰਾਜੇ) ਪ੍ਰਿਥੁ ਨੇ ਧਨੁਸ਼ ਲੈ ਕੇ (ਸੁ) ਵੱਡੇ ਵੱਡੇ (ਭੂਧਰ) ਪਹਾੜ ਧਰਤੀ ਤੋਂ ਅੱਡ ਕਰ ਦਿੱਤੇ ਹਨ ॥੨੬॥

**ਦੋਹਰਾ॥**

**ਘੰਟਾ ਗਦਾ ਤ੍ਰਿਸੂਲ ਅਸਿ ਸੰਖ ਸਰਾਸਨ ਬਾਨ॥**
**ਚਕ੍ਰ ਬਕ੍ਰ ਕਰ ਮੈ ਲੀਏ ਜਨੁ ਗ੍ਰੀਖਮ ਰਿਤੁ ਭਾਨੁ॥੨੭॥**

***ਭਾਵਾਰਥ:–*** ਘੰਟਾ, ਗਦਾ, ਤ੍ਰਿਸ਼ੂਲ, (ਅਸਿ) ਤਲਵਾਰ, ਸ਼ੰਖ, (ਸਰਾਸਨ) ਧਨੁਸ਼, (ਬਾਨੁ) ਤੀਰ (ਇਹ ਸਸ਼ਤਰ ਚੰਡਿਕਾ ਦੇ ਅੱਠਾਂ ਹੱਥਾਂ ਵਿੱਚ ਸ਼ਸਤਰ ਹਨ)। ਅਤੇ (ਬਕ੍ਰ) ਟੇਢਾ ਚੱਕਰ ਹੱਥਾਂ ਵਿੱਚ ਲਏ ਹੋਏ ਹਨ, (ਜਨੁ) ਮਾਨੋ ਕਿ (ਗ੍ਰੀਖਮ) ਗਰਮੀ ਦੀ ਰੁੱਤ ਭਾਵ ਜੇਠ ਹਾੜ ਦਾ (ਭਾਨੁ) ਸੂਰਜ ਹੈ॥੨੭॥

**ਚੰਡ ਕੋਪ ਕਰਿ ਚੰਡਿਕਾ ਏ ਆਯੁਧ ਕਰ ਲੀਨ॥**
**ਨਿਕਟਿ ਬਿਕਟਿ ਪੁਰ ਦੈਤ ਕੇ ਘੰਟਾ ਕੀ ਧੁਨਿ ਕੀਨ॥੨੮॥**

---

[1] ਕੁਝ ਪਾਠਕ 'ਰੋਮ ਮਨੋ ਸਰਕਾ ਲਹਿਕੇ' ਉਚਾਰਨ ਕਰਕੇ ਅਰਥ 'ਮਾਨੋ ਕਿ ਰੋਮ ਹੀ (ਸਰਕਾ) ਸਰਕੜਾ (ਕਾਨਿਆਂ ਵਾਂਗ) (ਲਹਿਕੇ) ਪ੍ਰਕਾਸ਼ਦੇ ਹਨ' ਵੀ ਕਰਦੇ ਹਨ ਅਤੇ 'ਬਲ ਸਿੰਘਹਿ ਕੇ ਬਲ ਸਿੰਘ ਧਰੇ ਹੈ' ਦਾ ਅਰਥ 'ਸ਼ੇਰਾਂ ਦੇ ਵੱਲ (ਖ਼ਮ) ਵਾਂਗ ਸ਼ੇਰ ਨੇ (ਬਲ) ਵਾਲ ਧਾਰੇ ਹੋਏ ਨੇ' ਵੀ ਕਰਦੇ ਹਨ।

[2] ਸਿੰਹਿਕਾ ਦੱਛ ਪ੍ਰਜਾਪਤੀ ਦੀ ਪੁੱਤ੍ਰੀ ਹੈ, ਕੁਝ ਨੇ ਇਹਨੂੰ ਵਿਪ੍ਰਚਿਤਿ ਦੀ ਇਸਤਰੀ ਲਿਖਿਆ ਹੋਇਆ ਹੈ ਪਰ ਵਾਸਤਵ ਵਿੱਚ ਇਹ ਕਸ਼ਿਅਪ ਰਿਸ਼ੀ ਦੀ ਇਸਤਰੀ ਅਤੇ ਰਾਹੂ ਦੀ ਮਾਤਾ ਸੀ, ਇਹ ਆਸਮਾਨ ਵਿੱਚ ਉਡਦਿਆਂ ਦੀ ਛਾਇਆ ਨੂੰ ਫੜ ਕੇ ਹੀ ਆਪਣੇ ਵੱਲ ਖਿੱਚ ਲੈਂਦੀ ਅਤੇ ਖਾ ਜਾਂਦੀ ਸੀ, ਜਿਸ ਤੋਂ ਇਹਦਾ ਨਾਂ 'ਛਾਇਆ ਗ੍ਰਾਹਿਣੀ' ਵੀ ਸੱਦਿਆ ਜਾਂਦਾ ਸੀ, ਜਦੋਂ ਹਨੂਮਾਨ ਜੀ ਸਮੁੰਦਰ ਦੇ ਉੱਤੋਂ ਦੀ ਉਡੇ ਜਾਂਦੇ ਸਨ, ਤਾਂ ਏਸ ਛਾਇਆ ਨੇ ਫੜ੍ਹ ਕੇ ਨਿਗਲ ਲਿਆ, ਹਨੂਮਾਨ ਜੀ ਨੇ ਸਰੀਰ ਵਧਾ ਕੇ ਇਸਦਾ ਢਿੱਡ ਪਾੜ ਦਿੱਤਾ, ਸਿੰਹਿਕਾ ਮਰ ਗਈ ਅਤੇ ਹਨੂਮਾਨ ਜੀ ਉੱਡ ਕੇ ਲੰਕਾ ਵਿੱਚ ਜਾ ਪਹੁੰਚੇ।

***ਭਾਵਾਰਥ:-*** (ਚੰਡ) ਮਹਾਨ ਜਾਂ ਬਹੁਤਾ ਗੁੱਸਾ ਕਰ ਕੇ ਚੰਡਿਕਾ ਨੇ ਇਹ (ਆਯੁਧ) ਸ਼ਸਤਰ ਹੱਥ ਵਿੱਚ ਲਏ। ਭਿਆਨਕ ਦੈਂਤ ਦੀ (ਪੁਰ) ਨਗਰੀ ਭਾਵ ਰਾਜਧਾਨੀ ਦੇ (ਨਿਕਟਿ) ਨੇੜੇ ਹੋ ਕੇ ਘੰਟੇ ਦੀ (ਧੁਨਿ) ਆਵਾਜ਼ ਕੀਤੀ॥੨੮॥

**ਦੋਹਰਾ॥**

**ਸੁਨਿ ਘੰਟਾ ਕੇਹਰਿ ਸਬਦਿ ਅਸੁਰਨ ਅਸਿ ਰਨ ਲੀਨ॥**
**ਚੜੇ ਕੋਪ ਕੈ ਜੂਥ ਹੁਇ ਜਤਨ ਜੁੱਧੁ ਕੋ ਕੀਨ॥੨੯॥**

***ਭਾਵਾਰਥ:-*** (ਘੰਟਾ) ਨਗਾਰੇ ਅਤੇ (ਕੇਹਰਿ ਸਬਦਿ) ਸ਼ੇਰ ਦੀ ਆਵਾਜ਼ ਸੁਣ ਕੇ ਦੈਂਤਾਂ ਨੇ ਜੰਗ ਨੂੰ (ਅਸਿ) ਤਲਵਾਰਾਂ (ਲੀਨ) ਫੜ੍ਹੀਆਂ ਅਥਵਾ ਦੈਂਤਾਂ ਨੇ ਬਾਗ਼ੀਪਨ ਧਾਰ ਲਿਆ। (ਜੂਥ) ਇਕੱਠੇ ਹੋ ਕੇ ਕ੍ਰੋਧ ਕਰ ਕੇ ਚੜ੍ਹ ਪਏ ਅਤੇ ਯੁੱਧ ਦਾ (ਜਤਨ) ਉਪਾਉ ਕੀਤਾ॥੨੯॥

**ਪੈਤਾਲੀਸ ਪਦਮ ਅਸੁਰ ਸਜਜੋ ਕਟਕ ਚਤੁਰੰਗ॥**
**ਕਛੁ ਬਾਏਂ ਕਛੁ ਦਾਹਨੈ ਕਛੁ ਭਟ ਨ੍ਰਿਪ ਕੇ ਸੰਗ॥੩੦॥**

***ਭਾਵਾਰਥ:-*** (ਮਹਿਖਾਸੁਰ ਨੇ) ਪੈਂਤਾਲੀ ਪਦਮ (੪੫,੦੦੦,੦੦੦,੦੦੦,੦੦੦,੦੦੦) (ਚਤੁਰੰਗ) ਹਾਥੀ, ਰਥ, ਘੋੜੇ ਅਤੇ ਪੈਦਲ) ਚਹੁੰ ਅੰਗਾਂ ਵਾਲੀ (ਅਸੁਰ) ਦੈਂਤ (ਕਟਕ) ਫ਼ੌਜ ਨੂੰ ਸਾਜਿਆ। ਕੁਝ ਯੋਧੇ ਖੱਬੇ, ਕੁਝ ਸੱਜੇ ਅਤੇ ਕੁਝ (ਨ੍ਰਿਪ) ਰਾਜੇ (ਮਹਿਖਾਸੁਰ) ਨਾਲ ਹੋ ਕੇ ਚੜੇ ॥੩੦॥

**ਭਏ ਇਕੱਠੇ ਦਲ ਪਦਮ ਦਸ ਪੰਦ੍ਰਹ ਅਰੁ ਬੀਸ॥**
**ਪੰਦ੍ਰਹ ਕੀਨੇ ਦਾਹਨੇ ਦਸ ਬਾਏਂ ਸੰਗ ਬੀਸ॥੩੧॥**

***ਭਾਵਾਰਥ:-*** ੧੦+੧੫+੨੦=੪੫ ਪਦਮ ਦਲ ਦੇ ਇਕੱਤਰਤ ਹੋਣ ਤੋਂ, ਪੰਦਰਾਂ ਸੱਜੇ ਪਾਸੇ, ਦਸ ਖੱਬੇ ਪਾਸੇ ਅਤੇ ਵੀਹ ਨਾਲ ਕੀਤੇ॥੩੧॥

**ਸਵੈਯਾ॥**

**ਦਉਰ ਸਬੈ ਇਕ ਬਾਰ ਹੀ ਦੈਤ ਸੁ ਆਏ ਹੈ ਚੰਡਿ ਕੇ ਸਾਮੁਹਿ ਕਾਰੇ॥**
**ਲੈ ਕਰਿ ਬਾਨ ਕਮਾਨਨ ਤਾਨ ਘਨੇ ਅਰਿ ਕੋਪ ਸੋਂ ਸਿੰਘ ਪ੍ਰਹਾਰੇ॥**
**ਚੰਡਿ ਸੰਭਾਰ ਤਬੈ ਕਰਵਾਰ ਹਕਾਰ ਕੈ ਸਤ੍ਰੁ ਸਮੂਹ ਨਿਵਾਰੇ॥**
**ਖਾਂਡਵ ਜਾਰਨ ਕੋ ਅਗਨੀ ਤਿਹ ਪਾਰਥ ਨੈ ਜਨੁ ਮੇਘ ਬਿਡਾਰੇ॥੩੨॥**

***ਭਾਵਾਰਥ:-*** ਸਾਰੇ ਕਾਲੇ ਦੈਂਤ ਇੱਕ ਵਾਰ ਹੀ ਦੌੜ ਕੇ ਚੰਡਿਕਾ ਦੇ ਸਾਹਮਣੇ ਆਏ ਹਨ। ਹੱਥਾਂ ਵਿੱਚ ਤੀਰ ਲੈ ਕੇ ਅਤੇ ਕਮਾਣਾਂ ਖਿੱਚ ਬਹੁਤੇ (ਅਹਿ) ਵੈਰੀ ਕ੍ਰੋਧ ਨਾਲ ਸ਼ੇਰ ਨੂੰ ਮਾਰਦੇ ਹਨ। ਉਦੋਂ ਹੀ ਚੰਡੀ ਨੇ ਤਲਵਾਰ ਸੰਭਾਲ ਕੇ (ਹਕਾਰ) ਵੰਗਾਰ ਕੇ ਸਾਰੇ ਵੈਰੀ (ਨਿਵਾਰੇ) ਦੂਰ ਕੀਤੇ। (ਮਾਨੋ ਕਿ ਦੈਤ ਸਮੁਦਾਇ ਰੂਪ) (ਖਾਂਡਵ) ਬਨ ਨੂੰ ਸਾੜਨ ਵਾਸਤੇ ਅੱਗ ਰੂਪ ਸਨ, ਓਥੇ ਹੀ ਮਾਨੋ ਕਿ (ਪਾਰਥ) ਅਰਜੁਨ ਨੇ ਬੱਦਲ (ਬਿਡਾਰੇ) ਦੂਰ ਕੀਤੇ ਹਨ॥੩੨॥

**ਦੋਹਰਾ॥**

**ਦੈਤ ਕੋਪ ਇਕ ਸਾਮੁਹੇ ਗਯੋ ਤੁਰੰਗਮ ਡਾਰਿ॥**
**ਸਨਮੁਖ ਦੇਵੀ ਕੇ ਭਯੋ ਸਲਭ ਦੀਪ ਅਨੁਹਾਰਿ॥੩੩॥**

***ਭਾਵਾਰਥ:–*** ਕ੍ਰੋਧ ਕਰ ਕੇ ਇੱਕ ਦੈਂਤ (ਤੁਰੰਗਮ) ਘੋੜਾ (ਡਾਰਿ) ਭਜਾ ਕੇ ਸਾਹਮਣੇ ਗਿਆ। ਦੁਰਗਾ ਦੇਵੀ ਦੇ ਸਾਹਮਣੇ ਦੀਵੇ 'ਤੇ (ਸਲਭ) ਪਤੰਗ (ਅਨੁਹਾਰਿ) ਵਾਂਗ ਹੋਇਆ॥੩੩॥

**ਸਵੈਯਾ॥**

**ਬੀਰ ਬਲੀ ਸਰਦਾਰ ਦੈਈਤ ਸੁ ਕ੍ਰੋਧ ਕੈ ਮਯਾਨ ਤੇ ਖਗੁ ਨਿਕਾਰਯੋ॥**
**ਏਕ ਦਯੋ ਤਨ ਚੰਡਿ ਪ੍ਰਚੰਡ ਕੈ ਦੂਸਰ ਕੇਹਰਿ ਕੇ ਸਿਰ ਝਾਰਯੋ॥**
**ਚੰਡਿ ਸੰਭਾਰ ਤਬੈ ਬਲੁ ਧਾਰਿ ਲਯੋ ਗਹਿ ਨਾਰਿ ਧਰਾ ਪਰ ਮਾਰਯੋ॥**
**ਜਯੋਂ ਧੁਬੀਆ ਸਰਿਤਾ ਤਟ ਜਾਇ ਕੈ ਲੈ ਪਟ ਕੋ ਪਟ ਸਾਥ ਪਛਾਰਯੋ॥੩੪॥**

***ਭਾਵਾਰਥ:–*** ਦੈਂਤਾਂ ਦੇ ਸਰਦਾਰ ਬਲਵਾਨ ਯੋਧੇ ਨੇ ਚੰਗਾ ਕ੍ਰੋਧ ਕਰ ਕੇ ਮਿਆਨ ਤੋਂ (ਖਗੁ) ਖੜਗ (ਭਾਵ ਤੇਗਾ) ਕੱਢਿਆ। (ਪ੍ਰਚੰਡ ਕੈ) ਤੇਜ਼ੀ ਨਾਲ ਇੱਕ ਵਾਰ ਚੰਡੀ ਦੇ ਸਰੀਰ 'ਤੇ (ਦਯੋ) ਮਾਰਿਆ, ਦੂਜਾ ਵਾਰ ਸ਼ੇਰ ਦੇ ਸਿਰ 'ਤੇ (ਝਾਰਿਓ) ਮਾਰਿਆ। ਉਦੋਂ ਚੰਡਿਕਾ ਨੇ (ਬਲੁ ਧਾਰਿ) ਅਪਣਾ ਆਪ ਸੰਭਾਲ ਕੇ ਬਲ ਨਾਲ (ਨਾਰਿ) ਧੌਣੋਂ ਫੜ੍ਹ ਲਿਆ ਅਤੇ ਜ਼ਮੀਨ 'ਤੇ ਪਟਕਾ ਕੇ ਮਾਰਿਆ ਜਿਵੇਂ ਧੋਬੀ (ਸਰਿਤਾ) ਨਦੀ ਕੰਢੇ ਜਾ ਕੇ (ਪਟ) ਕੱਪੜੇ ਨੂੰ ਫੜ੍ਹ ਕੇ ਪਟੜੇ ਨਾਲ ਪਛਾੜ ਕੇ ਮਾਰਦਾ ਹੈ॥੩੪॥

**ਦੋਹਰਾ॥**

**ਦੇਵੀ ਮਾਰਯੋ ਦੈਤ ਇਉਂ ਲਰਯੋ ਜੁ ਸਨਮੁਖ ਆਇ॥**
**ਪੁਨਿ ਸਤ੍ਰੁਨਿ ਕੀ ਸੈਨ ਮੈ ਧਸੀ ਸੁ ਸੰਖ ਬਜਾਇ॥੩੫॥**

***ਭਾਵਾਰਥ:–*** ਦੇਵੀ ਨੇ ਦੈਂਤ, ਜੋ ਸਾਹਮਣੇ ਆ ਕੇ ਲੜਿਆ ਸੀ, ਇਓਂ ਮਾਰ ਦਿੱਤਾ। ਫੇਰ ਤਾਂ ਦੁਸ਼ਮਣਾਂ ਦੀ ਫ਼ੌਜ ਵਿੱਚ ਸੰਖ ਵਜਾ ਕੇ ਹੀ ਧਸ ਗਈ॥੩੫॥

**ਸਵੈਯਾ॥**

**ਲੈ ਕਰਿ ਚੰਡਿ ਕੁਵੰਡ ਪ੍ਰਚੰਡ ਮਹਾ ਬਰਬੰਡ ਤਬੈ ਇਹ ਕੀਨੋ॥**
**ਏਕ ਹੀ ਬਾਰ ਨਿਹਾਰ ਹਕਾਰ ਸੁਧਾਰ ਬਿਦਾਰ ਸਭੈ ਦਲੁ ਦੀਨੋ॥**
**ਦੈਤਜ ਘਨੇ ਰਨ ਮਾਹਿ ਹਨੇ ਲਖਿ ਸ੍ਰੋਨ ਸਨੇ ਕਵਿ ਯੌਂ ਮਨੁ ਚੀਨੋ॥**
**ਜਯੋਂ ਖਗਰਾਜ ਬਡੋ ਅਹਿਰਾਜ ਸਮਾਜ ਕੈ ਕਾਟ ਕਤਾ ਕਰਿ ਲੀਨੋ॥੩੬॥**

***ਭਾਵਾਰਥ:–*** ਚੰਡਿਕਾ ਨੇ (ਪ੍ਰਚੰਡ) ਮਹਾਨ (ਕੁਵੰਡ) ਧਨੁਸ਼ ਲੈ ਕੇ ਉਸੇ ਸਮੇਂ ਇਹ ਕੀਤਾ। ਕਿ ਇਕ ਵਾਰ ਹੀ ਵੇਖ ਕੇ, (ਹਕਾਰ) ਵੰਗਾਰ ਕੇ (ਸੁਧਾਰ) ਚੰਗੀ ਤਰ੍ਹਾਂ ਸਾਰਾ ਦਲ (ਬਿਦਾਰ) ਨਾਸ ਕਰ ਦਿੱਤਾ। (ਦੇਵੀ ਦੇ) ਜੰਗ ਵਿੱਚ ਬਹੁਤ ਦੈਂਤ ਮਾਰੇ ਹੋਏ ਅਤੇ (ਸ੍ਰੋਨ) ਲਹੂ ਨਾਲ (ਸਨੇ) ਲਿਬੜੇ ਹੋਏ

ਵੇਖ ਕੇ ਕਵੀ ਨੇ ਮਨ ਵਿੱਚ ਇਓਂ ਜਾਣਿਆ ਹੈ। ਕਿ ਜਿਵੇਂ (ਖਗਰਾਜ) ਗਰੁੜ ਨੇ ਵੱਡਾ (ਅਹਿਰਾਜ) ਅਜਗਰ ਸੱਪ ਯੁੱਧ ਕਰ ਕੇ ਕੱਟ ਕੇ (ਕਤਾ) ਟੁੱਕੜੇ ਕਰ ਲਿਆ ਹੋਵੇ॥੩੬॥

**ਦੋਹਰਾ॥**

**ਦੇਵੀ ਮਾਰੇ ਦੈਤਜ ਬਹੁ ਪ੍ਰਬਲ ਨਿਬਲ ਸੇ ਕੀਨ॥**

**ਸਸਤ੍ਰ ਧਾਰ ਕਰਿ ਕਰਨ ਮੈ ਚਮੂ ਚਾਲ ਕਰਿ ਦੀਨ॥੩੭॥**

***ਭਾਵਾਰਥ:–*** ਦੁਰਹਾ ਦੇਵੀ ਨੇ ਬਹੁਤ ਦੈਂਤ ਮਾਰ ਕੇ (ਪ੍ਰਬਲ) ਜ਼ੋਰਾਵਰ ਵੀ (ਨਿਬਲ) ਕਮਜ਼ੋਰ (ਸੇ) ਜਿਹੇ ਕਰ ਦਿੱਤੇ। ਹੱਥਾਂ ਵਿੱਚ ਸ਼ਸਤਰ (ਧਾਰ) ਫੜ੍ਹ ਕੇ (ਚਮੂ ਚਾਲ) ਫ਼ੌਜ ਦੀ ਭਗਦੜ (ਕਰਿ) ਮਚਾ ਦਿੱਤੀ॥੩੭॥

**ਭਜੀ ਚਮੂ ਮਹਿਖਾਸੁਰੀ ਤਕੀ ਸਰਨਿ ਨਿਜ ਈਸ॥**

**ਧਾਇ ਜਾਇ ਤਿਨ ਇਉਂ ਕਹਯੋ ਹਨਯੋ ਪਦਮ ਭਟ ਬੀਸ॥੩੮॥**

***ਭਾਵਾਰਥ:–*** ਮਹਿਖਾਸੁਰ ਦੀ (ਚਮੂ) ਫ਼ੌਜ ਭੱਜ ਗਈ ਅਤੇ ਆਪਣੇ (ਈਸ) ਰਾਜੇ ਦੀ (ਸਰਨਿ) ਪਨਾਹ (ਤਕੀ) ਵੇਖੀ ਭਾਵ ਲੈ ਲਈ। ਉਹਨਾਂ ਨੇ ਦੌੜ ਕੇ ਜਾ ਕੇ ਇਓਂ ਆਖਿਆ ਕਿ ਵੀਹ ਪਦਮ ਯੋਧਾ ਮਾਰਿਆ ਗਿਆ ਹੈ॥੩੮॥

**ਸੁਨਿ ਮਹਿਖਾਸੁਰ ਮੂੜ ਮਤਿ ਮਨ ਮੈ ਉਠਯੋ ਰਿਸਾਇ॥**

**ਆਗਜਾ ਦੀਨੀ ਸੈਨ ਕੋ ਘੇਰੋ ਦੇਵੀ ਜਾਇ॥੩੯॥**

***ਭਾਵਾਰਥ:–*** (ਮੂੜ ਮਤਿ) ਮੂਰਖ ਮਹਿਖਾਸੁਰ ਸੁਣ ਕੇ ਮਨ ਵਿੱਚ (ਰਿਸਾਇ) ਗੁੱਸਾ ਭਾਵ ਮਰੋੜਾ ਖਾ ਕੇ ਉੱਠਿਆ। ਫ਼ੌਜ ਨੂੰ ਹੁਕਮ ਦਿੱਤਾ ਕਿ ਦੇਵੀ ਦੁਰਗਾ ਨੂੰ ਜਾ ਘੇਰੋ॥੩੯॥

**ਸਵੈਯਾ॥**

**ਬਾਤ ਸੁਨੀ ਪ੍ਰਭੁ ਕੀ ਸਭ ਸੈਨਹਿ ਸੂਰ ਮਿਲੇ ਇਕ ਮੰਤ੍ਰ ਕਰਯੋ ਹੈ॥**

**ਜਾਇ ਪਰੈਂ ਚਹੁੰ ਓਰ ਤੇ ਧਾਇ ਕੈ ਠਾਟ ਇਹੈ ਮਨ ਮਧਜ ਧਰਯੋ ਹੈ॥**

**ਮਾਰ ਹੀ ਮਾਰ ਪੁਕਾਰ ਪਰੇ ਅਸਿ ਲੈ ਕਰਿ ਮੈ ਦਲੁ ਯੌਂ ਬਿਹਰਯੋ ਹੈ॥**

**ਘੇਰਿ ਲਈ ਚਹੁੰ ਓਰ ਤੇ ਚੰਡਿ ਸੁ ਚੰਦ ਮਨੋ ਪਰਵੇਖ ਪਰਯੋ ਹੈ॥੪੦॥**

***ਭਾਵਾਰਥ:–*** (ਪ੍ਰਭੁ) ਮਾਲਿਕ ਜਾਂ ਰਾਜੇ ਦੀ ਗੱਲ ਸਾਰੀ ਫ਼ੌਜ ਨੇ ਸੁਣੀ ਤਾਂ ਸੂਰਮਿਆਂ ਨੇ ਮਿਲ ਕੇ ਇੱਕ (ਮੰਤ੍ਰ) ਸਲਾਹ ਪਕਾ ਲਈ ਕਿ 'ਚਹੁੰਆਂ ਪਾਸਿਆਂ ਤੋਂ ਦੌੜ ਕੇ ਜਾ ਪਈਏ' ਏਹੋ (ਠਾਟ) ਪੱਕੀ ਸਲਾਹ (ਮਨ ਮਧ) ਲੁਕਵੀਂ ਕੀਤੀ। ਤਾਂ ਮਾਰ ਹੀ ਮਾਰ ਬੋਲ ਕੇ ਪੈ ਗਏ, ਹੱਥਾਂ ਵਿੱਚ (ਅਸਿ) ਤਲਵਾਰਾਂ ਲੈ ਕੇ (ਦਲੁ) ਫ਼ੌਜ ਇਓਂ (ਬਿਹਰਿਓ) ਫੈਲ ਗਈ। ਚਹੁੰ ਪਾਸਿਆਂ ਤੋਂ ਚੰਡਿਕਾ ਘੇਰ ਲਈ ਗਈ ਮਾਨੋ ਕਿ ਚੰਦ ਨੂੰ ਬੱਦਲਾਂ ਦਾ (ਪਰਵੇਖ) ਘੇਰਾ ਪਿਆ ਹੋਇਆ ਹੋਵੇ॥੪੦॥

**ਸਵੈਯਾ॥**

**ਦੇਖਿ ਚਮੂ ਮਹਿਖਾਸੁਰ ਕੀ ਕਰਿ ਚੰਡਿ ਕੁਵੰਡ ਪ੍ਰਚੰਡ ਧਰਯੋ ਹੈ॥**
**ਦੱਛਨ ਬਾਮ ਚਲਾਇ ਘਨੇ ਸਰ ਕੋਪ ਭਯਾਨਕ ਜੁੱਧ ਕਰਯੋ ਹੈ॥**
**ਭੰਜਨ ਭੇ ਅਰਿ ਕੇ ਤਨ ਤੇ ਛੁਟ ਸ੍ਰੌਨ ਸਮੂਹ ਧਰਾਨ ਪਰਯੋ ਹੈ॥**
**ਆਠਵੋਂ ਸਿੰਧੁ ਪਚਾਯੋ ਹੁਤੋ ਮਨੋ ਯਾ ਰਨ ਮੈ ਬਿਧਿ ਨੇ ਉਗਰਯੋ ਹੈ॥੪੧॥**

***ਭਾਵਾਰਥ:–*** ਮਹਿਖਾਸੁਰ ਦੀ ਫ਼ੌਜ ਵੇਖੀ ਤਾਂ ਚੰਡਿਕਾ ਨੇ (ਪ੍ਰਚੰਡ) ਮਜ਼ਬੂਤ (ਕੁਵੰਡ) ਧਨੁਸ਼ ਹੱਥ ਵਿੱਚ ਫੜ੍ਹ ਲਿਆ। (ਦੱਛਨ ਬਾਮ) ਸੱਜੇ ਖੱਬੇ (ਭਾਵ– ਸਾਰੇ ਪਾਸੀਂ) ਬਹੁਤ ਤੀਰ ਚਲਾ ਕੇ ਗੁੱਸੇ ਨਾਲ ਭਿਆਨਕ ਯੁੱਧ ਕੀਤਾ। (ਭੰਜਨ) ਜ਼ਖ਼ਮੀ ਹੋਇਆਂ (ਅਰਿ) ਦੁਸ਼ਮਣਾਂ ਦੇ ਸਰੀਰ 'ਚੋਂ (ਸ੍ਰੋਨ) ਲਹੂ ਚਲ ਕੇ ਸਾਰੀ ਧਰਤੀ ਤੇ (ਫੈਲ) ਪਿਆ ਸੀ। ਮਾਨੋ ਕਿ (ਬਿਧਿ) ਬ੍ਰਹਮਾ (ਆਪਣੇ ਢਿੱਡ ਵਿਚ ਇਹ) ਅੱਠਵਾਂ ਸਮੁੰਦਰ (ਲਹੂ ਦਾ) ਵੀ ਪਚਾਇਆ ਹੋਇਆ ਜੋ ਏਸ ਜੰਗ ਵਿੱਚ ਉਗਲੱਛਣ ਕੀਤਾ ਹੈ॥੪੧॥

**ਦੋਹਰਾ॥**

**ਕੋਪ ਪਈ[੧] ਅਰਿ ਦਲ ਬਿਖੈ ਚੰਡੀ ਚੱਕ੍ਰ ਸੰਭਾਰ॥**
**ਏਕ ਮਾਰਿ ਕੈ ਦ੍ਵੈ ਕੀਏ ਦ੍ਵੈ ਤੇ ਕੀਨੇ ਚਾਰ॥੪੨॥**

***ਭਾਵਾਰਥ:–*** ਚੰਡਿਕਾ ਗੁੱਸੇ ਨਾਲ ਚਕ੍ਰ ਸੰਭਾਲ ਕੇ ਵੈਰੀ ਦਲ ਵਿੱਚ ਟੁੱਟ ਕੇ ਪੈ ਗਈ। (ਚਕ੍ਰ) ਮਾਰ ਕੇ ਵੈਰੀ ਦੇ ਇੱਕ ਤੋਂ ਦੋ ਟੁਕੜੇ ਕੀਤੇ ਅਤੇ ਦੋ ਤੋਂ ਚਾਰ ਟੁਕੜੇ ਕਰ ਦਿੱਤੇ॥੪੨॥

**ਸਵੈਯਾ॥**

**ਇਹ ਭਾਂਤਿ ਕੋ ਜੁੱਧੁ ਕਰਯੋ ਸੁਨਿ ਕੈ ਕਵਲਾਸ ਮੈ ਧਯਾਨ ਛੁਟਯੋ ਹਰ ਕਾ॥**
**ਪੁਨਿ ਚੰਡ ਸੰਭਾਰ ਉਭਾਰ ਗਦਾ ਧੁਨਿ ਸੰਖ ਬਜਾਇ ਕਰਯੋ ਖਰਕਾ॥**
**ਸਿਰ ਸਤ੍ਰੁਨਿ ਕੇ ਪਰ ਚਕ੍ਰ ਪਰਯੋ ਛੁਟ ਐਸੋ ਬਹਯੋ ਕਰਿ ਕੈ ਬਰ ਕਾ॥**
**ਜਨੁ ਖੇਲਨ ਕੋ ਸਰਿਤਾ ਤਟ ਜਾਇ ਚਲਾਵਤ ਹੈ ਛਿਛਲੀ ਲਰਕਾ॥੪੩॥**

***ਭਾਵਾਰਥ:–*** ਚੰਡਿਕਾ ਨੇ ਇਸ ਤਰ੍ਹਾਂ ਦਾ ਜੰਗ ਕੀਤਾ ਕਿ ਕੈਲਾਸ਼ ਵਿੱਚ ਸੁਣ ਕੇ ਹੀ (ਹਰ) ਸ਼ਿਵ ਦਾ ਧਿਆਨ (ਛੁਟਿਓ) ਡੋਲ ਗਿਆ। ਫੇਰ ਚੰਡਿਕਾ ਨੇ ਗਦਾ ਸੰਭਾਲ ਕੇ (ਉਭਾਰ) ਉੱਚੀ ਕਰਕੇ ਅਤੇ ਸੰਖ ਦੀ ਧ੍ਵਨੀ ਵਜਾ ਕੇ (ਖਰਕਾ) ਖੜਕਾਰਾ ਕੀਤਾ। ਦੁਸ਼ਮਣਾਂ ਦੇ ਸਿਰ 'ਤੇ ਚਕ੍ਰ ਜਾ ਪਿਆ ਏਸੇ ਤਰ੍ਹਾਂ (ਕੈ ਬਰ) ਤੀਰ ਦਾ ਹੱਥ (ਵਾਰ) ਵੀ ਛੁੱਟ ਕੇ (ਬਹਿਓ) ਚੱਲਿਆ। ਮਾਨੋ ਕਿ ਕੋਈ ਲੜਕਾ ਖੇਡਣ ਲਈ (ਸਰਿਤਾ) ਨਦੀ ਦੇ (ਤਟ) ਕੰਢੇ 'ਤੇ ਜਾ ਕੇ (ਛਿਛਲੀ) ਠੀਕਰੀ ਦੀ ਚਕਰੀ ਚਲਾਉਂਦਾ ਹੈ॥੪੩॥

**ਦੋਹਰਾ॥**

**ਦੇਖ ਚਮੂ ਮਹਿਖਾਸੁਰੀ ਦੇਵੀ ਬਲਹਿ ਸੰਭਾਰਿ॥**

---

[੧] ਪਾਠ– 'ਭਈ' ਅਤੇ 'ਭਰੀ' ਵੀ ਹਨ।

**ਕਛੁ ਸਿੰਘਹਿ ਕਛੁ ਚਕ੍ਰ ਸੋਂ ਡਾਰੇ ਸਭੈ ਸੰਘਾਰਿ॥੪੪॥**

***ਭਾਵਾਰਥ:–*** ਮਹਿਖਾਸਰ ਦੀ ਫ਼ੌਜ ਨੂੰ ਵੇਖ ਕੇ ਦੇਵੀ (ਦੁਰਗਾ) ਨੇ ਬਲ ਨੂੰ ਸੰਭਾਲਿਆ। ਕੁਝ ਸ਼ੇਰ ਨੇ, ਕੁਝ ਚਕ੍ਰ ਨਾਲ ਸਾਰੇ ਹੀ ਮਾਰ ਸੁੱਟੇ॥੪੪॥

**ਇਕ ਭਾਜੇ ਨ੍ਰਿਪ ਪੈ ਗਏ ਕਹ੍ਯੋ ਹਤੀ ਸਭ ਸੈਨ॥**
**ਇਉਂ ਸੁਨਿ ਕੈ ਕੋਪ੍ਯੋ ਅਸੁਰ ਚੜਿ ਆਯੋ ਰਨ ਐਨ॥੪੫॥**

***ਭਾਵਾਰਥ:–*** ਕਈ ਭੱਜੇ ਕੇ (ਨ੍ਰਿਪ) ਰਾਜੇ (ਮਹਿਖਾਸੁਰ) ਪਾਸ (ਚਲੇ) ਗਏ ਅਤੇ ਕਿਹਾ ਕਿ ਸਾਰੀ ਫ਼ੌਜ ਮਾਰੀ ਗਈ ਹੈ। ਇਓਂ ਸੁਣ ਕੇ ਦੈਂਤ (ਮਹਿਖਾਸੁਰ) ਗੁੱਸੇ ਵਿੱਚ ਭਰ ਗਿਆ ਅਤੇ (ਐਨ) ਘਰ ਤੋਂ (ਰਨ ਐਨ) ਜੰਗ ਦੇ ਮੈਦਾਨ ਵਿਚ ਚੜ੍ਹ ਕੇ ਆ ਗਿਆ॥੪੫॥

**ਸਵੈਯਾ॥**

**ਜੂਝ ਪਰੀ ਸਭਿ ਸੈਨ ਲਖੀ ਜਬ ਤੌਂ ਮਹਖਾਸੁਰ ਖੱਗ ਸੰਭਾਰ੍ਯੋ॥**
**ਚੰਡਿ ਪ੍ਰਚੰਡ ਕੇ ਸਾਮੁਹਿ ਜਾਇ ਭਯਾਨਕ ਭਾਲੁਕ ਜ੍ਯੋਂ ਭਭਕਾਰ੍ਯੋ॥**
**ਮੁਗਦਰੁ ਲੈ ਅਪਨੇ ਕਰਿ ਚੰਡਿ ਸੁ ਕੈ ਬਰਿ ਤਾ ਤਨ ਊਪਰਿ ਡਾਰ੍ਯੋ॥**
**ਜ੍ਯੋਂ ਹਨੂਮਾਨ ਉਖਾਰ ਪਹਾਰ ਕੋ ਰਾਵਨ ਕੇ ਉਰ ਭੀਤਰਿ ਮਾਰ੍ਯੋ॥੪੬॥**

***ਭਾਵਾਰਥ:–*** ਜਦੋਂ ਮਹਿਖਾਸੁਰ ਨੇ ਸਾਰੀ ਫ਼ੌਜ (ਜੂਝ) ਮਰੀ ਪਈ ਵੇਖੀ ਤਾਂ (ਖੱਗ) ਤੇਗ਼ਾਂ ਸੰਭਾਲੀਆਂ। ਚੰਡਿਕਾ ਰੂਪ (ਪ੍ਰਚੰਡ) ਪ੍ਰਜ੍ਵਲਿਤ ਅਗਨੀ ਦੇ ਸਾਹਮਣੇ ਜਾ ਕੇ ਡਰਾਉਣੇ (ਭਾਲੁਕ) ਰਿੱਛ ਵਾਂਗ (ਭਭਕਾਰਿਓ) ਗੱਜਿਆ। ਚੰਡਿਕਾ ਨੇ ਆਪਣੇ ਹੱਥ ਵਿੱਚ ਮੁਦਗਰ ਲੈ ਕੇ ਅਤੇ (ਬਰਿ) ਬਲ ਕਰਕੇ ਓਸ ਦੇ ਸਰੀਰ ’ਤੇ (ਡਾਰਿਓ) ਮਾਰਿਆ। ਜਿਵੇਂ ਹਨੂਮਾਨ ਨੇ ਪਹਾੜ (ਉਖਾਰ) ਪੁੱਟ ਕੇ ਰਾਵਣ ਦੀ (ਉਰ) ਛਾਤੀ ਵਿੱਚ ਮਾਰਿਆ ਸੀ॥੪੬॥

**ਫੇਰ ਸਰਾਸਨ ਕੋ ਗਹਿ ਕੈ ਕਰ ਬੀਰ ਹਨੇ ਤਿਨ ਪਾਨ ਨ ਮੰਗੇ॥**
**ਘਾਇਲ ਘੂਮ ਪਰੇ ਰਨ ਮਾਹਿ ਕਰਾਹਤ ਹੈ ਗਿਰਿ ਸੇ ਗਜ ਲੰਗੇ॥**
**ਸੂਰਨ ਕੇ ਤਨ ਕੌਚਨ ਸਾਥਿ ਪਰੇ ਧਰਿ ਭਾਉ ਉਠੇ ਤਹ ਚੰਗੇ॥**
**ਜਾਨੁ ਦਵਾ ਬਨ ਮਾਝ ਲਗੇ ਤਹ ਕੀਟਨ ਭੱਛਕੋ ਦੌਰੇ ਭੁਜੰਗੇ॥੪੭॥**

***ਭਾਵਾਰਥ:–*** (ਚੰਡਿਕਾ ਨੇ) ਫੇਰ ਹੱਥ ਵਿੱਚ (ਸਰਾਸਨ) ਕਮਾਨ ਫੜ੍ਹ ਕੇ ਯੋਧੇ ਮਾਰ ਦਿੱਤੇ, ਉਨ੍ਹਾਂ ਨੇ ਪਾਣੀ ਵੀ ਨਹੀਂ ਮੰਗਿਆ। ਜ਼ਖ਼ਮੀ ਹੋਏ ਹੋਏ, ਲੰਙੇ ਹੋਏ ਹੋਏ ਪਹਾੜਾਂ ਵਰਗੇ (ਗਜ) ਹਾਥੀ ਜੰਗ ਵਿੱਚ (ਘੂਮ ਪਰੇ) ਚਕ੍ਰੀਆਂ ਜਾਂ ਘੁਮੇਰੀਆਂ ਵਿੱਚ ਪਏ ਹੋਏ (ਕਰਾਹਤ) ਚਿੰਘਾੜਦੇ ਹਨ। ਯੋਧਿਆਂ ਦੇ ਸਰੀਰ (ਕਉਚਨ) ਸੰਜੋਆਂ ਦੇ ਨਾਲ ਹੀ ਧਰਤੀ ’ਤੇ ਪਏ ਹੋਏ ਸਨ (ਕਵੀ ਦੇ ਮਨ ਵਿੱਚ) ਓਥੇ ਉੱਤਮ ਭਾਵ ਉੱਠੇ ਹਨ। ਕਿ ਮਾਨੋ ਕਿ ਜੰਗਲ ਵਿੱਚ (ਦਵਾ) ਅੱਗ ਲੱਗਿਆਂ ਤੋਂ ਓਥੇ ਕੀੜਿਆਂ ਨੂੰ ਖਾਣ ਵਾਲੇ (ਭੁਜੰਗੇ) ਸੱਪ ਹੀ (ਦਉਰ) ਚੁਤਰਫ਼ੀਂ ਹਨ॥੪੭॥

**ਸਵੈਯਾ॥**

**ਕੋਪ ਭਰੀ ਰਨ ਚੰਡਿ ਪ੍ਰਚੰਡ ਸੁ ਪ੍ਰੇਰ ਕੇ ਸਿੰਘ ਧਸੀ ਰਨ ਮੈ॥**
**ਕਰਵਾਰ ਲੈ ਲਾਲ ਕਿਯੇ ਅਰਿ ਖੇਤ ਲਗੀ ਬੜਵਾਨਲ ਜਯੋਂ ਬਨ ਮੈ॥**
**ਤਬ ਘੇਰਿ ਲਈ ਚਹੂੰ ਓਰ ਤੇ ਦੈਤਨ ਇਉਂ ਉਪਮਾ ਉਪਜੀ ਮਨ ਮੈ॥**
**ਮਨ ਤੇ ਤਨ ਤੇਜੁ ਚਲਯੋ ਜਗਮਾਤ ਕੋ ਦਾਮਨਿ ਜਾਨ ਚਲੇ ਘਨ ਮੈ॥੪੮॥**

***ਭਾਵਾਰਥ:–*** ਚੰਡਿਕਾ ਮੈਦਾਨੇ ਜੰਗ ਵਿੱਚ (ਪ੍ਰਚੰਡ) ਤੇਜ਼ਮਈ ਕ੍ਰੋਧ ਵਿੱਚ ਭਰੀ ਹੋਈ ਸ਼ੇਰ ਨੂੰ (ਪ੍ਰੇਰ) ਤੋਰ ਕੇ ਜੰਗ ਵਿੱਚ ਜਾ ਧਸੀ। ਤਲਵਾਰ ਲੈ ਕੇ (ਖੇਤ) ਮੈਦਾਨ ਵਿੱਚ ਵੈਰੀ ਲਹੂ ਨਾਲ ਲਾਲ ਕਰ ਦਿੱਤੇ, ਜਿਵੇਂ (ਬਨ ਮੈ) ਸਮੁੰਦਰ ਵਿੱਚ ਬੜਵਾ ਅਗਨੀ ਲੱਗੀ ਹੋਈ ਹੈ। ਉਦੋਂ ਦੈਤਾਂ ਨੇ (ਚੰਡਿਕਾ) ਚਹੁੰ ਪਾਸਿਆਂ ਤੋਂ ਹੀ ਘੇਰ ਲਈ ਸੀ (ਕਵੀ ਦੇ) ਮਨ ਵਿੱਚ (ਏਸ ਦੀ) ਉਪਮਾ ਇਓਂ ਪੈਦਾ ਹੋਈ ਹੈ। ਕਿ ਮਨ ਤੋਂ ਅਤੇ ਤਨ ਤੋਂ (ਜਗਮਾਤ) ਚੰਡਿਕਾ ਦੇ ਵਾਸਤੇ ਜੋ ਵੀ ਚੱਲ ਪਿਆ (ਉਹ) (ਜਾਨ) ਮਾਨੋ ਕਿ (ਦਾਮਨਿ) ਬਿਜਲੀ ਬੱਦਲ ਵਿੱਚ ਨੂੰ ਵਾਪਸ ਚਲੀ ਜਾਂਦੀ ਹੈ॥੪੮॥

**ਫੂਟਿ ਗਈ ਧੁਜਨੀ ਸਗਰੀ ਅਸਿ ਚੰਡਿ ਪ੍ਰਚੰਡ ਜਬੈ ਕਰਿ ਲੀਨੋ॥**
**ਦੈਤ ਮਰੈ ਨਹਿ ਬੇਖ ਕਰੇ ਬਹੁ ਤਉ ਬਰਬੰਡ ਮਹਾ ਬਲ ਕੀਨੋ॥**
**ਚਕ੍ਰ ਚਲਾਇ ਦਯੋ ਕਰ ਤੇ ਸਿਰ ਸਤ੍ਰੁ ਕੋ ਮਾਰ ਜੁਦਾ ਕਰਿ ਦੀਨੋ॥**
**ਸ੍ਰੌਨਤ ਧਾਰ ਚਲੀ ਨਭ ਕੋ ਜਨੁ ਸੂਰ ਕੋ ਰਾਮ ਜਲਾਂਜਲ ਦੀਨੋ॥੪੯॥**

***ਭਾਵਾਰਥ:–*** (ਧੁਜਨੀ) ਝੰਡਿਆਂ ਵਾਲੀ ਫ਼ੌਜ ਸਾਰੀ ਹੀ ਫੁੱਟ ਗਈ, ਜਦੋਂ ਕਿ ਚੰਡਿਕਾ ਨੇ (ਪ੍ਰਚੰਡ) ਤਿਖੀ (ਅਸਿ) ਤਲਵਾਰ ਹੱਥ ਵਿੱਚ ਲਈ। ਦੈਂਤ (ਮਹਿਖਾਸੁਰ) ਮਰਦਾ ਨਹੀਂ, (ਕਿਉਂਕਿ) ਬਹੁਤੇ ਭੇਸ ਕਰ ਲੈਂਦਾ ਸੀ, ਤਾਂ ਬਲਵਾਨ (ਚੰਡਿਕਾ) ਨੇ ਮਹਾਨ (ਬਲ) ਪ੍ਰਾਕਰਮ ਕੀਤਾ। ਕਿ ਹੱਥ ਤੋਂ ਚਕ੍ਰ ਚਲਾ ਦਿੱਤਾ ਅਤੇ ਮਾਰ ਕੇ ਦੁਸ਼ਮਣ ਦਾ ਸਿਰ ਧੜ ਤੋਂ ਅੱਡ ਕਰ ਦਿੱਤਾ। ਧੜ ਤੋਂ ਨਿਕਲ ਕੇ (ਸ੍ਰਉਨਤ) ਲਹੂ ਦੀ ਧਾਰ (ਨਭ) ਆਕਾਸ਼ ਭਾਵ ਉਤਾਂਹ ਨੂੰ ਚੱਲ ਵਗੀ (ਜਨੁ) ਮਾਨੋ ਕਿ (ਰਾਮ) ਪਰਸ਼ੂ ਰਾਮ ਨੇ (ਖੱਤ੍ਰੀਆਂ ਨੂੰ ਮਾਰ ਲਹੂ ਰੂਪ) (ਜਲਾਂਜੁਲ) ਪਾਣੀ ਦਾ ਬੁੱਕ ਸੂਰਜ ਨੂੰ ਦਿੱਤਾ ਹੈ॥੪੯॥

**ਸਵੈਯਾ॥**

**ਸਬ ਸੂਰ ਸੰਘਾਰ ਦਏ ਤਿਹ ਖੇਤ ਮਹਾ ਬਰਬੰਡ ਪਰਾਕ੍ਰਮ ਕੈ॥**
**ਤਹ ਸ੍ਰਉਨਤ ਸਿੰਧੁ ਭਯੋ ਧਰਨੀ ਪਰਿ ਪੁੰਜ ਗਿਰੇ ਅਸਿ ਕੈ ਧਮ ਕੈ॥**
**ਜਗ ਮਾਤ ਪ੍ਰਤਾਪ ਹਨੇ ਸੁਰ ਤਾਪ ਸੁ ਦਾਨਵ ਸੈਨ ਗਈ ਜਮ ਕੈ॥**
**ਬਹੁਰੌ ਅਰਿ ਸਿੰਧੁਰ ਕੇ ਦਲ ਪੈਠਿ ਕੈ ਦਾਮਨਿ ਜਯੋਂ ਦੁਰਗਾ ਦਮਕੈ॥੫੦॥**

***ਭਾਵਾਰਥ:–*** ਮਹਾ (ਬਰਬੰਡ) ਬਲਵਾਨ ਦੁਰਗਾ ਨੇ (ਪਰਾਕ੍ਰਮ) ਤਾਕਤ ਨਾਲ ਓਸ ਮੈਦਾਨ ਵਿੱਚ ਸਾਰੇ ਯੋਧੇ ਮਾਰ ਦਿੱਤੇ। ਜੋ (ਅਸਿ) ਤਲਵਾਰ ਦੇ ਧਮਾਕੇ ਨਾਲ (ਪੁੰਜ) ਸਮੁਦਾਇ (ਦੈਤ) ਡਿੱਗੇ ਸਨ ਓਥੇ ਧਰਤੀ ਉੱਤੇ ਲਹੂ ਦਾ ਸਮੁੰਦਰ ਬਣ ਗਿਆ। ਜਗਤ ਮਾਤਾ ਦੇ ਪ੍ਰਤਾਪ ਨਾਲ ਦੇਵਤਿਆਂ ਦੇ (ਤਾਪ) ਦੁੱਖ (ਹਨੇ) ਨਾਸ ਹੋ ਗਏ ਅਤੇ ਦੈਂਤ ਫ਼ੌਜ ਜਮ ਦੇ ਘਰ ਚਲੀ ਗਈ। ਫੇਰ (ਅਰਿ ਸਿੰਧੁਰ)

ਦੁਸ਼ਮਣਾਂ ਦਿਆਂ ਹਾਥੀਆਂ ਦੇ ਦਲ ਵਿੱਚ (ਪੈਠਿ) ਧੱਸ ਕੇ ਦੁਰਗਾ ਦੇਵੀ (ਸਾਮਨਿ) ਬਿਜਲੀ ਵਾਂਗ (ਦਮਕੈ) ਚਮਕਦੀ ਹੈ॥੫੦॥

**ਦੋਹਰਾ॥**

**ਜਬ ਮਹਿਖਾਸੁਰ ਮਾਰਯੋ ਸਬ ਦੈਤਨ ਕੋ ਰਾਜ॥**
**ਤਬਿ ਕਾਇਰ ਭਾਜੇ ਸਬੈ ਛਾਡਯੋ ਸਕਲ ਸਮਾਜ॥੫੧॥**

***ਭਾਵਾਰਥ:–*** ਜਦੋਂ ਸਾਰਿਆਂ ਦੈਂਤਾਂ ਦਾ ਰਾਜਾ ਮਹਿਖਾਸੁਰ ਮਾਰਿਆ ਗਿਆ। ਤਾਂ ਸਾਰੇ ਹੀ ਕਾਇਰ ਹੋ ਕੇ ਭੱਜ ਗਏ ਅਤੇ ਸਾਰਾ (ਸਮਾਜ) ਸਾਜੋ ਸਮਾਨ ਭਾਵ ਰਾਜ ਭਾਗ ਛੱਡ ਦਿੱਤਾ॥੫੧॥

**ਕਬਿਤੁ॥**

**ਮਹਾ ਬੀਰ ਕਹਰੀ ਦੁਪਹਰੀ ਕੋ ਭਾਨੁ ਮਾਨੋ**
**ਦੇਵਨ ਕੈ ਕਾਜ ਦੇਵੀ ਡਾਰਯੋ ਦੈਤਰ ਮਾਰਿ ਕੈ॥**
**ਔਰ ਦਲ ਭਾਜਯੋ ਜੈਸੇ ਪਉਨਹੂੰ ਤੇ ਭਾਜੇ ਮੇਘ**
**ਇੰਦ੍ਰ ਦੀਨੋ ਰਾਜ ਬਲੁ ਆਪਨੋ ਸੁ ਧਾਰਿ ਕੈ॥**
**ਦੇਸ ਦੇਸ ਕੇ ਨਰੇਸ ਡਾਰੇ ਹੈ ਸੁਰੇਸ ਪਾਇ**
**ਕੀਨੋ ਅਭਿਖੇਕ ਸੁਰ ਮੰਡਲ ਬਿਚਾਰਿ ਕੈ॥**
**ਈਹਾਂ ਭਈ ਗੁਪਤਿ ਪ੍ਰਗਟਿ ਜਾਇ ਤਹਾ ਭਈ**
**ਜਹਾਂ ਬੈਠੇ ਹਰ ਹਰਿ ਅੰਬਰਿ ਕੋ ਡਾਰਿ ਕੈ॥੫੨॥**

***ਭਾਵਾਰਥ:–*** ਜੋ (ਕਹਰੀ) ਜ਼ਾਲਿਮ ਦੈਂਤ ਮਹਾਨ ਯੋਧਾ (ਮਹਿਖਾਸੁਰ) ਸੀ, (ਉਹ) ਮਾਨੋ ਕਿ ਦੁਪਹਿਰ ਜਾਂ ਮਧਜਾਹਨ ਦਾ (ਭਾਨੁ) ਸੂਰਜ ਸੀ, ਦੇਵਤਿਆਂ ਦੇ ਵਾਸਤੇ ਦੇਵੀ ਨੇ ਉਹ ਵੀ ਮਾਰ ਕੇ ਸੁੱਟ ਦਿੱਤਾ। ਹੋਰ ਦਲ ਤਾਂ ਇਓਂ ਭੱਜਿਆ ਜਿਵੇਂ ਹਵਾ ਤੋਂ (ਮੇਘ) ਬੱਦਲ ਭੱਜਦੇ ਹਨ, ਆਪਣਾ (ਬਲੁ) ਤੇਜ਼ ਧਰ ਕੇ ਇੰਦਰ ਨੂੰ ਰਾਜ ਦੇ ਦਿੱਤਾ। ਦੇਸਾਂ ਦੇਸਾਂਤਰਾਂ ਦੇ (ਨਰੇਸ) ਰਾਜੇ (ਸੁਰੇਸ) ਇੰਦਰ ਦੇ ਪੈਰੀਂ ਪਾ ਦਿੱਤੇ। (ਸੁਰ ਮੰਡਲ) ਦੇਵ–ਸਭਾ ਨੇ ਵਿਚਾਰ ਕੇ ਰਾਜੇ ਇੰਦਰ ਨੂੰ ਰਾਜ (ਅਭਿਖੇਕ) ਤਿਲਕ ਕੀਤਾ। ਤਾਂ ਚੰਡਿਕਾ ਏਥੋਂ (ਗੁਪਤਿ) ਲੋਪ ਹੋ ਗਈ ਅਤੇ ਓਥੇ ਜਾ ਪ੍ਰਗਟ ਹੋਈ ਕਿ ਜਿੱਥੇ ਕੈਲਾਸ਼ ’ਤੇ (ਹਰ) ਸ਼ਿਵ ਜੀ (ਹਰਿ ਅੰਬਰਿ) ਸ਼ੇਰ ਦੀ ਖੱਲ (ਡਾਰਿ) ਵਿਛਾ ਕੇ ਬੈਠੇ ਹੋਏ ਸਨ॥੫੨॥

**ਇਤਿ ਸ੍ਰੀ ਮਾਰਕੰਡੇ ਪੁਰਾਨੇ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ ਮਹਿਖਾਸੁਰ ਬਧਹਿ ਨਾਮ ਦੁਤੀਅ ਧਯਾਇ॥੨॥**

***ਭਾਵਾਰਥ:–*** ਏਥੇ ਸੋਹਣੇ ਮਾਰਕੰਡੇ ਪੁਰਾਣ ’ਚੋਂ ਸ੍ਰੀ ਚੰਡੀ ਜੀ ਦੇ (ਜੀਵਨ) ਚਰਿਤ੍ਰ ਦਾ (ਉਕਤਿ) ਕਥਨੀ (ਬਾਣੀ) ਦੇ ਵਿਲਾਸ ਵਾਲਾ ਮਹਿਖਾਸੁਰ ਨੂੰ ਮਾਰਨ ਵਾਲਾ ਦੂਜਾ ਅਧਿਆਇ ਸਮਾਪਤ ਹੈ॥੨॥

**ਦੋਹਰਾ॥**

**ਲੋਪ ਚੰਡਿਕਾ ਹੁਇ ਗਈ ਸੁਰਪਤਿ ਕੌ ਦੇ ਰਾਜ॥**
**ਦਾਨਵ ਮਾਰਿ ਅਭੇਖ ਕਰਿ ਕੀਨੇ ਸੰਤਨ ਕਾਜ॥੫੩॥**

***ਭਾਵਾਰਥ:-*** (ਸੁਰਪਤਿ) ਇੰਦਰ ਨੂੰ ਰਾਜ਼ ਦੇ ਕੇ (ਚੰਡਿਕਾ) ਤੇਜਮਈ ਸ਼ਕਤੀ (ਲੋਪ) ਗੁਪਤ ਹੋ ਗਈ। ਦੈਂਤਾਂ ਨੂੰ ਮਾਰ ਕੇ (ਅਭੇਖ) ਨਾਸ ਕਰ ਦਿੱਤਾ ਅਤੇ (ਸੰਤਨ) ਸ਼ਾਂਤੀ ਆਤਮਿਕ ਪੁਰਸ਼ਾਂ ਅਥਵਾ ਦੇਵਤਿਆਂ ਦੇ ਕੰਮ ਪੂਰੇ ਕਰ ਦਿੱਤੇ॥੫੩॥

**ਸ੍ਵੈਯਾ॥**

**ਯਾ ਤੇ ਪ੍ਰਸੰਨ ਭਏ ਹੈ ਮਹਾਮੁਨਿ ਦੇਵਨ ਕੇ ਤਪ ਮੈ ਸੁਖ ਪਾਵੈਂ॥**
**ਜਗ੍ਯ ਕਰੈਂ ਇਕ ਬੇਦ ਰਰੈਂ ਭਵ ਤਾਪ ਹਰੈਂ ਮਿਲਿ ਧ੍ਯਾਨਹਿ ਲਾਵੈਂ॥**
**ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲਿਯੇ ਸੁਰ ਸਾਜ ਮਿਲਾਵੈਂ॥**
**ਕਿੰਨਰ ਗੰਧ੍ਰਬ ਗਾਨਿ ਕਰੈ ਗਨ ਜੱਛ ਅਪੱਛਰ ਨਿਰਤ ਦਿਖਾਵੈਂ॥੫੪॥**

***ਭਾਵਾਰਥ:-*** (ਯਾ) ਏਸ (ਦੇਵੀ ਦੇ ਕੰਮ) ਤੋਂ ਮਹਾਨ ਮੁਨੀ ਵੀ ਖੁਸ਼ ਹੋਏ ਹੋਏ ਹਨ ਅਤੇ ਦੇਵਤਿਆਂ ਦੇ (ਤਪ) ਰਾਜ ਤੇਜ ਵਿੱਚ ਹੀ ਸੁਖ (ਪਾਵੈਂ) ਮੰਨਦੇ ਹਨ। ਕਈ ਯੱਗ ਕਰਦੇ ਹਨ, ਕਈ ਵੇਦ (ਰਰੈਂ) ਉਚਾਰਦੇ ਹਨ, (ਭਵ) ਸੰਸਾਰਿਕ (ਤਾਪ) ਦੁੱਖਾਂ ਨੂੰ ਨਾਸ ਕਰਦੇ ਹਨ ਅਤੇ ਮਿਲ ਕੇ (ਦੁਰਗਾ ਮਾਤਾ ਦਾ) ਧਿਆਨ ਲਾਉਂਦੇ ਹਨ। ਝਾਲਰ, (ਤਾਲ) ਕੈਂਸੀਆਂ, ਮ੍ਰਿਦੰਗਾਂ, (ਉਪੰਗ) ਨਸ ਤਰੰਗ, ਰਬਾਬ ਆਦਿਕ ਵਾਜਿਆਂ ਨਾਲ ਸ੍ਵਰਾਂ ਅਤੇ ਸਾਜਾਂ ਨੂੰ ਮਿਲਾਉਂਦੇ ਹਨ। ਕਿੰਨਰ, ਗੰਧਰਭ (ਗਾਨਿ) ਗਾਇਨ ਕਰਦੇ ਹਨ, ਗਣ, ਯੱਛ ਅਤੇ ਅਪਸਰਾਂ (ਨ੍ਰਿਤ) ਨਾਚ ਵਿਖਾਉਂਦੀਆਂ ਹਨ॥੫੪॥

**ਸੰਖਨ ਕੀ ਧੁਨਿ ਘੰਟਨ ਕੀ ਕਰਿ ਫੂਲਨ ਕੀ ਬਰਖਾ ਬਰਖਾਵੈਂ॥**
**ਆਰਤੀ ਕੋਟਿ ਕਰੈਂ ਸੁਰ ਸੁੰਦਰਿ ਪੇਖਿ ਪੁਰੰਦਰ ਕੇ ਬਲਿ ਜਾਵੈਂ॥**
**ਦਾਨਤ ਦੱਛਨ ਦੈ ਕੈ ਪ੍ਰਦੱਛਨ ਭਾਲ ਮੈ ਕੁੰਕਮ ਅੱਛਤ ਲਾਵੈਂ॥**
**ਹੋਤ ਕੁਲਾਹਲ ਦੇਵ ਪੁਰੀ ਮਿਲਿ ਦੇਵਨ ਕੇ ਕੁਲਿ ਮੰਗਲ ਗਾਵੈਂ॥੫੫॥**

***ਭਾਵਾਰਥ:-*** ਸੰਖਾਂ ਅਤੇ ਘੰਟਿਆਂ ਦੀ (ਧੁਨਿ) ਘਨਘੋਰ ਕਰ ਕੇ, ਫੁੱਲਾਂ ਦੀ ਵਰਖਾ ਕਰਦੀਆਂ ਹਨ। ਕਰੋੜਾਂ ਹੀ (ਸੁਰ ਸੁੰਦਰਿ) ਦੇਵ ਇਸਤਰੀਆਂ ਆਰਤੀ ਕਰਦੀਆਂ ਹੋਈਆਂ (ਪੁਰੰਦਰ) ਇੰਦਰ ਨੂੰ ਵੇਖ ਕੇ ਬਲਿਹਰੀ ਜਾਂਦੀਆਂ ਹਨ। (ਪ੍ਰਦੱਛਨ) ਪਰਿਕਰਮਾ (ਦੈ) ਕਰ ਕੇ (ਦੱਛਨ) ਨਕਦ ਧਨ (ਦਾਨਤ) ਦੇਂਦੇ ਹਨ, ਮੱਥੇ ਵਿੱਚ (ਕੁੰਕਮ) ਕੇਸਰ ਅਤੇ (ਅੱਛਤ) ਚੌਲ ਲਾਉਂਦੇ ਹਨ। (ਦੇਵਪੁਰੀ) ਅਮਰਾਵਤੀ ਵਿੱਚ (ਕੁਲਾਹਲ) ਖੁਸ਼ੀ ਦਾ ਰੌਲਾ ਹੁੰਦਾ ਹੈ, ਦੇਵਤਿਆਂ ਦੀਆਂ ਕੁਲਾਂ ਦੀਆਂ ਇਸਤਰੀਆਂ (ਦੇਵ ਕੁਲੀ) (ਮਿਲਿ) ਇਕੱਠੀਆਂ ਹੋ ਕੇ (ਮੰਗਲ) ਖੁਸ਼ੀ ਦੇ ਗੀਤ ਗਾਉਂਦੀਆਂ ਹਨ॥੫੫॥

**ਦੋਹਰਾ॥**

**ਐਸੇ ਚੰਡਿ ਪ੍ਰਤਾਪ ਤੇ ਦੇਵਨ ਬਢ੍ਯੋ ਪ੍ਰਤਾਪ॥**
**ਤੀਨ ਲੋਕ ਜੈ ਜੈ ਕਰੈ ਰਰੈ ਨਾਮ ਸਤਿ ਜਾਪ॥੫੬॥**

***ਭਾਵਾਰਥ:–*** ਚੰਡਿਕਾ ਦੇ (ਪ੍ਰਤਾਪ) ਪ੍ਰਭਾਵ ਨਾਲ ਦੇਵਤਿਆਂ ਨੂੰ ਐਸ ਤਰ੍ਹਾਂ (ਪ੍ਰਤਾਪ) ਦੁੱਖ ਤੋਂ ਪਰ੍ਹੇ ਭਾਵ ਸੁੱਖ ਵਧਿਆ। ਤਿੰਨ ਲੋਕ (ਸਾਰੀ ਸ੍ਰਿਸ਼ਟੀ) ਜੈ ਜੈ ਕਰਦੇ ਹਨ ਅਤੇ (ਨਾਮ ਸਤਿ) ਜੀਹਦਾ ਨਾਮ ਸੱਚਾ ਹੈ ਭਾਵ ਪਰਮੇਸ਼ਰ ਦੇਵੀ ਦੁਰਗਾ ਦਾ (ਜਾਪ) ਮੰਤਰ ਉਚਾਰਦੇ ਹਨ॥੫੬॥

**ਇਸੀ ਭਾਂਤਿ ਸੋ ਦੇਵਤਨ ਰਾਜ ਕਿਯੋ ਸੁਖੁ ਮਾਨ॥**
**ਬਹੁਰਿ ਸੁੰਭ ਨੈਸੁੰਭ ਦੁਇ ਦੈਤ ਬਡੇ ਬਲਵਾਨ॥੫੭॥**

***ਭਾਵਾਰਥ:–*** ਏਸੇ ਤਰ੍ਹਾਂ ਨਾਲ ਦੇਵਤਿਆਂ ਨੇ (ਸੁਖੁ) ਆਨੰਦ ਮਾਣਦਿਆਂ ਹੋਇਆਂ ਰਾਜ ਕੀਤਾ, ਫੇਰ ਸੁੰਭ ਅਤੇ ਨਿਸੁੰਭ ਦੋ ਦੈਂਤ ਬੜੇ ਬਲੀ ਹੋਏ॥੫੭॥

**ਦੋਹਰਾ॥**

**ਇੰਦ੍ਰ ਲੋਕ ਕੇ ਰਾਜ ਹਿਤ ਚੜਿ ਧਾਏ ਨ੍ਰਿਪ ਸੁੰਭ॥**
**ਸੈਨਾ ਚਤੁਰੰਗਨਿ ਰਚੀ ਪਾਇਕ ਰਥ ਹੈ ਕੁੰਭ॥੫੮॥**

***ਭਾਵਾਰਥ:–*** (ਇੰਦ੍ਰ ਲੋਕ) ਦੇਵ ਪੁਰੀ ਦੇ ਰਾਜ ਲਈ ਚਾਰ ਅੰਗਾਂ (ਪਾਇਕ) ਪੈਦਲ, ਰਥ, (ਹੈ) ਘੋੜੇ ਅਤੇ (ਕੁੰਭ) ਹਾਥੀਆਂ ਵਾਲੀ ਸੈਨਾ ਰਚ ਕੇ (ਨ੍ਰਿਪ) ਰਾਜਾ ਸੁੰਭ ਜੀ ਚੜ੍ਹਾਈ ਕਰ ਕੇ ਚੱਲ ਪਏ॥੫੮॥

**ਸਵੈਯਾ॥**

**ਬਾਜਤ ਡੰਕ ਪਰੀ ਧੁਨਿ ਕਾਨ ਸ਼ਸੰਕ ਪੁਰੰਦਰ ਮੂੰਦਤ ਪਉਰੈ॥**
**ਸੂਰ ਮੈ ਨਾਹਿ ਰਹੀ ਦੁਤਿ ਦੇਖਿ ਕੈ ਜੁੱਧ ਕੋ ਦੈਤਜ ਭਏ ਇਕ ਠਉਰੈ॥**
**ਕਾਂਪ ਸਮੁਦ੍ਰ ਉਠੇ ਸਿਗਰੇ ਬਹੁ ਭਾਰ ਭਈ ਧਰਨੀ ਗਤਿ ਅਉਰੈ॥**
**ਮੇਰੁ ਹਲਯੋ ਦਹਲਯੋ ਸੁਰ ਲੋਕ ਜਬੈ ਦਲ ਸੁੰਭ ਨਿਸੁੰਭ ਕੇ ਦਉਰੈ॥੫੯॥**

***ਭਾਵਾਰਥ:–*** (ਡੰਕ) ਨਗਾਰਾ (ਡੰਕਾ) ਵੱਜਦੇ ਦੀ ਜਦੋਂ ਕੰਨੀਂ ਆਵਾਜ਼ ਪਈ ਤਾਂ (ਸਸੰਕ) ਸ਼ੰਕਾ ਸਹਿਤ ਹੋ ਕੇ (ਪੁਰੰਦਰ) ਇੰਦਰ (ਪਉਰੈ) ਦਰਵਾਜ਼ੇ ਬੰਦ ਕਰਨ ਲੱਗ ਪਿਆ। ਦੈਤ ਸੈਨਾ ਅਥਵਾ ਦੈਤ ਰਾਜ ਸੁੰਭ ਨੂੰ ਵੇਖ ਕੇ ਸੂਰਜ ਵਿੱਚ ਵੀ (ਦੁਤਿ) ਚਮਕ ਨਾ ਰਹਿ ਸਕੀ, ਕਿਉਂਕਿ ਦੈਤ ਜੰਗ ਲਈ ਇੱਕ ਥਾਂ ਹੋਏ ਹੋਏ ਸਨ। ਸਾਰੇ ਸਮੁੰਦਰ ਕੰਬ ਉੱਠੇ, ਬਹੁਤੇ ਬੋਝ ਨਾਲ ਜ਼ਮੀਨ ਦੀ ਹਾਲਤ ਹੋਰ ਹੀ ਹੋ ਗਈ ਭਾਵ ਜ਼ਮੀਨ ਹਿੱਲਣ ਲੱਗ ਪਈ। ਸੁਮੇਰ (ਪਰਬਤ) ਵੀ ਹਿੱਲ ਖਲੋਤਾ, ਦੇਵ ਲੋਕ ਵੀ (ਦਹਲਿਓ) ਭੈ ਭੀਤ ਹੋ ਗਿਆ, ਜਦੋਂ ਕਿ ਸੁੰਭ ਅਤੇ ਨਿਸੁੰਭ ਦੇ ਦਲ ਦੌੜੇ ਸਨ॥੫੯॥

**ਦੋਹਰਾ॥**

**ਦੇਵ ਸਭੈ ਮਿਲਿ ਕੈ ਤਬੈ ਗਏ ਸਕ੍ਰ ਪਹਿ ਧਾਇ॥**
**ਕਹਯੋ ਦੈਤ ਆਏ ਪ੍ਰਬਲ ਕੀਜੈ ਕਹਾ ਉਪਾਇ॥੬੦॥**

***ਭਾਵਾਰਥ:–*** ਉਦੋਂ ਹੀ ਸਾਰੇ ਦੇਵਤੇ ਇਕੱਠੇ ਹੋ ਕੇ (ਧਾਇ) ਦੌੜ ਕੇ (ਝਟਪਟ) (ਸਕ੍ਰ) ਇੰਦਰ ਪਾਸ ਗਏ। ਅਤੇ ਕਿਹਾ ਕਿ (ਪ੍ਰਬਲ) ਬਲੀ ਦੈਤ ਚੜ੍ਹ ਕੇ ਆ ਗਏ ਨੇ, ਕੋਈ ਯਤਨ ਕਰੋ॥੬੦॥

**ਦੋਹਰਾ॥**

**ਸੁਨਿ ਕੋਪਯੋ ਸੁਰਪਾਲ ਤਬ ਕੀਨੋ ਜੁੱਧ ਉਪਾਇ॥**
**ਸੇਖ ਦੇਵ ਗਨ ਜੇ ਹੁਤੇ ਤੇ ਸਭ ਲਿਯੇ ਬੁਲਾਇ॥੬੧॥**

***ਭਾਵਾਰਥ:–*** (ਸੁਰਪਾਲ) ਇੰਦਰ ਨੂੰ ਸੁਣ ਕੇ ਗੁੱਸਾ ਚੜ੍ਹ ਗਿਆ ਅਤੇ ਜੰਗ ਦਾ ਯਤਨ ਕੀਤਾ। (ਸੇਖ) ਹੋਰ ਜਿੰਨੇ (ਗਨ) ਸਮੁਦਾਇ ਦੇਵਤਾ ਸਨ, ਉਹ ਸਾਰੇ ਬੁਲਾ ਲਏ॥੬੧॥

**ਸਵੈਯਾ॥**

**ਭੂਮਿ ਕੋ ਭਾਰ ਉਤਾਰਨ ਕੋ ਜਗਦੀਸ ਬਿਚਾਰ ਕੈ ਜੁੱਧੁ ਠਟਾ[੧]॥**
**ਗਰਜੈ ਮਦ ਮੱਤਿ ਕਰੀ ਬਦਰਾ ਬਗ ਪੰਤ ਲਸੈ ਜਨੁ ਦੰਤ ਗਟਾ॥**
**ਪਹਰੇ ਤਨਤ੍ਰਾਨ ਫਿਰੈ ਤਹ ਬੀਰ ਲਿਯੇ ਬਰਛੀ ਕਰਿ ਬਿੱਜ ਛਟਾ॥**
**ਦਲ ਦੈਤਨ ਕੋ ਅਰਿ ਦੇਵਨ ਪੈ ਉਮਡਯੋ ਮਨੁ ਘੋਰ ਘਮੰਡ ਘਟਾ॥੬੨॥**

***ਭਾਵਾਰਥ:–*** (ਆਖਰੀ ਤੁਕ ’ਚੋਂ ਆਰੰਭ ਕਰਨਾ ਕਿ ਬੱਦਲ ਦੀ ਤਰ੍ਹਾਂ ਦਲ ਚੜ੍ਹਿਆ ਹੈ) ਜ਼ਮੀਨ ਦਾ (ਭਾਰ) ਪਾਪ ਲਾਹੁਣ ਲਈ (ਜਗਦੀਸ) ਪਰਮੇਸ਼ਰ ਨੇ ਸੋਚ ਕੇ ਹੀ (ਠਟਾ) ਜੰਗ ਰਚਿਆ ਹੋਇਆ ਹੈ। (ਮਦ ਮਤਿ) ਮਸਤ (ਕਰੀ) ਹਾਥੀ ਰੂਪ ਬੱਦਲ ਗੱਜਦੇ ਹਨ, (ਜਨੁ) ਮਾਨੋ ਕਿ ਦੰਦਾਂ

---

[੧] ਪਰਮੇਸ਼ਰ ਨੇ ਜ਼ਮੀਨ ਦਾ ਭਾਰ ਲਾਹੁਣ ਨੂੰ (ਜੰਗ) ਬਣਾਇਆ ਹੋਇਆ ਹੈ ਇਸਦਾ ਭਾਵ ਇਹ ਹੈ ਕਿ ਜ਼ਮੀਨ ਵਿੱਚੋਂ ਜਦੋਂ ਜੀਵਾਂ ਦੇ ਪਾਲਣ ਜਿੰਨਾ ਅੰਨ ਪੈਦਾ ਨਾ ਹੋ ਸਕੇ ਤਾਂ ਅੰਨ ਘੱਟ ਅਤੇ ਜੀਵ ਜਿਆਦਾ ਭਾਰ ਦਾ ਰੂਪ ਹੋ ਜਾਂਦੇ ਹਨ, ਅੰਨ ਮਨੁੱਖਾਂ ਦੀ ਲੋੜ ਹੈ, ਪਰ ਧਰਤੀ ਤੋਂ ਬਿਨਾਂ ਉਪਜ ਵੀ ਨਹੀਂ ਹੋ ਸਕਦੀ, ਏਸ ਵਾਸਤੇ ਬੋਝ ਕਿਹਾ ਜਾਂਦਾ ਹੈ। ਬੋਝ, ਭਾਰ, ਪਾਪ ਦਾ ਰੂਪ ਵਿਧਿ ਨਿਵੇਸ਼ ਵ੍ਰਿਤੀਆਂ ਦੁਆਰਾ ਥੁੜ ਅਤੇ ਬਹੁਲਤਾ ਹਨ, ਜਿੱਥੇ ਜੀਵਾਂ ਦੀ ਬਹੁਲਤਾ ਹੈ ਓੱਥੇ ਹੀ ਅੰਨ ਦੀ ਥੁੜ ਹੈ। ਜਿੱਥੇ ਅੰਨ ਦੀ ਬਹੁਲਤਾ ਹੋਵੇ ਅਤੇ ਜੀਵਾਂ ਦੀ ਘਾਟ ਹੋਵੇ, ਓਥੇ ਵੀ ਭਾਰ ਹੀ ਹੈ, ਪਰ ਅਨਾਜ ਦੀ ਜਿਆਦਤੀ ਨੂੰ ਮਨੁੱਖ ਨੇ ਵਪਾਰ ਵਿੱਚ ਦਾਖ਼ਲ ਕੀਤਾ ਹੋਇਆ ਹੈ, ਥੋੜ੍ਹੀ-ਬਹੁਤੀ ਏਸ ਦੀ ਕੀਮਤ ਮਿਲ ਹੀ ਜਾਂਦੀ ਹੈ, ਜਦੋਂ ਕੀਮਤ ਵਸੂਲ ਨਹੀਂ ਹੁੰਦੀ ਤਾਂ ਅੰਨ ਦੀ ਜਿਆਦਤਿ ਵੀ ਭਾਰ ਹੋ ਜਾਂਦੀ ਹੈ, ਵਿਚਾਰ ਦੀ ਕਸੌਟੀ ’ਤੇ ਪਰਖਿਆਂ ਜਿਸ ਕੰਮ ਤੋਂ ਜੀਵਨ ਨਿਰਬਾਹ ਨਾ ਹੋ ਸਕੇ, ਉਸ ਨੂੰ ਬੋਝ ਕਿਹਾ ਜਾ ਸਕਦਾ ਹੈ। ਜੀਵਨ ਨਿਰਬਾਹ ਦੀ ਤੰਗੀ ਦਾ ਮਨ ’ਤੇ ਪ੍ਰਭਾਵ ਪਾਪ ਕਿਹਾ ਜਾਂਦਾ ਹੈ। ਬੋਝ, ਭਾਰ ਤੇ ਪਾਪ ਨੂੰ ਤਨ, ਧਨ ਅਤੇ ਮਨ ’ਤੇ ਵੰਡਿਆਂ ਹੋਇਆਂ ਹੋਰ ਵ੍ਰਿਤੀਆਂ ਵੀ ਅਨੁਭਵ ਗੋਚਰ ਹੁੰਦੀਆਂ ਹਨ, ਜਿਨ੍ਹਾਂ ਦਾ ਅਸਰ ਵੀ ਤ੍ਰਿਪੁਟੀਆਂਮਈ ਰਜ, ਤਮ ਅਤੇ ਸਤ ਗੁਣਾਂ ਰੂਪ ਹੋ ਜਾਂਦਾ ਹੈ ਪਰ ਮਿਸ਼ਰਣ ਕਿਰਿਆ ਦਾ ਵਰਣਨ ਸੂਖਮ ਤੋਂ ਸੂਖਮ ਕਿਰਿਆ ਰੂਪ ਬੋਝ, ਭਾਰ ਅਤੇ ਪਾਪ ਮਈ ਸ੍ਰਿਸ਼੍ਰਿ ਨੂੰ ਮਨਾਂ ਦੀਆਂ ਪੱਟੀਆਂ ’ਤੇ ਲਿਖਦਾ ਜਾਂਦਾ ਹੈ। ਇਹ ਲਿਖਤ ਏਨੀ ਵੱਡੀ ਹੋ ਜਾਂਦੀ ਹੈ ਕਿ ਜੀਹਦਾ ਅੰਤ ਨਹੀਂ ਰਹਿੰਦਾ। ਏਸ ਚਿਤ੍ਰਗੁਪਤ ਦੇ ਦਫ਼ਤਰ ਨੂੰ ਜੰਗਮਈ ਲਹਿਰ ਹੀ ਰੋੜ੍ਹ ਸਕਦੀ ਹੈ, ਜਿਸ ਵਿੱਚ ਕਾਲ ਸਨਮੁਖ ਹੋ ਕੇ ਮਨਾਂ ਨੂੰ ਇਕਾਂਤ ਵਾਸੀ ਬਣਾਉਂਦਾ ਹੈ। ਦੇਵ ਮੰਡਲ ਵਿੱਚ ਭੋਗ ਪ੍ਰਬਲ ਮੰਨਿਆ ਹੋਇਆ ਹੈ ਪਰ ਭੋਗ ਦਾ ਰੂਪ ਤਮੋ ਗੁਣੀ ਸ੍ਰਿਸ਼੍ਰਿ ਵਿੱਚ ਹੈ, ਓਸ ਦੀਆਂ ਵਾਸ਼ਨਾਵਾਂ ਹੀ ਦੇਵਤਿਆਂ ਨੂੰ ਬਿਪਦਾ ਪਾਉਂਦੀਆਂ ਹਨ, , ਦੇਵਤਿਆਂ ਨੂੰ ਸਤੋ ਗੁਣੀ ਮੰਨਿਆ ਹੋਇਆ ਹੈ ਪਰ ਭੋਗ ਇੱਛਾ ਰੂਪ ਤਮੋ-ਗੁਣ ਓਥੇ ਵੀ ਮੌਜੂਦ ਹੈ, ਤਮੋ ਗੁਣ ਦਾ ਭਾਰ ਜਿੱਥੇ ਵੱਧ ਜਾਂਦਾ ਹੈ ਉਥੇ ਹੀ ਜੰਗ ਰਹਿੰਦਾ ਹੈ, ਜੰਗ ਗੁਣ ਦਾ ਆਰੰਭ ਤਮੋ ਅਤੇ ਅੰਤ ਸਤੋ ਗੁਣ ਹੈ। ਪਰਮੇਸ਼ਰ ਨੇ ਸਦਾ ਤੋਂ ਹੀ ਹਰੇਕ ਪਦਾਰਥ ਵਿੱਚ ਉਤਪਤੀ ਅਤੇ ਲੈਅ ਗੁਣ ਰੱਖੇ ਹੋਏ ਹਨ। ਜਿਨ੍ਹਾਂ ਦੀ ਵਜ੍ਹਾ ਨਾਲ ਸਾਰਾ ਨਜ਼ਾਮ ਚਲਦਾ ਰਹਿੰਦਾ ਹੈ। ਰਾਜ ਕਰਨ ਦੀ ਥਿਊਰੀ ਵੀ ਜੰਗ ਹੀ ਹੈ, ਰਾਜ ਕਾਇਮ ਵੀ ਜੰਗ ਨਾਲ ਹੀ ਰਹਿੰਦਾ ਹੈ, ਜਦੋਂ ਜੰਗ ਨਹੀਂ ਹੁੰਦਾ ਓਦੋਂ ਹੀ ਬਦਅਮਨੀ ਫੈਲ ਜਾਂਦੀ ਹੈ। ਬਦਅਮਨੀ ਨੂੰ ਦੂਰ ਕਰਨਾ ਵੀ ਜੰਗ ਹੀ ਹੈ, ਏਸੇ ਵਾਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜੰਗ ਨੂੰ ਪਰਮੇਸ਼ਰ ਰਚਿਤ ਭਾਵ-‘ਅਨਾਦੀ’ ਮੰਨਿਆ ਹੈ, ਕੁਰਾਨ ਸ਼ਰੀਫ਼ ਵਿੱਚ ਵੀ ਪੈਗ਼ੰਬਰ ਨੂੰ ਲੜਾਈ ਕਰਵਾਉਣ ਵਾਲਾ ਮੰਨਿਆ ਹੋਇਆ ਹੈ।

ਦੀ (ਗਟਾ) ਜੜ੍ਤਕਾਰੀ (ਬਗ) ਬਗਲਿਆਂ ਦੀ (ਪੰਤ) ਪੰਕਤੀ (ਲਸੈ) ਪ੍ਰਕਾਸ਼ਦੀ ਹੈ। ਓਥੇ ਯੋਧੇ ਤਾਂ (ਤਨਤ੍ਰਾਨ) ਸੰਜੋਆ ਪਹਿਰੇ ਫਿਰਦੇ ਹਨ ਅਤੇ ਹੱਥਾਂ ਵਿੱਚ ਬਰਛੀਆਂ ਲਈ ਫਿਰਦੇ ਹਨ (ਮਾਨੋ ਕਿ ਇਹ) (ਬਿੱਜੁ ਛਟਾ) ਬਿਜਲੀ ਦੀ ਚਮਕ ਅਥਵਾ ਬੱਦਲ ਵਿੱਚ ਬਿਜਲੀ ਹੈ। ਮਾਨੋ ਕਿ ਦੈਂਤਾਂ ਦਾ ਦਲ ਦੇਵਤਿਆਂ ਰੂਪ (ਅਰਿ) ਦੁਸ਼ਮਣਾਂ ਤੇ (ਬੱਦਲ  ਦੀ) ਘੋਰ ਘਟਾ ਵਾਂਗ (ਘਮੰਡ) ਗੱਜ ਕੇ (ਉਮਡਿਓ) ਚੜ੍ਹਿਆ ਹੈ॥੬੨॥

**ਦੋਹਰਾ॥**

**ਸਕਲ ਦੈਤ ਇਕਠੇ ਭਏ ਕਰਯੋ ਜੁੱਧ ਕੋ ਸਾਜ॥**
**ਅਮਰ ਪੁਰੀ ਮਹਿ ਜਾਇ ਕੈ ਘੇਰਿ ਲਿਯੋ ਸੁਰ ਰਾਜ॥੬੩॥**

***ਭਾਵਾਰਥ:–*** ਯੁੱਧ ਦਾ (ਸਾਜ) ਠਾਟ ਬਣਾ ਕੇ ਸਾਰੇ ਦੇਵਤੇ ਇਕੱਠੇ ਹੋ ਗਏ। ਦੈਂਤਾਂ ਨੇ (ਅਮਰਪੁਰੀ) ਦੇਵ ਪੁਰੀ ਵਿੱਚ ਜਾ ਕੇ (ਸੁਰਰਾਜ) ਇੰਦਰ ਨੂੰ ਘੇਰ ਲਿਆ॥੬੩॥

**ਸਵੈਯਾ॥**

**ਖੋਲਿ ਕੈ ਦ੍ਵਾਰ ਕਿਵਾਰ ਸਭੈ ਨਿਕਸੀ ਅਸੁਰਾਰਿ ਕੀ ਸੈਨ ਚਲੀ॥**
**ਰਨ ਮੈ ਤਬ ਆਨਿ ਇਕਤ੍ਰ ਭਏ ਲਖਿ ਸਤ੍ਰ ਕੀ ਪਤ੍ਰ ਜਸੋਂ ਸੈਨ ਹਲੀ॥**
**ਦ੍ਰੂਮ ਦੀਰਘ ਜਸੋਂ ਗਜ ਬਾਜਿ ਹਲੇ ਰਥ ਪਾਇਕ ਜਸੋਂ ਫਲ ਫੂਲ ਕਲੀ॥**
**ਦਲ ਸੁੰਭ ਕੋ ਮੇਘ ਬਿਡਾਰਨ ਕੋ ਨਿਕਸਯੋ ਮਘਵਾ ਮਨੁ ਪਉਨ ਬਲੀ॥੬੪॥**

***ਭਾਵਾਰਥ:–*** (ਹਨੇਰੀ ਦਾ ਰੂਪਕ ਹੈ) ਸਾਰੇ ਦਰਵਾਜ਼ਿਆਂ ਦੇ (ਕਿਵਾਰ) ਤਖ਼ਤੇ ਖੋਲ੍ਹ ਕੇ (ਅਸੁਰਾਰਿ) ਇੰਦਰ ਦੀ ਸੈਨਾ ਨਿਕਲ ਕੇ ਚੱਲ ਪਈ। (ਦੇਵਤੇ) ਜੰਗ ਵਿੱਚ ਆ ਕੇ ਇਕੱਠੇ ਹੋ ਗਏ, ਵੇਖ ਕੇ ਵੈਰੀ ਦੀ ਫ਼ੌਜ ਪੱਤਿਆਂ ਵਾਂਗ ਹਿੱਲ ਪਈ। (ਦੀਰਘ) ਲੰਮੇ (ਦ੍ਰੂਮ) ਦਰਖਤਾਂ ਵਾਂਗ ਹਾਥੀ ਅਤੇ ਘੋੜੇ ਹਿੱਲੇ, ਰਥ ਅਤੇ ਪੈਦਲ ਫਲ ਫੁੱਲ ਅਤੇ ਕਲੀਆਂ ਵਾਂਗ (ਹਿੱਲੇ)। ਸੁੰਭ ਦੇ ਦਲ ਰੂਪ ਬੱਦਲਾਂ ਨੂੰ (ਬਿਡਾਰਨ) ਨਾਸ ਕਰਨ ਲਈ (ਮਨੁ) ਮਾਨੋ ਕਿ (ਮਘਵਾ) ਇੰਦਰ (ਪਉਨ ਬਲੀ) ਹਨ੍ਹੇਰੀ ਵਾਂਗ ਨਿਕਲਿਆ॥੬੪॥

**ਇਤ ਕੋਪ ਪੁਰੰਦਰ ਦੇਵ ਚੜੇ ਉਤ ਜੁੱਧ ਕੋ ਸੁੰਭ ਚੜੇ ਰਨ ਮੈ॥**
**ਕਰ ਬਾਨ ਕਮਾਨ ਕ੍ਰਿਪਾਨ ਗਦਾ ਪਹਿਰੇ ਤਨਤ੍ਰਾਨ ਤਬੈ ਤਨ ਮੈ॥**
**ਤਬ ਮਾਰ ਮਚੀ ਦੁਹੂੰ ਓਰਨ ਤੇ ਨ ਰਹਯੋ ਭ੍ਰਮ ਸੂਰਨ ਕੇ ਮਨ ਮੈ॥**
**ਬਹੁ ਜੰਬੁਕ ਗ੍ਰਿਝ ਚਲੇ ਸੁਨਿ ਕੈ ਅਤਿ ਮੋਦ ਬਢਯੋ ਸਿਵ ਕੇ ਗਨ ਮੈ॥੬੫॥**

***ਭਾਵਾਰਥ:–*** ਏਧਰੋਂ ਕ੍ਰੋਧ ਨਾਲ (ਪੁਰੰਦਰ) ਇੰਦਰ ਅਤੇ ਦੇਵਤੇ ਚੜ੍ਹ ਪਏ, ਓਧਰੋਂ ਜੰਗ ਲਈ ਸੁੰਭ ਹੁਰੀਂ ਵੀ ਚੜ੍ਹ ਪਏ। ਹੱਥਾਂ ਵਿੱਚ ਤੀਰ, ਕਮਾਨਾਂ, ਤਲਵਾਰਾਂ ਅਤੇ ਗਦਾਵਾਂ ਸਨ, ਉਦੋਂ ਦੋਹਾਂ ਪਾਸਿਆਂ ਤੋਂ ਮਾਰ ਮੱਚ ਪਈ ਯੋਧਿਆਂ ਦੇ ਮਨ ਵਿੱਚ ਕੋਈ (ਭ੍ਰਮ) ਗੁਭ ਗਲ੍ਹਾਟ ਜਾਂ ਗੁਬਾਰ ਨਾ ਰਿਹਾ। (ਜੰਗ

ਨੂੰ) ਸੁਣ ਕੇ ਬੜੇ (ਜੁੰਬਕ) ਗਿੱਦੜ ਅਤੇ ਗਿਰਝਾਂ ਚੱਲੀਆਂ, ਸ਼ਿਵ ਦੇ ਗਣਾਂ (ਭੂਤ ਪ੍ਰੇਤਾਂ) ਦੇ ਮਨ ਵਿੱਚ (ਅਤਿ ਮੋਦ) ਬਹੁਤ ਖੁਸ਼ੀ ਵਧੀ॥੬੫॥

**ਰਾਜ ਪੁਰੰਦਰ ਕੋਪ ਕਿਯੋ ਇਤ ਜੁੱਧ ਕੋ ਦੈਤਜ ਜੁਰੇ ਉਤ ਕੈਸੇ॥**
**ਸਿਆਮ ਘਟਾ ਘੁਮਰੀ ਘਨਘੋਰ ਕੈ ਘੇਰਿ ਲਿਯੋ ਹਰਿ ਕੋ ਰਵਿ ਤੈਸੇ॥**
**ਸਕ੍ਰ ਕਮਾਨ ਕੇ ਬਾਨ ਲਗੇ ਸਰ ਫੋਕ ਲਸੈ ਅਰਿ ਕੇ ਉਰ ਐਸੇ॥**
**ਮਾਨੋ ਪਹਾਰ ਕਰਾਰ ਮੈਂ ਚੋਂਚ ਪਸਾਰ ਰਹੇ ਸਿਸੁ ਸਾਰਕ ਜੈਸੇ॥੬੬॥**

***ਭਾਵਾਰਥ:–*** ਏਧਰੋਂ ਤਾਂ (ਪੁਰੰਦਰ) ਇੰਦਰ ਰਾਜੇ ਨੇ ਕ੍ਰੋਧ ਕੀਤਾ ਅਤੇ ਓਧਰੋਂ ਦੈਂਤ ਕਿਸ ਤਰ੍ਹਾਂ ਜੰਗ ਨੂੰ ਚੜ੍ਹੇ ਸਨ। (ਜਿਸ ਤਰ੍ਹਾਂ) (ਸਿਆਮ ਘਟਾ) ਕਾਲੀ ਘਟਾ (ਘਨ ਘੋਰ) ਗੱਜ ਕੇ (ਘੁਮਰੀ) ਉਮਡੀ ਹੁੰਦੀ ਹੈ ਅਤੇ (ਰਵਿ) ਸੂਰਜ ਨੂੰ ਘੇਰ ਲਿਆ ਹੁੰਦਾ ਹੈ, (ਤੈਸੇ) ਉਸੇ ਤਰ੍ਹਾਂ ਹੀ (ਹਰਿ) ਇੰਦਰ ਨੂੰ ਘੇਰ ਲਿਆ। (ਸਕ੍ਰ) ਇੰਦਰ ਦੀ ਕਮਾਨ ਦੇ ਤੀਰ ਵੈਰੀ ਦੀ (ਉਰ) ਛਾਤੀ ਵਿੱਚ ਲੱਗਿਆਂ ਹੋਇਆਂ ਵੀ (ਸਰ ਫੋਕ) ਬਾਗੜ ਇਓਂ (ਲਸੈ) ਚਮਕਦੀ ਹੈ। ਮਾਨੋ ਕਿ ਪਹਾੜ ਦੀ (ਕਰਾਰ) ਖੋਹ ਵਿੱਚੋਂ (ਸਾਰਕ) ਗੁਟਾਰ ਦੇ (ਸਿਸੁ) ਬੱਚੇ ਜਿਸ ਤਰ੍ਹਾਂ ਚੁੰਝਾਂ (ਪਸਾਰ) ਟੱਡ ਰਹੇ ਹੁੰਦੇ ਹਨ॥੬੬॥

**ਸਵੈਯਾ॥**

**ਬਾਨ ਲਗੇ ਲਖ ਸੁੰਭ ਦਈਤ ਧਸੇ ਰਨ ਲੈ ਕਰਵਾਰਨ ਕੋ॥**
**ਰੰਗ ਭੂਮਿ ਮੈ ਸਤ੍ਰੁ ਗਿਰਾਇ ਦਏ ਬਹੁ ਸ੍ਰੌਨ ਬਹ੍ਯੋ ਅਸੁਰਾਰਨ ਕੋ॥**
**ਪ੍ਰਗਟੇ ਗਨ ਜੰਬੁਕ ਗ੍ਰਿਝ ਪਿਸਾਚ ਸੁ ਯੌ ਰਨ ਭਾਂਤਿ ਪੁਕਾਰਨ ਕੋ॥**
**ਸੁ ਮਨੋ ਭਟ ਸਾਰਸੁਤੀ ਤਟ ਨ੍ਹਾਤ ਹੈ ਪੂਰਬ ਪਾਪ ਉਤਾਰਨ ਕੋ॥੬੭॥**

***ਭਾਵਾਰਥ:–*** ਸੁੰਭ ਨੂੰ ਤੀਰ ਵੱਜੇ ਹੋਏ ਵੇਖ ਕੇ ਦੈਤ (ਕਰਵਾਰਨ) ਤਲਵਾਰਾਂ ਨੂੰ ਲੈ ਕੇ ਜੰਗ ਵਿੱਚ ਧੱਸ ਪਏ। (ਰੰਗ ਭੂਮਿ) ਮੈਦਾਨੇ ਜੰਗ ਵਿੱਚ ਦੁਸ਼ਮਣ ਡੇਗ ਦਿੱਤੇ, ਬਹੁਤ (ਅਸੁਰਾਰਨ) ਦੇਵਤਿਆਂ ਦਾ (ਸ੍ਰੋਨ) ਖੂਨ ਵਗ ਤੁਰਿਆ। ਜੰਗ ਵਿੱਚ (ਗਨ) ਸਮੁਦਾਇ ਗਿੱਦੜ, ਗਿਰਝਾਂ ਅਤੇ ਪ੍ਰੇਤ ਇਓਂ ਬੋਲਣ ਲਈ ਪ੍ਰਗਟ ਹੋ ਗਏ। ਮਾਨੋ ਕਿ ਯੋਧੇ ਸਰਸਵਤੀ ਨਦੀ ਦੇ ਕੰਢੇ ਤੇ ਪਹਿਲੇ ਪਾਪ ਲਾਹੁਣ ਲਈ ਨਹਾਉਂਦੇ ਹਨ॥੬੭॥

**ਜੁੱਧ ਨਿਸੁੰਭ ਭਯਾਨ ਰਚ੍ਯੋ ਅਸ ਆਗੇ ਨ ਦਾਨਵ ਕਾਹੂ ਕਰ੍ਯੋ ਹੈ॥**
**ਲੋਥਨ ਊਪਰਿ ਲੋਥ ਪਰੀ ਤਹ ਗੀਧ ਸ੍ਰਿੰਗਾਲਨਿ ਮਾਸੁ ਚਰ੍ਯੋ ਹੈ॥**
**ਗੂੰਦ ਬਹੈ ਸਿਰ ਕੇਸਨ ਤੇ ਸਿਤ ਪੁੰਜ ਪ੍ਰਵਾਹ ਧਰਾਨ ਪਰ੍ਯੋ ਹੈ॥**
**ਮਾਨਹੁ ਜਟਾਧਰ ਕੀ ਜਟ ਤੇ ਜਨੁ ਰੋਸ ਕੈ ਗੰਗ ਕੋ ਨੀਰ ਢਰ੍ਯੋ ਹੈ॥੬੮॥**

***ਭਾਵਾਰਥ:–*** ਨਿਸੁੰਭ ਨੇ ਭਿਆਨਕ ਜੰਗ (ਰਚਿਓ) ਆਰੰਭਿਆ ਐਹੋ ਜਿਹਾ ਜੰਗ ਕਿਸੇ ਦੈਂਤ ਨੇ (ਆਗੇ) ਪਹਿਲੋਂ ਨਹੀਂ ਕੀਤਾ। ਲੋਥਾਂ ਤੇ ਲੋਥਾਂ ਚੜ੍ਹੀਆਂ ਪਈਆਂ ਹਨ, ਓਥੇ ਗਿਰਝਾਂ ਅਤੇ (ਸ੍ਰਿੰਗਾਲਨਿ) ਗਿੱਦੜਾਂ ਨੇ ਮਾਸ (ਚਰਿਓ) ਖਾਧਾ ਹੈ। ਸਿਰ ਦਿਆਂ (ਪੁੰਜ) ਸਮੂਹ ਕੇਸਾਂ (ਕਾਲਿਆਂ)

’ਚੋਂ (ਸਿਤ) ਚਿੱਟੀ (ਗੂਦ) ਮਿੱਝ ਦਾ ਪ੍ਰਵਾਹ (ਬਹੈ) ਚੱਲ ਕੇ ਜ਼ਮੀਨ ਤੇ ਪਿਆ (ਤੁਰਿਆ ਹੋਇਆ ਹੈ)। ਮਾਨੋ ਕਿ (ਜਟਾਧਾਰ) ਸ਼ਿਵ ਜੀ ਦੀ ਜਟਾਂ ਤੋਂ (ਰੋਸ) ਜੋਸ਼ ਨਾਲ (ਜਨੁ) ਜਿਵੇਂ ਗੰਗਾ ਦਾ ਪਾਣੀ (ਢਰਿਓ) ਨਿਕਲਿਆ ਹੈ॥੬੮॥

**ਬਾਰ ਸਿਵਾਰ ਭਏ ਤਿਹ ਠੌਰ ਸੁ ਫੇਨ ਜਸੋਂ ਛਤ੍ਰ ਫਿਰੇ ਤਰਤਾ॥**
**ਕਰ ਅੰਗੁਲਿਕਾ ਸਫਰੀ ਤਲਫੈ ਭੁਜ ਕਾਟ ਭੁਜੰਗ ਕਰੇ ਕਰਤਾ॥**
**ਹਯ ਨਕ੍ਰ ਧੁਜਾ ਦ੍ਰੁਮ ਸ੍ਰੌਣਤ ਨੀਰ ਮੈ ਚਕ੍ਰ ਜਸੋਂ ਚਕ੍ਰ ਫਿਰੈ ਗਰਤਾ॥**
**ਤਬ ਸੁੰਭ ਨਿਸੁੰਭ ਦੁਹੂੰ ਮਿਲਿ ਦਾਨਵ ਮਾਰ ਕਰੀ ਰਨ ਮੈ ਸਰਿਤਾ॥੬੯॥**

***ਭਾਵਾਰਥ:-*** (ਨਦੀ ਦਾ ਰੂਪਕ ਹੈ) ਓਸ ਥਾਂ ਭਾਵ ਮੈਦਾਨੇ ਜੰਗ ਵਿੱਚ (ਸਿਵਾਰ) ਜਾਲਾ ਰੂਪ (ਬਾਰ) ਵਾਲ (ਕੇਸ) ਬਣੇ ਹੋਏ ਹਨ ਅਤੇ (ਫੇਨ) ਝੱਗ ਵਾਂਗ ਛਤ੍ਰ ਤੁਰਦੇ ਫਿਰਦੇ ਹਨ। ਹੱਥਾਂ ਦੀਆਂ ਉਂਗਲੀਆਂ ਰੂਪ (ਸਫਰੀ) ਮੱਛੀਆਂ (ਤਲਫੈ) ਉੱਛਲਦੀਆਂ ਹਨ, (ਕਰਤਾ) ਬ੍ਰਹਮਾ (ਅਥਵਾ- ਕਰੀਆਂ- ਹਾਥੀਆਂ, ਅਥਵਾ ਯੋਧਿਆਂ ਦੀਆਂ) (ਭੁਜ) ਬਾਹਾਂ (ਸੁੰਡ) ਕੱਟ ਕੇ ਸੱਪ ਕੀਤੇ ਹੋਏ ਹਨ। (ਹਯ) ਘੋੜਿਆਂ ਰੂਪ (ਨਕ੍ਰ) ਨਾਕੂ (ਮਗਰ ਮੱਛ), ਧੁਜਾਂ ਰੂਪ (ਦ੍ਰੁਮ) ਬ੍ਰਿਛ, ਲਹੂ ਰੂਪ ਪਾਣੀ ਵਿੱਚ, (ਚਕ੍ਰ) ਘੁੰਮਣ ਘੇਰੀ ਵਾਂਗ ਚਕ੍ਰ (ਗਰਤਾ) ਹੇਠਾਂ ਨੂੰ ਜਾਂਦਾ ਫਿਰਦਾ ਹੈ। ਉਦੋਂ ਸੁੰਭ ਅਤੇ ਨਿਸੁੰਭ ਦੋਹਾਂ ਦੈਂਤਾਂ ਨੇ ਮਿਲ ਕੇ ਮਾਰ ਕੇ ਜੰਗ (ਮੈਂ, ਮਯ) ਰੂਪ (ਸਰਿਤਾ) ਨਦੀ ਬਣਾ ਦਿੱਤੀ॥੬੯॥

**ਦੋਹਰਾ॥**

**ਸੁਰ ਹਾਰੇ ਜੀਤੇ ਅਸੁਰ ਲੀਨੋ ਸਕਲ ਸਮਾਜ॥**
**ਦੀਨੋ ਇੰਦ੍ਰ ਭਜਾਇ ਕੈ ਮਹਾ ਪ੍ਰਬਲ ਦਲ ਸਾਜ॥੭੦॥**

***ਭਾਵਾਰਥ:-*** ਦੇਵਤੇ ਹਾਰ ਗਏ ਅਤੇ ਦੈਂਤ ਜਿੱਤ ਗਏ, ਦੈਂਤਾਂ ਨੇ ਸਾਰਾ (ਸਮਾਜ) ਰਾਜ ਭਾਜ ਲੈ ਲਿਆ। ਮਹਾਨ ਬਲੀ ਦਲ ਨੂੰ (ਸਾਜ) ਇਕੱਠਾ ਕਰ ਕੇ ਇੰਦਰ ਨੂੰ ਭਜਾ ਦਿੱਤਾ॥੭੦॥

**ਸਵੈਯਾ॥**

**ਛੀਨ ਭੰਡਾਰ ਲਿਯੋ ਹੈ ਕੁਬੇਰ ਤੇ ਸੇਸਹੁੰ ਤੇ ਮਨਿ ਮਾਲ ਛਡਾਈ॥**
**ਜੀਤਿ ਲੁਕੇਸ ਦਿਨੇਸ ਨਿਸੇਸ ਗਨੇਸ ਜਲੇਸ ਦਿਯੋ ਹੈ ਭਜਾਈ॥**
**ਲੋਕ ਕਿਯੇ ਤਿਨ ਤੀਨਹੁ ਆਪਨਿ ਦੈਤਜ ਪਠੈ ਤਹ ਦੈ ਠਕੁਰਾਈ॥**
**ਜਾਇ ਬਸੇ ਸੁਰਧਾਮ ਤੇਊ ਤਿਨ ਸੁੰਭ ਨਿਸੁੰਭ ਕੀ ਫੇਰੀ ਦੁਹਾਈ॥੭੧॥**

***ਭਾਵਾਰਥ:-*** ਕੁਬੇਰ ਤੋਂ ਭੰਡਾਰ ਖੋਹ ਲਿਆ ਅਤੇ ਸ਼ੇਸ਼ਨਾਗ ਤੋਂ ਮਣੀਆਂ ਦੀ ਮਾਲਾ ਵੀ (ਛਡਾਈ) ਖੋਹ ਲਈ। (ਲੁਕੇਸ) ਬ੍ਰਹਮਾ, (ਦਿਨੇਸ) ਸੂਰਜ, (ਨਿਸੇਸ) ਚੰਦ, ਗਣੇਸ਼ ਅਤੇ (ਜਲੇਸ) ਵਰਣ ਦੇਵਤੇ ਨੂੰ ਵੀ ਜਿੱਤ ਕੇ ਭਜਾ ਦਿੱਤਾ। ਉਨ੍ਹਾਂ ਨੇ ਤਿੰਨੇ ਲੋਕ ਹੀ ਆਪਣੇ ਬਣਾ ਲਏ, ਓਥੇ (ਠਕੁਰਾਈ) ਹਕੂਮਤ ਦੇ ਕੇ ਦੈਂਤ ਭੇਜ ਦਿੱਤੇ। (ਤੇਊ) ਉਹ ਵੀ (ਸੁਰਧਾਮ) ਅਮਰਾਵਤੀ ਵਿੱਚ ਜਾ ਵੱਸੇ, ਉਨ੍ਹਾਂ ਨੇ ਸੁੰਭ ਅਤੇ ਨਿਸੁੰਭ ਦੀ (ਦੁਹਾਈ) ਡੋਂਡੀ ਫੇਰ ਦਿੱਤੀ॥੭੧॥

ਦੋਹਰਾ॥

**ਖੇਤ ਜੀਤਿ ਦੈਤਨ ਲਿਯੋ ਗਏ ਦੇਵਤੇ ਭਾਜ॥**
**ਇਹੈ ਬਿਚਾਰਯੋ ਮਨ ਬਿਖੈ ਲੇਹੁ ਸਿਵਾ ਤੇ ਰਾਜ॥੨੨॥**

***ਭਾਵਾਰਥ:–*** ਦੈਂਤਾਂ ਨੇ (ਖੇਤ) ਮੈਦਾਨੇ ਜੰਗ ਜਿੱਤ ਲਿਆ, ਦੇਵਤੇ ਭੱਜ ਗਏ। (ਦੇਵਤਿਆਂ ਨੇ) ਮਨ ਵਿੱਚੋਂ (ਆਖ਼ਰ) ਇਹ ਸੋਚਿਆ ਕਿ (ਸਿਵਾ) ਦੁਰਗਾ ਤੋਂ ਰਾਜ (ਲੇਹੁ) ਲਵਾਂਗੇ॥੨੨॥

ਸਵੈਯਾ॥

**ਦੇਵ ਸੁਰੇਸ ਦਿਨੇਸ ਨਿਸੇਸ ਮਹੇਸਪੁਰੀ ਮਹਿ ਜਾਇ ਬਸੇ ਹੈਂ॥**
**ਭੇਸ ਬੁਰੇ ਤਹਾਂ ਜਾਇ ਦੁਰੇ ਸਿਰ ਕੇਸ ਜੁਰੇ ਰਨ ਤੇ ਜੁ ਤ੍ਰਸੇ ਹੈਂ॥**
**ਹਾਲ ਬਿਹਾਲ ਮਹਾ ਬਿਕਰਾਲ ਸੰਭਾਲ ਨਹੀ ਜਨੁ ਕਾਲ ਗ੍ਰਸੇ ਹੈਂ॥**
**ਬਾਰ ਹੀ ਬਾਰ ਪੁਕਾਰ ਕਰੀ ਅਤਿ ਆਰਤਵੰਤ ਦਰੀਨ ਧਸੇ ਹੈਂ॥੨੩॥**

***ਭਾਵਾਰਥ:–*** ਇੰਦਰ, ਸੂਰਜ ਅਤੇ ਚੰਦ ਆਦਿਕ ਦੇਵਤੇ (ਮਹੇਸਪੁਰੀ) ਸ਼ਿਵਪੁਰੀ ਭਾਵ ਕੈਲਾਸ਼[੧] ਵਿੱਚ ਜਾ ਵੱਸੇ। ਬੁਰੇ ਲਿਬਾਸਾਂ ਜਾਂ ਕੱਪੜਿਆਂ ਨਾਲ ਓਥੇ ਜਾ (ਦੁਰੇ) ਲੁਕੇ, ਜੰਗ ਤੋਂ (ਜੁ) ਜਿਉਂ ਹੀ (ਤ੍ਰਸੇ) ਡਰੇ ਸਨ, ਸਿਰ ਦੇ ਕੇਸ ਵੀ ਜੁੜ ਗਏ। ਹਾਲੋਂ ਬੇਹਾਲ ਹੋ ਗਏ, ਬਹੁਤ ਡਰਾਉਣੇ ਜਿਹੇ ਹੋ ਗਏ, (ਸੰਭਾਲ) ਹੋਸ਼ ਨਾ ਰਹੀ ਮਾਨੋ ਕਿ ਕਾਲ (ਜਮਰਾਜ) ਨੇ ਫੜ੍ਹੇ ਹੋਏ ਹੋਣ। ਬਾਰੰਬਾਰ ਪੁਕਾਰ ਕਰਦੇ ਹੋਏ ਮਹਾਂ (ਆਰਤਵੰਤ) ਦੁਖਿਤ ਹੋ ਕੇ ਪਹਾੜਾਂ ਦੀਆਂ (ਦਹੀਨ) ਕੰਦਰਾਂ ਵਿੱਚ ਧੱਸ ਗਏ॥੨੩॥

**ਕਾਨ ਸੁਨੀ ਧੁਨਿ ਦੇਵਨ ਕੀ ਸਭ ਦਾਨਵ ਮਾਰਨ ਕੋ ਪ੍ਰਨ ਕੀਨੋ॥**
**ਹੁਇ ਕੈ ਪ੍ਰਤੱਛ ਮਹਾ ਬਰ ਚੰਡਿ ਸੁ ਕ੍ਰੁੱਧ ਹ੍ਵੈ ਜੁੱਧ ਬਿਖੈ ਮਨ ਦੀਨੋ॥**
**ਭਾਲ ਕੋ ਫੋਰ ਕੈ ਕਾਲੀ ਭਈ ਲਖਿ ਤਾ ਛਬਿ ਕੋ ਕਬਿ ਕੋ ਮਨ ਭੀਨੋ॥**
**ਦੈਤਜ ਸਮੂਹਿ ਬਿਨਾਸਨ ਕੋ ਜਮ ਰਾਜ ਤੇ ਮ੍ਰਿਤੁ ਮਨੋ ਭਵ ਲੀਨੋ॥੨੪॥**

***ਭਾਵਾਰਥ:–*** (ਦੇਵੀ ਨੇ) ਦੇਵਤਿਆਂ ਦੀ ਆਵਾਜ਼ (ਪੁਕਾਰ) ਸੁਣ ਕੇ ਸਾਰਿਆਂ ਦੈਂਤਾਂ ਨੂੰ ਮਾਰਨ ਦਾ (ਪ੍ਰਨ) ਨਿਯਮ ਕਰ ਲਿਆ। ਮਹਾਂਬਲੀ ਚੰਡਿਕਾ ਨੇ (ਪ੍ਰਤੱਛ) ਪ੍ਰਗਟ ਹੋ ਕੇ ਕ੍ਰੋਧ ਕਰਕੇ ਜੰਗ ਵਿੱਚ ਮਨ (ਆਸ਼ਯ) ਨੂੰ (ਦੀਨੋ) ਲਾਇਆ। (ਦੁਰਗਾ ਦੇ) ਮੱਥੇ ਨੂੰ ਫੋੜ ਕੇ ਕਾਲੀ (ਦੇਵੀ ਪ੍ਰਗਟ) ਹੋਈ, ਓਸ ਸੋਭਾ ਨੂੰ ਵੇਖ ਕੇ ਕਵੀ ਦਾ ਮਨ ਭਿੱਜ (ਪਤੀਜ) ਗਿਆ ਮਾਨੋ ਕਿ ਸਭ ਦੈਤਾਂ ਨੂੰ ਨਾਸ ਕਰਨ ਲਈ (ਜਮ ਰਾਜ) ਧਰਮ ਰਾਜ ਤੋਂ (ਮ੍ਰਿਤੁ) ਮੌਤ ਨੇ (ਭਵ) ਜਨਮ ਲੈ ਲਿਆ ਹੋਵੇ॥੨੪॥

ਸਵੈਯਾ॥

**ਪਾਨ ਕ੍ਰਿਪਾਨ ਧਰੇ ਬਲਵਾਨ ਸੁ ਕੋਪ ਕੈ ਬਿੱਜੁਲਿ ਜਯੋਂ ਗਰਜੀ ਹੈ॥**

---

[੧] ਇਹ ਅਰਥ ਪ੍ਰਕਰਣਾਨੁਸਾਰ ਹੈ। ਸ਼ਿਵਪੁਰੀ ਕਾਸ਼ੀ ਦਾ ਨਾਮ ਵੀ ਹੈ ਅਤੇ 'ਜੰਗਲ' ਦਾ ਭਾਵਾਰਥ ਵੀ ਸ਼ੁੱਧ ਹੈ।

**ਮੇਰੁ ਸਮੇਤ ਹਲੇ ਗਰੂਏ ਗਿਰਿ ਸੇਸ ਕੇ ਸੀਸ ਧਰਾ ਲਰਜੀ ਹੈ॥**
**ਬ੍ਰਹਮ ਧਨੇਸ ਦਿਨੇਸ ਡਰਯੋ ਸੁਨਿ ਕੈ ਹਰਿ ਕੀ ਛਤੀਆ ਤਰਜੀ ਹੈ॥**
**ਚੰਡ ਪ੍ਰਚੰਡ ਅਖੰਡ ਲਿਯੇ ਕਰ ਕਾਲਿਕਾ ਕਾਲ ਹੀ ਜਯੋਂ ਅਰਜੀ ਹੈ॥੭੫॥**

***ਭਾਵਾਰਥ:-*** ਬਲਵਾਨ (ਕਾਲਿਕਾ) ਹੱਥ ਵਿੱਚ ਤਲਵਾਰ ਫੜ੍ਹ ਅਤੇ ਕ੍ਰੋਧ ਕਰਕੇ ਬਿਜਲੀ ਵਾਂਗ (ਗਰਜੀ) ਕੜਕੀ। ਸੁਮੇਰ ਪਹਾੜ ਸਮੇਤ (ਗਰੂਏ) ਭਾਰੇ ਪਹਾੜ ਹਿੱਲ ਗਏ, ਸ਼ੇਸ਼ਨਾਗ ਦੇ ਸਿਰ ਤੇ (ਟਿਕੀ ਹੋਈ) ਜ਼ਮੀਨ (ਲਰਜੀ) ਕੰਬ ਗਈ। ਬ੍ਰਹਮਾ, ਕੁਬੇਰ ਅਤੇ ਸੂਰਜ ਵੀ ਡਰ ਗਿਆ, (ਧ੍ਵਨੀ) ਸੁਣ ਕੇ (ਹਰਿ) ਵਿਸ਼ਨੂੰ ਦੀ ਛਾਤੀ ਵੀ (ਤਰਜੀ) ਦਹਿਲ ਗਈ। (ਅਖੰਡ) ਇਕਰਸ (ਪ੍ਰਚੰਡ) ਪ੍ਰਜ੍ਵਲਿਤ (ਚੰਡਿ) ਅੱਗ ਨੂੰ ਹੱਥ ਵਿੱਚ ਲੈ ਕੇ ਕਾਲਿਕਾ ਦੇਵੀ ਕਾਲ ਵਾਂਗ ਹੀ (ਮੈਂ ਕਵੀ ਨੇ) (ਅਰਜੀ) ਕਹੀ ਹੈ॥੭੫॥

**ਦੋਹਰਾ॥**

**ਨਿਰਖ ਚੰਡਿਕਾ ਤਾਸ ਕੋ ਤਬੈ ਬਚਨ ਇਹ ਕੀਨ॥**
**ਹੇ ਪੁਤ੍ਰੀ ਤੂੰ ਕਾਲਿਕਾ ਹੋਹੁ ਜੁ ਮੁਝ ਮੈ ਲੀਨ॥੭੬॥**

***ਭਾਵਾਰਥ:-*** (ਚੰਡਿਕਾ) ਦੁਰਗਾ ਨੇ (ਤਾਸ) ਓਸ (ਕਾਲਿਕਾ) ਨੂੰ ਵੇਖ ਕੇ ਉਦੋਂ ਇਹ ਬਚਨ ਕੀਤਾ। ਕਿ ਤੂੰ ਹੇ ਪੁੱਤਰੀ ਕਾਲਿਕਾ! ਮੇਰੇ ਵਿੱਚ (ਲੀਨ) ਲਯ ਹੋ ਜਾ॥੭੬॥

**ਸੁਨਤਿ ਬਚਨ ਯਹ ਚੰਡਿ ਕੋ ਤਾਂ ਮਹਿ ਗਈ ਸਮਾਇ॥**
**ਜਯੋਂ ਗੰਗਾ ਕੀ ਧਾਰ ਮੈ ਜਮੁਨਾ ਪੈਠੀ ਧਾਇ॥੭੭॥**

***ਭਾਵਾਰਥ:-*** (ਚੰਡਿਕਾ) ਦੁਰਗਾ ਦਾ ਬਚਨ ਸੁਣਦਿਆਂ ਹੀ (ਕਾਲਿਕਾ) ਓਸ ਵਿੱਚ (ਸਮਾਇ) ਲੀਨ ਹੋ ਗਈ। ਜਿਵੇਂ ਕਿ ਗੰਗਾ ਦੇ ਪ੍ਰਵਾਹ ਵਿੱਚ ਹੀ ਜਮੁਨਾ ਦੌੜ ਕੇ (ਪੈਠੀ) ਧਸੀ ਜਾ ਰਹੀ ਹੈ॥੭੭॥

**ਸਵੈਯਾ॥**

**ਬੈਠ ਤਬੈ ਗਿਰਜਾ ਅਰੁ ਦੇਵਨ ਬੁੱਧਿ ਇਹੈ ਮਨ ਮਧਜ ਬਿਚਾਰੀ॥**
**ਜੁੱਧ ਕਿਯੇ ਬਿਨੁ ਫੇਰ ਫਿਰੈ ਨਹਿ ਭੂਮਿ ਸਭੈ ਅਪਨੀ ਅਵਧਾਰੀ॥**
**ਇੰਦ੍ਰ ਕਹਯੋ ਅਬ ਢੀਲ ਬਨੇ ਨਹਿ ਮਾਤ ਸੁਨੋ ਯਹ ਬਾਤ ਹਮਾਰੀ॥**
**ਦੈਤਨ ਕੇ ਬਧ ਕਾਜ ਚਲੀ ਰਣ ਚੰਡਿ ਪ੍ਰਚੰਡ ਭੁਜੰਗਨਿ ਕਾਰੀ॥੭੮॥**

***ਭਾਵਾਰਥ:-*** ਓਦੋਂ (ਗਿਰਜਾ) ਪਾਰਬਤੀ (ਚੰਡਿਕਾ) ਅਤੇ ਦੇਵਤਿਆਂ ਨੇ ਬਹਿ ਕੇ (ਮਨ ਮਧਜ) ਗੁਪਤ (ਬੁੱਧਿ) ਮਤਾ ਵਿਚਾਰਿਆ (ਬਣਾਇਆ) ਕਿ ਆਪਣੇ (ਅਵਧਾਰੀ) ਅਧਿਕਾਰ ਵਾਲੀ ਭਾਵ ਮੰਨੀ ਹੋਈ ਸਾਰੀ ਜ਼ਮੀਨ ਜੰਗ ਕੀਤਿਆਂ ਬਿਨਾਂ ਮੁੜ ਨਹੀਂ ਸਕੇਗੀ। ਇੰਦਰ ਨੇ ਕਿਹਾ ਕਿ ਹੇ ਮਾਤਾ! ਮੇਰੀ ਇਹ ਗੱਲ ਸੁਣ ਲਉ ਕਿ ਹੁਣ ਢਿੱਲ (ਬਨੇ ਨਹਿ) ਸੋਹੰਦੀ ਨਹੀਂ। (ਇਹ ਗੱਲ ਸੁਣ ਕੇ) ਦੈਂਤਾਂ ਦੇ (ਬਧ) ਨਾਸ ਵਾਸਤੇ ਚੰਡਿਕਾ ਰੂਪ ਕਾਲੀ (ਭੁਜੰਗਨਿ) ਸੱਪਣੀ (ਪ੍ਰਚੰਡ) ਤੇਜ਼ੀ ਨਾਲ ਜੰਗ ਨੂੰ ਚੱਲ ਪਈ॥੭੮॥

**ਸਵੈਯਾ॥**

**ਕੰਚਨ ਸੋ ਤਨ ਖੰਜਨ ਸੇ ਦ੍ਰਿਗ ਕੰਜਨ ਕੀ ਸੁਖਮਾ ਸਕੁਚੀ ਹੈ॥**
**ਲੈ ਕਰਤਾਰ ਸੁਧਾ ਕਰ ਮੈ ਮਧੁ ਮੂਰਤਿ ਸੀ ਅੰਗ ਅੰਗ ਰਚੀ ਹੈ॥**
**ਆਨਨ ਕੀ ਸਰ ਕੋ ਸਸਿ ਨਾਹਿਨ ਔਰ ਕਛੂ ਉਪਮਾ ਨ ਬਚੀ ਹੈ॥**
**ਸ੍ਰਿੰਗ ਸੁਮੇਰੁ ਕੇ ਚੰਡਿ ਬਿਰਾਜਤਿ ਮਾਨੋ ਸਿੰਘਾਸਨ ਬੈਠੀ ਸਚੀ ਹੈ॥੭੯॥**

***ਭਾਵਾਰਥ:–*** (ਚੰਡਿਕਾ ਦੇ ਸਰੀਰ ਦਾ ਵਰਣਨ ਹੈ ਕਿ) (ਕੰਚਨ) ਸੋਨੇ ਵਰਗਾ ਸਰੀਰ, (ਖੰਜਨ) ਮਮੋਲਿਆਂ ਦੀਆਂ ਅੱਖਾਂ ਵਾਂਗ, ਅਥਵਾ ਮਮੋਲਿਆਂ ਦੀ ਚੰਚਲਤਾ ਵਾਂਗ (ਦ੍ਰਿਗ) ਅੱਖਾਂ, (ਕੰਜਨ) ਕਮਲਾਂ ਦੀ (ਸੁਖਮਾ) ਸੋਭਾ ਵੀ ਸੰਕੋਚ ਕਰ ਗਈ ਹੈ ਭਾਵ ਅੱਖਾਂ ਦੇ ਬਰਾਬਰ ਕਮਲ ਨਹੀਂ ਹਨ। (ਕਰਤਾਰ) ਬ੍ਰਹਮਾ ਨੇ ਹੱਥ ਵਿੱਚ (ਸੁਧਾ) ਅੰਮ੍ਰਿਤ ਲੈ ਕੇ ਅੰਗ ਅੰਗ (ਅੰਗ ਪ੍ਰਤਜੰਗ) ਮਯ (ਮਧੁ ਮੂਰਤਿ) ਅੰਮ੍ਰਿਤ ਸਰੂਪ (ਮਿਠਾਸ ਮਯ) ਹੀ ਬਣਾਈ ਹੈ। (ਆਨਨ) ਮੂੰਹ ਦੀ (ਸਰ) ਬਰਾਬਰ ਸੋਭਾ ਦਾ (ਸਸਿ) ਚੰਦ ਵੀ ਨਹੀਂ, (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਵੀ ਕਹਿੰਦੇ ਹਨ ਕਿ) ਮੇਰੇ ਦਿਲ ਵਿੱਚ ਤਾਂ ਹੋਰ ਕੁਝ ਉਪਮਾ ਨਹੀਂ ਬਚ ਸਕੀ। ਸੁਮੇਰ (ਕੈਲਾਸ਼ ਪਰਬਤ) ਦੀ (ਸ੍ਰਿੰਗ) ਚੋਟੀ ਤੇ ਚੰਡਿਕਾ ਵਿਰਾਜ ਰਹੀ ਹੈ ਮਾਨੋ ਕਿ (ਸਚੀ) ਇੰਦਰਾਣੀ ਹੀ ਸਿੰਘਾਸਨ ’ਤੇ ਬੈਠੀ ਹੋਈ ਹੈ॥੭੯॥

**ਦੋਹਰਾ॥**

**ਐਸੇ ਸ੍ਰਿੰਗ ਸੁਮੇਰੁ ਕੇ ਸੋਭਤਿ ਚੰਡਿ ਪ੍ਰਚੰਡ॥**
**ਚੰਦ੍ਰਹਾਸ ਕਰਿ ਬਰ ਧਰੇ ਜਨੁ ਜਮ ਲੀਨੇ ਦੰਡ॥੮੦॥**

***ਭਾਵਾਰਥ:–*** ਇਸੇ ਤਰ੍ਹਾਂ ਹੀ (ਸੁਮੇਰੁ) ਕੈਲਾਸ਼ ਦੀ ਚੋਟੀ ਤੇ (ਪ੍ਰਚੰਡ) ਤੇਜਮਯ ਚੰਡਿਕਾ ਸੋਭਦੀ ਸੀ। (ਕਰਿ) ਹੱਥ ਵਿੱਚ (ਬਰ) ਉੱਤਮ (ਚੰਦ੍ਰਹਾਂਸ) ਤਲਵਾਰ ਫੜ੍ਹੀ ਹੋਈ ਸੀ, ਮਾਨੋ ਕਿ ਯਮਰਾਜ ਨੇ (ਦੰਡ) ਡੰਡਾ ਲਿਆ ਹੋਇਆ ਹੈ॥੮੦॥

**ਕਿਸੀ ਕਾਜ ਕੋ ਦੈਤ ਇਕੁ ਆਯੋ ਹੈ ਤਿਹ ਠਾਇ॥**
**ਨਿਰਖ ਰੂਪ ਬਰ ਚੰਡਿ ਕੋ ਗਿਰਯੋ ਮੂਰਛਾ ਖਾਇ॥੮੧॥**

***ਭਾਵਾਰਥ:–*** ਕਿਸੇ ਕਾਰਜ ਲਈ (ਭਾਵ– ਅਚਨਚੇਤ ਹੀ) ਇੱਕ ਦੈਂਤ (ਨਿਸੁੰਭ) ਓਸ ਥਾਂ ਆ ਗਿਆ। ਚੰਡਿਕਾ ਦਾ (ਬਰ) ਉੱਤਮ ਰੂਪ ਵੇਖ ਕੇ ਗ਼ੱਸ਼ ਖਾ ਕੇ ਡਿੱਗ ਪਿਆ।੮੧॥

**ਉਠਿ ਸੰਭਾਰ ਕਰ ਜੋਰਿ ਕੈ ਕਹੀ ਚੰਡਿ ਸੋ ਬਾਤ॥**
**ਨ੍ਰਿਪਤਿ ਸੁੰਭ ਕੋ ਭ੍ਰਾਤ ਹੌਂ ਕਹਯੋ ਬਚਨ ਸੁਕਚਾਤ॥੮੨॥**

***ਭਾਵਾਰਥ:–*** (ਸੰਭਾਰ) ਹੋਸ਼ ਆਉਣ ਤੋਂ ਉੱਠ ਕੇ ਹੱਥ ਜੋੜ ਕੇ ਚੰਡਿਕਾ ਨੂੰ ਗੱਲ ਕਹੀ, ਪਰ ਸੰਕੋਚ ਕਰਦੇ ਹੋਏ ਨੇ ਸਿਰਫ ਏਨਾ ਹੀ ਬਚਨ ਕੀਤਾ ਕਿ ਮੈਂ (ਨ੍ਰਿਪਤਿ) ਰਾਜੇ ਸੁੰਭ ਦਾ ਭਰਾ ਹਾਂ (ਭਾਵ ਮੇਰਾ ਨਾਮ ਨਿਸੁੰਭ ਹੈ, ਕੋਈ ਐਰ ਗ਼ੈਰ ਨਹੀਂ ਹਾਂ)॥੮੨॥

**ਤੀਨ ਲੋਕ ਜਿਨਿ ਬਸਿ ਕਿਯੇ ਅਤਿ ਬਲ ਭੁਜਾ ਅਖੰਡਿ॥**

**ਐਸੋ ਭੂਪਤਿ ਸੁੰਭ ਹੈ ਤਾਹਿ ਬਰੋ ਬਰਿ ਚੰਡਿ॥੯੩॥**

***ਭਾਵਾਰਥ:-*** (ਭੂਪਤਿ) ਰਾਜਾ ਸੁੰਭ ਐਹੋ ਜਿਹਾ ਹੈ ਕਿ ਜੀਹਨੇ ਆਪਣੇ ਭੁਜਾ ਦੇ ਮਹਾਂ ਬਲ ਨਾਲ ਤਿੰਨੇ ਲੋਕ ਭਾਵ ਸਾਰਾ ਸੰਸਾਰ ਹੀ (ਬਸਿ) ਅਧੀਨ ਕੀਤਾ ਹੋਇਆ ਹੈ ਉਹਨੂੰ (ਤੂੰ) ਹੇ ਚੰਡਿਕਾ! (ਧਰਿ) ਪਤੀ ਮੰਨ ਕੇ (ਧਰੋ) ਵਿਆਹ ਲੈ ਭਾਵ ਮੈਂ ਤੇਰਾ ਏਸ ਵਿਆਹ ਵਿੱਚ ਵਿਚੋਲਾ ਬਣਦਾ ਹਾਂ॥੯੩॥

**ਸੁਨਿ ਰਾਕਸ ਕੀ ਬਾਤ ਕੋ ਦੇਵੀ ਉੱਤਰ ਦੀਨ॥**
**ਜੁੱਧ ਕਰੈ ਬਿਨੁ ਨਹਿ ਬਰੌਂ ਸੁਨਹੁ ਦੈਤਜ ਮਤਿ ਹੀਨ॥੯੪॥**

***ਭਾਵਾਰਥ:-*** (ਰਾਕਸ) ਦੈਂਤ (ਨਿਸੁੰਭ) ਦੀ ਗੱਲ ਸੁਣ ਕੇ ਦੇਵੀ (ਦੁਰਗਾ) ਨੇ ਉੱਤਰ ਦਿੱਤਾ ਕਿ ਮੈਂ ਜੰਗ ਕੀਤੇ ਬਿਨਾਂ ਨਹੀਂ ਵਿਆਹ ਕਰਾਂਗੀ, ਹੇ ਮਤਿ ਹੀਨ ਦੈਂਤ! ਸੁਣ ਲੈ॥੯੪॥

**ਦੋਹਰਾ॥**

**ਇਹ ਸੁਨਿ ਦਾਨਵ ਚਪਲ ਗਤਿ ਗਯੋ ਸੁੰਭ ਕੇ ਪਾਸ॥**
**ਪਰ ਪਾਇਨ ਕਰ ਜੋਰ ਕੈ ਕਰੀ ਏਕ ਅਰਦਾਸ॥੯੫॥**

***ਭਾਵਾਰਥ:-*** ਇਸ ਗੱਲ ਨੂੰ ਸੁਣ ਕੇ ਦੈਤ (ਚਪਲ ਗਤਿ) ਤੇਜ਼ ਦੌੜ ਕੇ ਸੁੰਭ ਦੇ ਪਾਸ ਗਿਆ, ਪੈਰੀਂ ਪੈ ਕੇ ਅਤੇ ਹੱਥ ਜੋੜ ਕੇ ਇੱਕ ਅਰਜ਼ ਕੀਤੀ॥੯੫॥

**ਔਰ ਰਤਨ ਨ੍ਰਿਪ ਧਾਮ ਤੁਅ ਤ੍ਰਿਯਾ ਰਤਨ ਤੇ ਹੀਨ॥**
**ਬਧੂ ਏਕ ਬਨ ਮੈ ਬਸੈ ਤਿਹ ਤੁਮ ਬਰੋ ਪ੍ਰਬੀਨ॥੯੬॥**

***ਭਾਵਾਰਥ:-*** ਹੇ (ਨ੍ਰਿਪ) ਰਾਜਨ! ਹੋਰ ਰਤਨ ਤਾਂ ਤੇਰੇ ਘਰ ਵਿੱਚ ਨੇ ਪ੍ਰੰਤੂ ਇਸਤਰੀ ਰੂਪ ਰਤਨ ਤੋਂ (ਹੀਨ) ਬਿਨਾਂ ਹੈ। ਇੱਕ (ਬਧੂ) ਇਸਤਰੀ ਜੰਗਲ ਵਿੱਚ ਹੀ ਰਹਿੰਦੀ ਹੈ, ਤੁਸੀਂ (ਪ੍ਰਬੀਨ) ਚਤੁਰ! ਉਹਨੂੰ ਹੀ ਵਿਆਹੋ॥੯੬॥

**ਸੋਰਠਾ॥**

**ਸੁਨੀ ਮਨੋਹਰਿ ਬਾਤ ਨ੍ਰਿਪ ਬੂਝਯੋ ਪੁਨਿ ਤਾਹਿ ਕੋ॥**
**ਮੋ ਸੋ ਕਹਿੱਯੈ ਭ੍ਰਾਤ ਬਰਨਨ ਤਾਹਿ ਸਰੀਰ ਕੋ॥੯੭॥**

***ਭਾਵਾਰਥ:-*** (ਮਨੋਹਰਿ) ਸੋਹਣੀ ਗੱਲ ਸੁਣਨ ਤੋਂ (ਨ੍ਰਿਪ) ਰਾਜੇ ਸੁੰਭ ਨੇ ਉਸਨੂੰ ਫੇਰ ਪੁੱਛਿਆ ਕਿ ਹੇ ਭਰਾ! ਮੈਨੂੰ ਉਸ ਦੇ ਸਰੀਰ ਦਾ (ਬਰਨਨ) ਵਰਣਨ ਜਾਂ ਰੰਗ ਢੰਗ ਕਹਿ॥੯੭॥

**ਸਵੈਯਾ॥**

**ਹਰਿ ਸੋ ਮੁਖ ਹੈ ਹਰਿਤੀ ਦੁਖ ਹੈ ਅਲਿਕੈ ਹਰਹਾਰ ਪ੍ਰਭਾ ਹਰਨੀ ਹੈ॥**
**ਲੋਚਨ ਹੈ ਹਰਿ ਸੇ ਸਰਸੇ ਹਰਿ ਸੇ ਭਰੁਟੇ ਹਰਿ ਸੀ ਬਰੁਨੀ ਹੈ॥**
**ਕੇਹਰਿ ਸੋ ਕਰਿਹਾ ਚਲਬੋ ਹਰਿ ਪੈ ਹਰਿ ਕੀ ਹਰਨੀ ਤਰਨੀ ਹੈ॥**

**ਹੈ ਕਰ ਮੈ ਹਰਿ ਪੈ ਹਰਿ ਸੋਂ ਹਰਿ ਰੂਪ ਕਿਯੇ ਹਰਿ ਕੀ ਧਰਨੀ ਹੈ॥੯੮॥**

***ਭਾਵਾਰਥ:–*** (ਨਿਸੁੰਭ ਉੱਤਰ ਦੇਂਦਾ ਹੈ ਕਿ) (ਹਰਿ) ਚੰਦ ਵਰਗਾ ਮੂੰਹ ਹੈ, (ਦੁਖ ਹਰਿ) ਦੁੱਖ ਦੂਰ ਕਰਨ ਵਾਲੀ ਹੈ, (ਅਲਿਕੈ) ਜ਼ੁਲਫਾਂ (ਹਰਹਾਰ) ਸ਼ਿਵ ਦੇ ਗਲ ਦਾ ਹਾਰ ਭਾਵ ਸੱਪ ਦੀ ਸ਼ੋਭਾ (ਹਰਨੀ) ਚਰਾਉਣ ਵਾਲੀਆਂ ਹਨ। (ਸਰਸੇ) ਖਿੜੇ ਹੋਏ (ਹਰਿ) ਕਮਲ (ਸੇ) ਵਰਗੇ ਰਸੀਲੇ ਨੇਤਰ ਹਨ (ਹਰਿ) ਧਨੁਸ਼ ਵਰਗੇ (ਭਰੁਟੇ) ਭਰਵੱਟੇ ਅਤੇ (ਹਰਿ) ਤੀਰ ਵਰਗੀਆਂ (ਬਰੁਨੀ) ਪਲਕਾਂ ਹਨ। (ਕੇਹਰਿ) ਸ਼ੇਰ ਵਾਂਗ (ਕਰਿਹਾ) ਲੱਕ, (ਹਰਿ) ਹਾਥੀ ਵਾਂਗ ਚੱਲਣਾ, ਕਾਮ ਦੀ ਇਸਤਰੀ ਰਤੀ ਦੀ ਸ਼ੋਭਾ ਮਾਤ ਕਰਨ ਵਾਲੀ ਹੈ। ਹੱਥ ਵਿੱਚ (ਹਰਿ) ਖੜਗ, ਜਿਸ ਦਾ ਤੇਜ਼ ਸੂਰਜ ਸਮਾਨ ਹੈ, (ਹਰਿ) ਕਾਮਦੇਵ ਦਾ ਰੂਪ ਧਾਰਨ ਕੀਤੀ ਹੋਈ (ਹਰਿ) ਸ਼ਿਵ ਦੀ (ਧਰਨੀ) ਵਿਆਹੀ ਹੋਈ ਇਸਤਰੀ (ਦੁਰਗਾ) ਹੈ॥੯੮॥

**ਕਬਿਤੁ॥**

**ਮੀਨ ਮੁਰਝਾਨੇ ਕੰਜ ਖੰਜਨ ਖਿਸਾਨੇ**
**ਅਲਿ ਫਿਰਤ ਦਿਵਾਨੇ ਬਨ ਡੋਲੈ ਜਿਤ ਤਿਤ ਹੀ॥**
**ਕੀਰ ਔ ਕਪੋਤ ਬਿੰਬ ਕੋਕਿਲਾ ਕਲਾਪੀ ਬਨ**
**ਲੂਟੇ ਫੂਟੇ ਫਿਰੈਂ ਮਨ ਚੈਨਹੂੰ ਨ ਕਿਤ ਹੀ॥**
**ਦਾਰਮ ਦਰਕ ਗਯੋ ਪੇਖ ਦਸਨਨ ਪਾਂਤਿ**
**ਰੂਪ ਹੀ ਕੀ ਕ੍ਰਾਂਤਿ ਜਗ ਫੈਲ ਰਹੀ ਸਿਤ ਹੀ॥**
**ਐਸੀ ਗੁਨ ਸਾਗਰ ਉਜਾਗਰ ਸੁ ਨਾਗਰ ਹੈ**
**ਲੀਨੋ ਮਨ ਮੇਰੋ ਹਰਿ ਨੈਨ ਕੋਰ ਚਿਤ ਹੀ॥੯੯॥**

***ਭਾਵਾਰਥ:–*** (ਅੱਖਾਂ ਨੂੰ ਵੇਖ ਕੇ ਹੀ) (ਮੀਨ) ਮੱਛ ਅਤੇ (ਕੰਜ) ਕਮਲ ਮੁਰਝਾਏ ਹੋਏ ਨੇ, (ਖੰਜਨ) ਮਮੋਲੇ (ਖਿਸਾਨੇ) ਸ਼ਰਮਿੰਦੇ ਹੋਏ ਨੇ, (ਅਲਿ) ਭੌਰੇ ਜੰਗਲ ਵਿੱਚ (ਦਿਵਾਨੇ) ਕਮਲੇ ਹੋਏ ਫਿਰਦੇ (ਜਿਤ ਤਿਤ) ਐਧਰ ਓਧਰ ਬੇਥਵੇ ਹੀ ਫਿਰਦੇ ਹਨ। ਨੱਕ ਵੇਖ ਕੇ (ਕੀਰ) ਤੋਤੇ, (ਧੌਣ ਵੇਖ ਕੇ) ਕਬੂਤਰ, (ਹੋਂਠ ਵੇਖ ਕੇ) ਕੁੰਦਰ ਫਲ, (ਬਾਣੀ ਵੇਖ ਕੇ) ਕੋਇਲਾਂ ਅਤੇ (ਕਲਾਪੀ) ਮੋਰ ਜੰਗਲ ਵਿੱਚ ਮਨੋਂ ਲੁੱਟੇ ਪੁੱਟੇ ਫਿਰਦੇ ਨੇ, ਕਿਤੇ ਵੀ ਚੈਨ ਨਹੀਂ ਆਉਂਦਾ। (ਦਸਨਨ) ਦੰਦਾਂ ਦੀ (ਪਾਤਿ) ਕਤਾਰ ਵੇਖ ਕੇ (ਦਾਰਮ) ਅਨਾਰ ਵੀ (ਦਰਕ) ਫੁੱਟ ਗਿਆ ਹੈ, ਰੂਪ ਦੀ ਹੀ (ਸਿਤ) ਚਿੱਟੀ (ਕ੍ਰਾਂਤਿ) ਚਮਕ ਸੰਸਾਰ ਵਿੱਚ ਫੈਲ ਰਹੀ ਹੈ। ਐਹੋ ਜਿਹੇ ਗੁਣਾਂ ਦਾ ਉਜਾਗਰ ਪ੍ਰਸਿੱਧ ਸਾਗਰ ਉਹ (ਨਾਗਰ) ਸੁੰਦਰ ਇਸਤਰੀ ਹੈ, ਮੇਰਾ ਮਨ ਤਾਂ ਅੱਖਾਂ ਦੀ (ਕੋਰ) ਕੋਣ ਨਾਲ (ਚਿਤ) ਵੇਖ ਕੇ ਹੀ (ਹਰਿ) ਖੋਹ ਲਿਆ ਹੈ॥੯੯॥

**ਦੋਹਰਾ॥**

**ਬਾਤ ਦੈਤ ਕੀ ਸੁੰਭ ਸੁਨਿ ਬੋਲਯੋ ਕਛੁ ਮੁਸਕਾਤ॥**
**ਚਤੁਰ ਦੂਤ ਕੋਊ ਭੇਜੀਏ ਲਖਿ ਆਵੈ ਤਿਹ ਘਾਤ॥੯੦॥**

***ਭਾਵਾਰਥ:-*** ਦੈਂਤ (ਨਿਸੁੰਭ) ਦੀ ਗੱਲ ਸੁਣ ਕੇ ਸੁੰਭ (ਕਛੁ) ਥੋੜ੍ਹਾ ਜਿਹਾ ਮੁਸਕਰਾਉਂਦਾ ਹੋਇਆ ਬੋਲਿਆ ਕਿ ਕੋਈ ਚਤੁਰ ਦੂਤ ਭੇਜਿਆ ਜਾਵੇ ਤਾਂ ਕਿ ਓਸ ਦੀ (ਰਿਹਾਇਸ਼) ਦਾ (ਘਾਤ) ਰਾਹ ਵੇਖ ਆਵੇ॥੯੦॥

**ਦੋਹਰਾ॥**

**ਬਹੁਰਿ ਕਹੀ ਉਨ ਦੈਤ ਅਬ ਕੀਜੈ ਏਕ ਬਿਚਾਰ॥**
**ਜੋ ਲਾਇਕ ਭਟ ਸੈਨ ਮੈ ਭੇਜਹੁ ਦੈ ਅਧਿਕਾਰ॥੯੧॥**

***ਭਾਵਾਰਥ:-*** ਉਸ (ਨਿਸੁੰਭ) ਨੇ ਫੇਰ (ਸੁੰਭ ਨੂੰ ਗੱਲ) ਕਹੀ ਇੱਕ (ਸਮ) ਵਿਚਾਰ ਕਰ ਲਉ ਕਿ ਜਿਹੜਾ ਫ਼ੌਜ ਵਿੱਚ ਲਾਇਕ ਯੋਧਾ ਹੈ ਉਸਨੂੰ ਹਰ ਤਰ੍ਹਾਂ ਦਾ (ਅਧਿਕਾਰ) ਅਖ਼ਤਿਆਰ ਦੇ ਕੇ ਭੇਜੋ॥੯੧॥

**ਸਵੈਯਾ॥**

**ਬੈਠ ਹੁਤੋ ਨ੍ਰਿਪ ਮਧਜ ਸਭਾ ਉਠਿ ਕੈ ਕਰ ਜੋਰਿ ਕਹਜੋ ਮਮ ਜਾਊਂ॥**
**ਬਾਤਨ ਤੇ ਰਿਝਵਾਇ ਮਿਲਾਇਹੌਂ ਨਾਤਰਿ ਕੇਸਨ ਤੇ ਗਹਿ ਲਜਾਊਂ॥**
**ਕ੍ਰੁੱਧ ਕਰੈ ਤਬ ਜੁੱਧੁ ਕਰੌਂ ਰਣ ਸ੍ਰੌਣਤ ਕੀ ਸਰਿਤਾਨਿ ਬਹਾਊਂ॥**
**ਲੋਚਨ ਧੂਮ ਕਹੈ ਬਲ ਆਪਨੁ ਸ੍ਵਾਸਨ ਸਾਥ ਪਹਾਰ ਉਡਾਊਂ॥੯੨॥**

***ਭਾਵਾਰਥ:-*** ਰਾਜੇ (ਸੁੰਭ ਦੀ) ਸਭਾ ਵਿੱਚ (ਧੂਮ੍ਰ ਨੈਨ) ਬੈਠਾ ਹੋਇਆ ਸੀ, (ਉਸ) ਉੱਠ ਕੇ ਹੱਥ ਜੋੜ ਕੇ ਆਖਿਆ ਕਿ ਮੈਨੂੰ ਹੁਕਮ ਹੋਵੇ ਤਾਂ ਮੈਂ ਜਾਵਾਂ। (ਪਹਿਲਾਂ ਤਾਂ) ਗੱਲਾਂ ਬਾਤਾਂ ਨਾਲ ਖੁਸ਼ ਕਰਵਾ ਕੇ ਹੀ ਮਿਲਾਵਾਂਗਾ, ਨਹੀਂ ਤਾਂ ਵਾਲਾਂ ਤੋਂ ਫੜ੍ਹ ਕੇ ਲਿਆਵਾਂਗਾ। ਜੇ ਕ੍ਰੋਧ ਕਰੇਗੀ ਤਾਂ ਯੁੱਧ ਕਰਾਂਗਾ, ਜੰਗ ਵਿੱਚ ਲਹੂ ਦੀਆਂ (ਸਰਿਤਾਨਿ) ਨਦੀਆਂ ਵਗਾ ਦਿਆਂਗਾ। ਧੂਮ੍ਰ ਨੈਨ ਆਪਣੇ ਜ਼ੋਰ ਬਾਰੇ ਕਹਿੰਦਾ ਹੈ ਕਿ ਮੈਂ ਸਾਹਾਂ ਨਾਲ ਹੀ ਪਹਾੜ ਉਡਾ ਦਿਆਂਗਾ॥੯੨॥

**ਦੋਹਰਾ॥**

**ਉਠੇ ਬੀਰ ਕੋ ਦੇਖ ਕੈ ਸੁੰਭ ਕਹੀ ਤੁਮ ਜਾਹੁ॥**
**ਰੀਝੈ ਆਵੈ ਆਨਿਯੋ ਖੀਝੈ ਜੁੱਧ ਕਰਾਹੁ ॥੯੩॥**

***ਭਾਵਾਰਥ:-*** ਉੱਠੇ ਹੋਏ ਸੂਰਮੇ ਨੂੰ ਵੇਖ ਕੇ ਸੁੰਭ ਨੇ ਆਖਿਆ ਕਿ ਤੂੰ ਜਾਹ! ਜੇ ਖੁਸ਼ ਹੋ ਕੇ ਆ ਜਾਵੇ ਤਾਂ ਲੈ ਆ, ਜੇ ਖਿੱਝ ਪਵੇ ਤਾਂ ਜੰਗ ਕਰਕੇ ਲੈ ਆ॥੯੩॥

**ਤਹਾ ਧੂਮ੍ਰਲੋਚਨ ਚਲੇ ਚਤੁਰੰਗਨ ਦਲ ਸਾਜਿ॥**
**ਗਿਰਿ ਘੇਰਜੋ ਘਨ ਘਟਾ ਜਜੋਂ ਗਰਜ ਗਰਜ ਗਜ ਰਾਜ॥੯੪॥**

***ਭਾਵਾਰਥ:-*** ਓਥੇ (ਕੈਲਾਸ਼ ਵੱਲ) ਨੂੰ ਧੂਮ੍ਰ ਨੈਨ ਚਾਰ ਅੰਗਾਂ ਵਾਲਾ ਦਲ ਸਜਾ ਕੇ ਚੱਲ ਪਏ। (ਗਿਰਿ) ਪਹਾੜ ਵੀ ਭਾਵ ਕੈਲਾਸ਼ ਪਰਬਤ ਘਟਾ ਵਾਂਗ (ਗੁਜਰਾਜ) ਵੱਡਿਆਂ ਹਾਥੀਆਂ ਵਾਲੀ ਫ਼ੌਜ ਨੇ ਗੱਜ ਗੱਜ ਕੇ ਘੇਰ ਲਿਆ॥੯੪॥

**ਧੂਮ੍ਰਨੈਨ ਗਿਰਿ ਰਾਜ ਤਟ ਊਚੇ ਕਹੀ ਪੁਕਾਰ॥**
**ਕੈ ਬਰ ਸੁੰਭ ਨ੍ਰਿਪਾਲ ਕੋ ਕੈ ਲਰਿ ਚੰਡਿ ਸੰਭਾਰ॥੯੫॥**

***ਭਾਵਾਰਥ:–*** ਧੂਮ੍ਰ ਨੈਨ ਨੇ (ਗਿਰਿ ਰਾਜ) ਕੈਲਾਸ਼ ਪਰਬਤ ਦੇ (ਤਟ) ਪਾਸ ਜਾ ਕੇ ਉੱਚੀ (ਪੁਕਾਰ) ਆਵਾਜ਼ ਨਾਲ ਆਖਿਆ ਕਿ ਹੇ ਚੰਡਿਕਾ! ਜਾਂ ਤਾਂ (ਨ੍ਰਿਪਾਲ) ਰਾਜੇ ਸੁੰਭ ਨੂੰ (ਬਰ) ਵਿਆਹ ਲੈ, (ਕੈ) ਜਾਂ ਆਪਣੇ ਆਪ ਨੂੰ ਸੰਭਾਲ ਕੇ ਲੜ ਲੈ॥੯੫॥

**ਰਿਪੁ ਕੇ ਬਚਨ ਸੁਨੰਤ ਹੀ ਸਿੰਘ ਭਈ ਅਸਵਾਰ॥**
**ਗਿਰਿ ਤੇ ਉਤਰੀ ਬੇਗ ਦੈ ਕਰ ਆਯੁਧ ਸਭਿ ਧਾਰ॥੯੬॥**

***ਭਾਵਾਰਥ:–*** ਚੰਡਿਕਾ (ਰਿਪੁ) ਦੁਸ਼ਮਣ ਦੇ ਵਾਕ ਸੁਣਦਿਆਂ ਹੀ ਸ਼ੇਰ 'ਤੇ ਸਵਾਰ ਹੋ ਗਈ। (ਬੇਗ ਦੈ) ਛੇਤੀ ਨਾਲ ਹੀ ਹੱਥਾਂ ਵਿੱਚ ਸਾਰੇ ਸ਼ਸਤਰ ਧਾਰ ਕੇ (ਕੈਲਾਸ਼) ਪਹਾੜ ਤੋਂ ਉੱਤਰ ਪਈ॥੯੬॥

**ਸਵੈਯਾ॥**
**ਕੋਪ ਕੈ ਚੰਡਿ ਪ੍ਰਚੰਡ ਚੜੀ ਇਤ ਕ੍ਰੁੱਧ ਕੈ ਧੂਮ੍ਰ ਚੜੈ ਉਤ ਸੈਨੀ॥**
**ਬਾਨ ਕ੍ਰਿਪਾਨਨ ਮਾਰ ਮਚੀ ਤਬ ਦੇਵੀ ਲਈ ਬਰਛੀ ਕਰ ਪੈਨੀ॥**
**ਦੌਰ ਦਈ ਅਰਿ ਕੇ ਮੁਖਿ ਮੈ ਕਟਿ ਓਠ ਦਏ ਜਿਮ ਲੋਹ ਕੋ ਛੈਨੀ॥**
**ਦਾਂਤ ਗੰਗਾ ਜਮੁਨਾ ਤਨ ਸਜਾਮ ਸੋ ਲੋਹੂ ਬਹਯੋ ਤਿਨ ਮਾਹਿ ਤ੍ਰਿਬੈਨੀ॥੯੭॥**

***ਭਾਵਾਰਥ:–*** ਏਧਰੋਂ (ਪ੍ਰਚੰਡ) ਮਹਾਨ ਕ੍ਰੋਧ ਕਰਕੇ ਚੰਡਿਕਾ ਚੜ੍ਹ ਪਈ, ਓਧਰੋਂ (ਸੈਨੀ) ਸੈਨਾਪਤੀ ਧੂਮ੍ਰ ਨੈਨ ਚੜ੍ਹ ਪਿਆ। ਤੀਰਾਂ ਤਲਵਾਰਾਂ ਦੀ ਮਾਰ ਮੱਚ ਪਈ ਤਾਂ ਦੇਵੀ ਨੇ (ਪੈਨੀ) ਤਿੱਖੀ ਬਰਛੀ ਹੱਥ ਵਿੱਚ ਫੜ੍ਹ ਲਈ ਤੇ (ਅਰਿ) ਦੁਸ਼ਮਣ ਦੇ ਮੂੰਹ ਵਿੱਚ (ਦੌਰ) ਭੱਜ ਕੇ ਮਾਰ ਦਿੱਤੀ, (ਓਠ) ਬੁੱਲ੍ਹ ਵੱਢ ਦਿੱਤੇ ਜਿਵੇਂ ਲੋਹੇ ਨੂੰ ਛੈਣੀ ਵੱਢ ਦੇਂਦੀ ਹੈ। (ਮਾਨੋ ਕਿ) ਦੰਦ (ਚਿੱਟੇ) ਗੰਗਾ (ਦਾ ਜਲ ਪ੍ਰਵਾਹ) ਹੈ, ਜਮੁਨਾ (ਦੇ ਜਲ ਪ੍ਰਵਾਹ ਰੂਪ ਧੂਮ੍ਰ ਲੋਚਨ ਦਾ) ਕਾਲਾ ਸਰੀਰ ਹੈ ਅਤੇ ਉਨ੍ਹਾਂ ਵਿੱਚ ਲਹੂ (ਰੂਪ ਸਰਸਵਤੀ ਦੇ ਜਲ ਦਾ ਲਾਲ ਪ੍ਰਵਾਹ ਹੋ ਕੇ) ਚੱਲ ਪਿਆ (ਜੋ) ਤ੍ਰਿਬੇਨੀ (ਪ੍ਰਯਾਗਰਾਜ ਦਾ ਤ੍ਰਿਬੇਣੀ ਸੰਗਮ) ਹੋ ਗਿਆ ਹੈ॥੯੭॥

**ਘਾਉ ਲਗੈ ਰਿਸ ਕੈ ਦ੍ਰਿਗਧੂਮ੍ਰ ਸੁ ਕੈ ਬਲਿ ਆਪਨੁ ਖੱਗੁ ਸੰਭਾਰਯੋ॥**
**ਬੀਸ ਪਚੀਸਕ ਵਾਰ ਕਰੇ ਤਿਨ ਕੇਹਰਿ ਕੋ ਪਗੁ ਨੈਕੁ ਨ ਹਾਰਯੋ॥**
**ਧਾਇ ਗਦਾ ਗਹਿ ਫੇਰਿ ਕੈ ਫੌਜ ਕੋ ਘਾਉ ਸਿਵਾ ਸਿਰ ਦੈਤਜ ਕੇ ਮਾਰਯੋ॥**
**ਸ੍ਰਿੰਗ ਧਰਾਧਰ ਊਪਰ ਕੋ ਜਨੁ ਕੋਪ ਪੁਰੰਦ੍ਰ ਨੈ ਬਜ੍ਰ ਪ੍ਰਹਾਰਯੋ॥੯੮॥**

***ਭਾਵਾਰਥ:–*** (ਘਾਉ) ਵਾਰ ਲੱਗਣ ਤੋਂ (ਦ੍ਰਿਗਧੂਮ੍ਰ) ਧੂਮ੍ਰ ਨੈਨ ਨੇ ਕ੍ਰੋਧ ਕਰਕੇ ਅਤੇ ਬਲ ਧਾਰ ਕੇ ਆਪਣੀ (ਖੱਗੁ) ਖੜਗ ਸੰਭਾਲੀ। ਉਸ ਦੇ (ਕੇਹਰਿ) ਸ਼ੇਰ ਤੇ ਵੀਹ ਪੰਝੀ ਕੁ ਵਾਰ ਕੀਤੇ ਪਰ ਸ਼ੇਰ ਦਾ ਪੈਰ ਰਤਾ ਮਾਤ੍ਰ ਵੀ (ਹਾਰਿਓ) ਪਿੱਛੇ ਨਾ ਹਟਿਆ। ਤਾਂ (ਸਿਵਾ) ਦੁਰਗਾ ਨੇ ਦੌੜ ਕੇ ਫ਼ੌਜ ਨੂੰ

ਫੋੜ ਕੇ (ਮਾਰ ਕੇ) ਦੈਤ ਦੇ ਸਿਰ ਤੇ ਜਾ (ਘਾਉ) ਸੱਟ ਮਾਰੀ। ਮਾਨੋ ਕਿ (ਧਰਾਧਰ) ਪਹਾੜ ਦੀ ਉਪਰਲੀ (ਸ੍ਰਿੰਗ) ਚੋਟੀ ਤੇ (ਪੁਰੰਦ੍ਰ) ਇੰਦਰ ਨੇ ਕ੍ਰੋਧ ਨਾਲ ਵਜ੍ਰ ਚਲਾਇਆ ਹੋਵੇ॥੯੮॥

**ਲੋਚਨਧੂਮ ਉਠੇ ਕਿਲਕਾਰ ਲਏ ਸੰਗ ਦੈਤਨ ਕੇ ਕੁਰਮਾ॥**
**ਗਹਿ ਪਾਨ ਕ੍ਰਿਪਾਨ ਅਚਾਨਕ ਤਾਨਿ ਲਗਾਈ ਹੈ ਕੇਹਰਿ ਕੇ ਉਰ ਮਾ॥**
**ਹਰਿ ਚੰਡਿ ਲਯੋ ਬਰਿ ਕੈ ਕਰ ਤੇ ਅਰੁ ਮੂੰਡ ਕਟਜੋ ਅਸੁਰੰ ਪੁਰ ਮਾ॥**
**ਮਾਨੁ ਆਂਧੀ ਬਹੇ ਧਰਨੀ ਪਰ ਛੂਟ ਖਜੂਰ ਤੇ ਟੂਟ ਪਰਜੋ ਖੁਰਮਾ॥੯੯॥**

***ਭਾਵਾਰਥ:–*** ਦੈਂਤਾਂ ਦੇ (ਕੁਰਮਾ) ਕੋੜਮੇ ਭਾਵ ਕੁਟੰਬ ਜਾਂ ਪਰਿਵਾਰ ਨਾਲ ਲੈ ਕੇ ਧੂਮ੍ਰ ਨੈਨ ਜੀ ਕਿਲਕਾਰ ਕੇ ਉੱਠ ਖਲੋਤੇ। (ਅਚਾਨਕ) ਤੁਰੰਤ ਹੀ ਹੱਥ ਵਿੱਚ (ਕ੍ਰਿਪਾਨ) ਤਲਵਾਰ ਫੜ੍ਹ ਕੇ ਤਾਣ ਲਈ ਅਤੇ ਸ਼ੇਰ ਦੀ (ਉਰ) ਛਾਤੀ ਵਿੱਚ ਮਾਰੀ। ਚੰਡੀ ਨੇ ਬਲ ਨਾਲ (ਧੂਮ੍ਰ ਨੈਨ ਦੇ) ਹੱਥ 'ਚੋਂ ਤਲਵਾਰ (ਹਰਿ) ਖੋਹ ਲਈ ਅਤੇ (ਪੁਰ) ਸਾਰਿਆਂ ਦੇ ਵਿੱਚ ਹੀ (ਅਸੁਰੰ) ਦੈਂਤ ਦਾ ਸਿਰ ਕੱਟ ਦਿੱਤਾ। ਮਾਨੋ ਕਿ ਧਰਤੀ ਤੇ ਹਨ੍ਹੇਰੀ ਵਗਣ ਤੋਂ (ਖਜੂਰ) ਦਰੱਖਤ ਤੋਂ (ਖੁਰਮਾ) ਖਜੂਰਾਂ ਦਾ ਗੁੱਛਾ ਟੁੱਟ ਪਿਆ ਹੋਵੇ॥੯੯॥

**ਦੋਹਰਾ॥**
**ਧੂਮ੍ਰਨੈਨ ਜਬ ਮਾਰਿਓ ਦੇਵੀ ਇਹ ਪਰਕਾਰ॥**
**ਅਸੁਰ ਸੈਨ ਬਿਨ ਚੈਨ ਹੁਇ ਕੀਨੋ ਹਾਹਾਕਾਰ॥੧੦੦॥**

***ਭਾਵਾਰਥ:–*** ਜਦੋਂ ਇਸ ਤਰ੍ਹਾਂ ਦੇਵੀ ਨੇ ਧੂਮ੍ਰ ਨੈਨ ਨੂੰ ਮਾਰ ਲਿਆ, ਤਾਂ ਦੈਂਤ ਫ਼ੌਜ ਨੇ (ਬਿਨ ਚੈਨ) ਅਸ਼ਾਂਤ ਹੋ ਜਾਂ ਘਬਰਾ ਕੇ ਹਾ ਹਾ ਕੀਤਾ॥੧੦੦॥

**ਇਤਿ ਸ੍ਰੀ ਮਾਰਕੰਡੇ ਪੁਰਾਨੇ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ ਧੂਮ੍ਰ ਨੈਨ ਬਧਹਿ ਨਾਮ ਤ੍ਰਿਤੀਯਾ ਧਯਾਇ॥੩॥**

***ਭਾਵਾਰਥ:–*** ਏਥੇ ਸੋਹਣੇ ਮਾਰਕੰਡੇ ਪੁਰਾਣ ਦੇ ਚੰਡੀ ਚਰਿਤ੍ਰ ਦੇ ਉਕਤ ਵਿਲਾਸ ਵਿੱਚੋਂ ਧੂਮ੍ਰ ਨੈਨ ਦੇ ਮਰਨ ਵਾਲਾ ਪ੍ਰਸਿੱਧ ਤੀਜਾ ਅਧਿਆਇ ਸਮਾਪਤ ਹੋਇਆ ਹੈ॥੩॥

**ਸਵੈਯਾ॥**
**ਸੋਰ ਸੁਨਜੋ ਜਬਿ ਦੈਤਨ ਕੋ ਤਬਿ ਚੰਡ ਪ੍ਰਚੰਡ ਤਚੀ ਅਖੀਆਂ॥**
**ਹਰ ਧਯਾਨ ਛੁਟਜੋ ਮੁਨਿ ਕੋ ਸੁਨ ਕੈ ਧੁਨਿ ਟੂਟਿ ਖਗੇਸ ਗਈ ਪਖੀਆਂ॥**
**ਦ੍ਰਿਗ ਜ੍ਵਾਲ ਬਢੀ ਬੜਵਾਨਲ ਜਯੋਂ ਕਵਿ ਨੇ ਉਪਮਾ ਤਿਹ ਕੀ ਲਖੀਆਂ॥**
**ਸਭੁ ਛਾਰ ਭਇਓ ਦਲੁ ਦਾਨਵ ਕੋ ਜਿਮੁ ਘੂਮਿ ਹਲਾਹਲ ਕੀ ਮਖੀਆਂ॥੧੦੧॥**

***ਭਾਵਾਰਥ:–*** ਜਦੋਂ ਦੈਤਾਂ ਦਾ (ਸੋਰ) ਰੌਲਾ ਸੁਣਿਆ ਤਾਂ ਚੰਡਿਕਾ ਨੇ (ਪ੍ਰਚੰਡ) ਕ੍ਰੋਧ ਨਾਲ ਅੱਖਾਂ (ਤਚੀ) ਕੱਢ ਲਾਈਆਂ। ਧੁਨ ਨੂੰ ਸੁਣ ਕੇ ਮੁਨੀਆਂ ਤੋਂ ਵੀ (ਹਰ) ਸ਼ਿਵ ਦਾ ਧਿਆਨ ਛੁੱਟ ਗਿਆ ਅਤੇ (ਖਗੇਸ) ਗਰੁੜ ਦੇ (ਪਖੀਆਂ) ਖੰਭ ਵੀ ਟੁੱਟ ਗਏ। (ਦ੍ਰਿਗ) ਅੱਖਾਂ ਦੀ (ਜ੍ਵਾਲ) ਲਾਟ (ਬੜਵਾ)

ਸਮੁੰਦਰ ਦੀ ਅੱਗ ਵਾਂਗ ਵਧ ਗਈ, ਜਿਵੇਂ ਕਵੀ ਨੇ ਉਸਦੀ ਉਪਮਾ ਜਾਣੀ ਹੈ ਕਿ ਜਿਵੇਂ (ਹਲਾਹਲ) ਜ਼ਹਿਰ ਦੀਆਂ ਮੱਖੀਆਂ ਭਾਵ ਜ਼ਹਿਰ ਤੇ ਬਹਿਣ ਵਾਲੀਆਂ ਮੱਖੀਆਂ ਮਰਦੀਆਂ ਨੇ ਤਿਵੇਂ ਹੀ ਦੈਂਤਾਂ ਦਾ ਸਾਰਾ ਦਲ (ਛਾਰ) ਸੁਆਹ ਹੋ ਗਿਆ॥੧੦੧॥

**ਦੋਹਰਾ॥**

**ਅਉਰ ਸਕਲ ਸੈਨਾ ਜਰੀ ਬਚਯੋਸੁ ਏਕੈ ਪ੍ਰੇਤ॥**
**ਚੰਡਿ ਬਚਾਯੋ ਜਾਨਿ ਕੈ ਅਉਰਨ ਮਾਰਨ ਹੇਤ॥੧੦੨॥**

***ਭਾਵਾਰਥ:-*** ਹੋਰ ਸਾਰੀ ਫ਼ੌਜ ਸੜ ਗਈ, ਇੱਕੋ ਹੀ (ਪ੍ਰੇਤ) ਦੈਂਤ ਬਚ ਸਕਿਆ ਸੀ। ਹੋਰਨਾਂ ਨੂੰ ਮਾਰਨ (ਹੇਤ) ਲਈ ਚੰਡਿਕਾ ਨੇ ਜਾਣ ਕੇ ਬਚਾਇਆ ਸੀ ਭਾਵ ਛੱਡ ਦਿੱਤਾ॥੧੦੨॥

**ਭਾਜ ਨਿਸਾਚਰ ਮੰਦ ਮਤਿ ਕਹੀ ਸੁੰਭ ਪਹਿ ਜਾਇ॥**
**ਧੂਮ੍ਰਨੈਨ ਸੈਨਾ ਸਹਿਤ ਡਾਰਯੋ ਚੰਡਿ ਖਪਾਇ॥੧੦੩॥**

***ਭਾਵਾਰਥ:-*** (ਮੰਦ ਮਤਿ) ਮੂਰਖ (ਨਿਸਾਚਰ) ਦੈਂਤ ਨੇ ਭੱਜ ਕੇ ਸੁੰਭ ਪਾਸ ਜਾ ਕਿਹਾ, ਕਿ ਚੰਡਿਕਾ ਨੇ ਫ਼ੌਜ ਸਮੇਤ ਧੂਮ੍ਰ ਨੈਨ ਨੂੰ (ਖਪਾਇ) ਮਾਰ ਸੁੱਟਿਆ ਹੈ॥੧੦੩॥

**ਸਕਲ ਕਟੇ ਭਟ ਕਟਕ ਕੇ ਪਾਇਕ ਰਥ ਹੈ ਕੁੰਭ॥**
**ਯੌਂ ਸੁਨਿ ਬਚਨ ਅਚਰਜ ਹ੍ਵੈ ਕੋਪ ਕਿਯੋ ਨ੍ਰਿਪ ਸੁੰਭ॥੧੦੪॥**

***ਭਾਵਾਰਥ:-*** (ਕਟਕ) ਫ਼ੌਜ ਦੇ ਸਾਰੇ (ਪਾਇਕ) ਪੈਦਲ, ਰਥਾਂ ਵਾਲੇ, (ਹੈ) ਘੋੜਿਆਂ ਅਤੇ (ਕੁੰਭ) ਹਾਥੀਆਂ ਵਾਲੇ ਯੋਧੇ ਕੱਟੇ ਗਏ ਹਨ। ਇਓਂ ਰਾਜੇ ਸੁੰਭ ਨੇ ਵਾਕ ਸੁਣ ਕੇ (ਅਚਰਜ) ਹੈਰਾਨ ਹੋ ਕੇ ਗੁੱਸਾ ਕੀਤਾ॥੧੦੪॥

**ਦੋਹਰਾ॥**

**ਚੰਡ ਮੁੰਡ ਦ੍ਵੈ ਦੈਤਜ ਤਬ ਲੀਨੇ ਸੁੰਭ ਹਕਾਰ॥**
**ਚਲਿ ਆਏ ਨ੍ਰਿਪ ਸਭਾ ਮਹਿ ਕਰਿ ਲੀਨੇ ਅਸਿ ਢਾਰ॥੧੦੫॥**

***ਭਾਵਾਰਥ:-*** ਤਾਂ ਸੁੰਭ ਨੇ ਚੰਡ ਅਤੇ ਮੁੰਡ ਦੋਵੇਂ ਦੈਤ (ਹਕਾਰ) ਬੁਲਾ ਲਏ। ਉਹ ਦੋਵੇਂ ਰਾਜ ਸਭਾ ਵਿੱਚ ਹੱਥਾਂ ਵਿੱਚ ਤਲਵਾਰਾਂ ਫੜ੍ਹ ਕੇ ਅਤੇ ਢਾਲਾਂ ਲੈ ਕੈ ਚੱਲ ਕੇ ਆ ਗਏ॥੧੦੫॥

**ਅਭਿਬੰਦਨ ਦੋਨੋ ਕਿਯੋ ਬੈਠਾਏ ਨ੍ਰਿਪ ਤੀਰ॥**
**ਪਾਨ ਦਏ ਮੁਖ ਤੇ ਕਹਯੋ ਤੁਮ ਦੋਨੋ ਮਮ ਬੀਰ॥੧੦੬॥**

***ਭਾਵਾਰਥ:-*** ਉਹਨਾਂ ਦੋਹਾਂ ਨੇ ਆ ਕੇ (ਅਭਿਬੰਦਨ) ਨਮਸਕਾਰ ਕੀਤੀ, ਰਾਜੇ (ਸੁੰਭ) ਨੇ (ਆਪਣੇ) ਪਾਸ ਬਿਠਾ ਲਏ। (ਪਾਨ) ਖਾਣ ਨੂੰ ਦਿੱਤੇ ਅਤੇ ਮੂੰਹੋਂ ਆਖਿਆ ਕਿ ਤੁਸੀਂ ਦੋਵੇਂ ਹੀ ਮੇਰੇ (ਬੀਰ) ਯੋਧੇ ਭਰਾ-ਵੀਰ ਹੋ॥੧੦੬॥

**ਨਿਜ ਕਟਿ ਕੋ ਫੈਂਟਾ ਦਇਓ ਅਰੁ ਜਮਧਰ ਕਰਵਾਰ॥**
**ਲ੍ਯਾਵਹੁ ਚੰਡੀ ਬਾਂਧ ਕੈ ਨਾਤਰ ਡਾਰੋ ਮਾਰ॥੧੦੭॥**

***ਭਾਵਾਰਥ:–*** (ਨਿੱਜ) ਆਪਣੀ (ਜਮਧਰ) ਕਟਾਰ ਅਤੇ ਤਲਵਾਰ ਸਮੇਤ ਆਪਣੇ (ਕਟਿ) ਲੱਕ ਦਾ (ਫੈਂਟਾ) ਕਮਰਕੱਸਾ[੧] ਦਿੱਤਾ। ਅਤੇ ਕਿਹਾ ਕਿ (ਕੈ) ਜਾਂ ਚੰਡੀ ਨੂੰ ਬੰਨ੍ਹ ਕੇ ਲਿਆਓ, ਨਹੀਂ ਤਾਂ ਮਾਰ ਸੁੱਟੋ॥੧੦੭॥

**ਸਵੈਯਾ॥**

**ਕੋਪ ਚੜੇ ਰਨ ਚੰਡ ਅਉ ਮੁੰਡ ਸੁ ਲੈ ਚਤੁਰੰਗਨਿ ਸੈਨ ਭਲੀ॥**
**ਤਬ ਸੇਸ ਕੇ ਸੀਸ ਧਰਾ ਲਰਜੀ ਜਨ ਮਧਜ ਤਰੰਗਨਿ ਨਾਵ ਹਲੀ॥**
**ਖੁਰ ਬਾਜਨ ਧੂਰਿ ਉਡੀ ਨਭ ਕੋ ਕਵਿ ਕੇ ਮਨ ਤੇ ਉਪਮਾ ਨ ਟਲੀ॥**
**ਭਵ ਭਾਰ ਅਪਾਰ ਨਿਵਾਰਨ ਕੌ ਧਰਨੀ ਮਨੁ ਬ੍ਰਹਮ ਕੇ ਲੋਕ ਚਲੀ॥੧੦੮॥**

***ਭਾਵਾਰਥ:–*** ਚੰਡ ਅਤੇ ਮੁੰਡ ਕ੍ਰੋਧ ਨਾਲ ਚਾਰ ਤਰ੍ਹਾਂ ਦੀ ਚੰਗੀ ਫੌਜ ਲੈ ਕੇ ਜੰਗ ਨੂੰ ਚੜ੍ਹ ਪਏ। ਉਦੋਂ ਸ਼ੇਸ਼ਨਾਗ ਦੇ ਸਿਰ ਦੇ ਉੱਤੋਂ ਵੀ ਜ਼ਮੀਨ (ਲਰਜੀ) ਕੰਬ ਗਈ, (ਜਨ) ਮਾਨੋ ਕਿ (ਤਰੰਗਨਿ) ਲਹਿਰਾਂ (ਛੱਲਾਂ) ਦੇ ਵਿੱਚ ਬੇੜੀ (ਹਲੀ) ਡੋਲ ਗਈ ਹੈ। (ਬਾਜਨ) ਘੋੜਿਆਂ ਦੇ ਖੁਰਾਂ ਨਾਲ (ਨਭ) ਆਸਮਾਨ ਨੂੰ ਧੂੜ ਉੱਡੀ ਸੀ ਉਹਦੀ ਉਪਮਾ ਕਵੀ ਦੇ ਮਨ ਤੋਂ ਟਲ ਨਹੀਂ ਸਕੀ। ਮਾਨੋ ਕਿ (ਭਵ) ਸੰਸਾਰ ਦਾ ਬੇਅੰਤ (ਭਾਰ) ਬੋਝ (ਪਾਪ) ਦੂਰ ਕਰਨ ਨੂੰ (ਧਰਨੀ) ਪੁਕਾਰ ਕਰਨ ਲਈ ਬ੍ਰਹਮਾ ਦੇ ਲੋਕ ਨੂੰ ਚੱਲ ਪਈ ਹੈ॥੧੦੮॥

**ਦੋਹਰਾ॥**

**ਚੰਡ ਮੁੰਡ ਦੈਤਨ ਦੁਹੂੰ ਸਬਲ ਪ੍ਰਬਲ ਦਲੁ ਲੀਨ॥**
**ਨਿਕਟਿ ਜਾਇ ਗਿਰਿ ਘੇਰਿ ਕੈ ਮਹਾਂ ਕੁਲਾਹਲ ਕੀਨ॥੧੦੯॥**

***ਭਾਵਾਰਥ:–*** ਚੰਡ-ਮੁੰਡ ਦੋਹਾਂ ਦੈਤਾਂ ਨੇ ਆਪਣੇ ਨਾਲ (ਸਬਲ ਪ੍ਰਬਲ) ਪ੍ਰਬਲ ਤੋਂ ਪ੍ਰਬਲ ਭਾਵ ਬਹੁਤ ਬਲ ਵਾਲੀ ਫ਼ੌਜ ਲਈ। (ਕੈਲਾਸ਼) ਪਰਬਤ ਦੇ ਨੇੜੇ ਜਾ ਕੇ ਅਤੇ ਘੇਰਾ ਪਾ ਕੇ (ਮਹਾਂ ਕੁਲਾਹਲ) ਬਹੁਤ ਸ਼ੋਰ (ਕੀਨ) ਮਚਾਇਆ॥੧੦੯॥

**ਸਵੈਯਾ॥**

**ਜਬ ਕਾਨ ਸੁਨੀ ਧੁਨਿ ਦੈਤਨ ਕੀ ਤਬ ਕੋਪੁ ਕਿਯੋ ਗਿਰਿਜਾ ਮਨ ਮੈ॥**
**ਚੜਿ ਸਿੰਘ ਸੁ ਸੰਖ ਬਜਾਇ ਚਲੀ ਸਭਿ ਆਯੁਧ ਧਾਰ ਤਬੈ ਤਨ ਮੈ॥**
**ਗਿਰਿ ਤੇ ਉਤਰੀ ਦਲ ਬੈਰਿਨਿ ਕੇ ਪਰ ਯੌਂ ਉਪਮਾ ਉਪਜੀ ਮਨ ਮੈ॥**
**ਨਭ ਤੇ ਬਹਰੀ ਲਖ ਛੂਟ ਪਰੀ ਜਨੁ ਕੂਕ ਕੁਲੰਗਨ ਕੇ ਗਨ ਮੈ॥੧੧੦॥**

---

[੧] ਪੁਰਾਣੀ ਬੋਲਚਾਲ ਦੀ ਭਾਸ਼ਾ ਅਨੁਸਾਰ 'ਕਮਰਕੱਸਾ' ਦਾ ਅਰਥ 'ਆਪਣੇ ਸਾਰੇ ਸ਼ਸਤਰ' ਹੁੰਦਾ ਹੈ।

***ਭਾਵਾਰਥ:–*** ਜਦੋਂ ਕੰਨ ਵਿੱਚ ਦੈਂਤਾਂ ਦੀ ਆਵਾਜ਼ ਸੁਣੀ ਤਾਂ (ਗਿਰਿਜਾ) ਦੁਰਗਾ ਰੂਪ ਪਾਰਬਤੀ ਨੇ ਮਨ ਵਿੱਚ ਕ੍ਰੋਧ ਕੀਤਾ। ਉਦੋਂ ਸ਼ੇਰ ’ਤੇ ਚੜ ਕੇ ਸੁੰਦਰ ਸੰਖ ਵਜਾ ਕੇ ਅਤੇ ਸਰੀਰ ਵਿੱਚ ਸਾਰੇ ਸ਼ਸਤਰ ਧਾਰ ਕੇ ਤੁਰ ਪਈ। (ਕੈਲਾਸ਼) ਪਰਬਤ ਤੋਂ ਵੈਰੀਆਂ ਦੇ ਦਲ ’ਤੇ ਉੱਤਰ ਪਈ, ਤਾਂ (ਕਵਿ ਦੇ) ਮਨ ਵਿੱਚ ਇਉਂ ਉਪਮਾ ਪੈਦਾ ਹੋਈ। ਮਾਨੋ ਕਿ (ਬਹਰੀ) ਸ਼ਿਕਾਰੀ ਪੰਛੀ (ਨਭ) ਆਸਮਾਨ ਤੋਂ ਵੇਖ ਕੇ (ਕੂਕ) ਲਲਕਾਰ ਕੇ ਕੂੰਜਾਂ ਦੀ ਡਾਰ ਤੇ (ਛੁਟ) ਟੁੱਟ ਕੇ ਪੈ ਗਈ॥੧੧੦॥

**ਚੰਡਿ ਕੁਵੰਡ ਤੇ ਬਾਨ ਛੁਟੇ ਇਕ ਤੇ ਦਸ ਸਉ ਤੇ ਸਹੰਸ ਤਹ ਬਾਢੇ॥**
**ਲੱਛਕ ਹੁਇ[1] ਕਰਿ ਜਾਇ ਲਗੇ ਤਨ ਦੈਤਨ ਮਾਂਝ ਰਹੇ ਗਡਿ ਗਾਢੇ॥**
**ਕੋ ਕਵਿ ਤਾਹਿ ਸਰਾਹ ਕਰੈ ਅਤਿਸੈ ਉਪਮਾ ਜੁ ਭਈ ਬਿਨੁ ਕਾਢੇ॥**
**ਫਾਗਨ ਪਉਨ ਕੇ ਗਉਨ ਭਏ ਜਨੁ ਪਾਤੁ ਬਿਹੀਨ ਰਹੇ ਤਰੁ ਠਾਢੇ॥੧੧੧॥**

***ਭਾਵਾਰਥ:–*** ਚੰਡੀ ਦੇ (ਕੁਵੰਡ) ਧਨੁਸ਼ ਤੋਂ ਬਾਣ ਚੱਲ ਕੇ ਇੱਕ ਤੋਂ ਦਸ, ਸੌ ਤੋਂ ਹਜ਼ਾਰ ਓਥੇ ਵਧਦੇ ਹਨ ਅਤੇ ਲੱਖ ਕੁ ਹੋ ਕੇ (ਦੈਂਤਾਂ ਦੇ ਸਰੀਰਾਂ ਵਿੱਚ) ਜਾ ਵੱਜੇ (ਜੋ) ਡੂੰਘੇ ਖੁੱਭ ਜਾਂਦੇ ਹਨ। (ਤੀਰਾਂ ਦੇ) ਕੱਢੇ ਬਿਨਾਂ ਜੋ ਅਤਿਸ਼ਯ ਉਪਮਾ ਬਣੀ ਹੋਈ ਹੈ (ਉਹ) ਕਿਹੜਾ ਕਵੀ ਉਸ ਦੀ (ਸਰਾਹ) ਸ਼ਲਾਘਾ ਕਰੇਗਾ ? ਭਾਵ ਨਹੀਂ। (ਜਨੁ) ਮਾਨੋ ਕਿ ਫੱਗਣ ਦੀ ਹਵਾ ਭਾਵ ਸਿਸਰ ਰਿਤੁ ਦੀ ਹਵਾ (ਗਉਨ ਭਏ) ਚੱਲਣ ਨਾਲ ਪੱਤਿਆਂ ਤੋਂ ਬਿਨਾਂ ਹੀ (ਤਰੁ) ਦਰਖਤ ਖੜ੍ਹੇ ਹੋ ਰਹੇ ਹਨ॥੧੧੧॥

**ਸਵੈਯਾ॥**

**ਮੁੰਡ ਲਈ ਕਰਵਾਰ ਹਕਾਰ ਕੈ ਕੇਹਰਿ ਕੇ ਅੰਗ ਅੰਗ ਪ੍ਰਹਾਰੇ॥**
**ਫੇਰ ਦਈ ਤਨ ਦਉਰ ਕੇ ਗਉਰਿ ਕੋ ਘਾਇਲ ਕੈ ਨਿਕਸੀ ਅੰਗ ਧਾਰੇ॥**
**ਸ੍ਰੌਨ ਭਰੀ ਥਹਰੇ ਕਰ ਦੈਤਜ ਕੇ ਕੋ ਉਪਮਾ ਕਵਿ ਅਉਰ ਬਿਚਾਰੇ॥**
**ਪਾਨ ਗੁਮਾਨ ਸੋ ਖਾਇ ਅਘਾਇ ਮਨੋ ਜਮੁ ਆਪੁਨਿ ਜੀਭ ਨਿਹਾਰੇ॥੧੧੨॥**

***ਭਾਵਾਰਥ:–*** ਮੁੰਡ (ਦੈਂਤ) ਨੇ (ਹਕਾਰ) ਗੱਜ ਕੇ (ਕਰਵਾਰ) ਤਲਵਾਰ ਫੜ੍ਹ ਲਈ ਤੇ ਸ਼ੇਰ ਦੇ ਅੰਗ ਪਤਜੰਗਾਂ ਤੇ (ਪ੍ਰਹਾਰੇ) ਵਾਰ ਕੀਤੇ। ਫੇਰ ਦੌੜ ਕੇ (ਗਉਰਿ) ਦੁਰਗਾ ਦੇ ਸਰੀਰ ਤੇ ਸੱਟ (ਦਈ)

---

[1] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਾਸਤੇ ਪਿੰਗਲ ਦਾ ਗਿਆਨ ਬਹੁਤ ਜ਼ਰੂਰੀ ਹੈ। ਪਿੰਗਲ ਦੁਆਰਾ ਹੀ ਸਵੈਯਾਂ ਦੀ ਰਚਨਾ ਵਿੱਚੋਂ ਸ਼ੁੱਧੀ ਅਸ਼ੁੱਧੀ ਲੱਭ ਸਕਦੀ ਹੈ, ਏਸ ਥਾਂ ਲਿਖਾਰੀ ਦੀ ਭੁੱਲ ਹੈ ਕਿ ਉਸ ‘ਹ੍ਵੈ’ ਦੀ ਥਾਂ ‘ਹੁਇ’ ਲਿਖ ਦਿੱਤਾ ਹੈ। ਉਸਨੂੰ ਪਤਾ ਹੀ ਨਹੀਂ ਕਿ ਇਹ ਸਵੈਯਾ ‘੭ ਭਗਣ ੨ ਗੁਰੂ’ ਵਾਲਾ ਹੈ। ਏਸ ਨੂੰ ਮਤ ਗਯੰਦ, ਮਾਲਤੀ, ਇੰਦਵ ਅਤੇ ਵਿਜਯ ਵੀ ਕਿਹਾ ਜਾਂਦਾ ਹੈ। ਸੱਤ ਭਗਣ ਤਾਂ ਹੀ ਹੋ ਸਕਦੇ ਸਨ ਜੇ ‘ਹੁਇ’ ਦੀ ਥਾਂ ‘ਹ੍ਵੈ’ ਹੁੰਦਾ। ਏਸੇ ਤਰ੍ਹਾਂ ਹੀ ਉਪਰਲੀ ਤੁਕ ਲਿਖਾਰੀ ਨੇ ਵਿਗਾੜੀ ਹੋਈ ਹੈ, ਉਸ ਨੂੰ ਸ਼ੀ̆ ਭਗਣ ਦੇ ਰੂਪ ਅਨੁਸਾਰ ਹੀ ਗਿਣਨਾ ਸ਼ੁਧਾਈ ਹੈ। ਬਾਕੀ ਮਾਤ੍ਰਾ ਤਾਂ ਉਚਾਰਣ ਭੇਦ ਅਨੁਸਾਰ ਲਘੁ ਦੀਰਘ ਮੰਨੀਆਂ ਜਾ ਸਕਦੀਆਂ ਹਨ ਪਰ ‘ਸਹੰਸਤਹ’ ਵਿੱਚ ‘ਤਹ’ ਨੂੰ ਦੋ ਲਘੁ ਹੀ ਗਿਣਿਆ ਜਾ ਸਕਦਾ ਹੈ। ਏਥੇ ਇੱਕ ਲਘੁ ਚਾਹੀਦਾ ਹੈ, ਤਾਂ ਹੀ ਸ਼ੁੱਧ ਹੁੰਦਾ ਹੈ। ਏਸੇ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨੂੰ ਲਿਖਾਰੀਆਂ ਦੀ ਵਿਗਾੜੀ ਹੋਈ ਸਮਝਿਆ ਜਾ ਰਿਹਾ ਹੈ ਪਰ ਇਹ ਸ਼ੁੱਧਾਈ ਹੋ ਸਕਦੀ ਹੈ, ਕੋਈ ਕਠਿਨ ਕੰਮ ਨਹੀਂ। ਪਰ ਲੋਕ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨੂੰ ਹੀ ੫੨ ਕਵੀਆਂ ਦੀ ਰਚਨਾ, ਨੰਗੀ ਰਚਨਾ, ਪੌਰਾਣਕ ਉਲੱਥੇ, ਨਾ ਮੰਨਣ ਯੋਗ, ਤਾਂਤ੍ਰਿਕ ਅਨੁਯਾਈ ਕਹਿ ਕੇ ਨਿੰਦ ਰਹੇ ਹਨ।

ਮਾਰੀ, ਜੋ ਤਲਵਾਰ ਦੁਰਗਾ ਨੂੰ ਜ਼ਖਮੀ ਕਰ ਕੇ ਨਿਕਲੀ ਹੋਈ ਸੀ ਉਸਨੂੰ ਮੁੰਡ ਨੇ (ਅੰਗ ਧਾਰੇ) ਫੜ੍ਹਿਆ ਹੋਇਆ ਸੀ। ਲਹੂ ਨਾਲ (ਭਰੀ) ਲਿੱਬੜੀ ਦੈਂਤ ਦੇ ਹੱਥ ਵਿੱਚ (ਥਹਰੈ) ਹਿੱਲਦੀ ਹੈ, ਕਵੀ (ਮੈਂ) ਹੋਰ ਕਿਹੜੀ ਉਪਮਾ ਸੋਚਾਂ? ਭਾਵ ਮੇਰੇ ਦਿਮਾਗ਼ ਵਿੱਚ ਹੋਰ ਸ਼ੋਭਾ ਨਹੀਂ ਆ ਰਹੀ। ਮਾਨੋ ਕਿ ਯਮਰਾਜ ਰੱਜਣ (ਉਪਰੰਤ) ਅਹੰਕਾਰ ਨਾਲ ਪਾਨ ਖਾ ਕੇ ਆਪਣੀ ਲਾਲ ਜੀਭ ਨੂੰ (ਨਿਹਾਰੇ) ਵੇਖਦਾ ਹੈ॥੧੧੨॥

**ਘਾਉ ਕੈ ਦੈਤ ਚਲ੍ਯੋ ਜਬ ਹੀ ਤਬ ਦੇਵਿ ਨਿਖੰਗ ਤੇ ਬਾਨ ਸੁ ਕਾਢੇ॥**
**ਕਾਨ ਪ੍ਰਮਾਨ ਲੌ ਖੈਂਚ ਕਮਾਨ ਚਲਾਵਤ ਏਕ ਅਨੇਕ ਹੁਇ ਬਾਢੇ॥**
**ਮੁੰਡ ਲੈ ਢਾਲ ਦਈ ਮੁਖ ਓਟ ਧਸੇ ਤਿਹ ਮਧਜ ਰਹੇ ਗਡਿ ਗਾਢੇ॥**
**ਮਾਨਹੁ ਕੂਰਮ ਪੀਠ ਪੈ ਨੀਠ ਭਏ ਹੈ ਸਹਸਫਨਿ ਕੇ ਫਨ ਠਾਢੇ॥੧੧੩॥**

***ਭਾਵਾਰਥ:–*** ਜਦੋਂ ਦੈਤ (ਘਾਉ) ਜ਼ਖ਼ਮ ਭਾਵ ਵਾਰ ਕਰਕੇ ਤੁਰਿਆ ਤਾਂ ਦੇਵੀ ਨੇ ਭੱਥੇ 'ਚੋਂ ਤੀਰ ਕੱਢ ਲਏ। ਕਮਾਨ ਨੂੰ ਕੰਨ (ਪ੍ਰਮਾਨ) ਤੱਕ ਖਿੱਚ ਕੇ (ਦੇਵੀ) ਇੱਕ ਹੀ ਤੀਰ ਚਲਾਉਂਦੀ ਹੈ, ਜੋ ਵੱਧ ਕੇ ਅਨੇਕਾਂ ਤੀਰ ਹੋ ਜਾਂਦਾ ਹੈ। ਮੁੰਡ (ਦੈਂਤ) ਨੇ ਢਾਲ ਲੈ ਕੇ ਮੂੰਹ ਅੱਗੇ ਓਟ ਕਰ ਲਈ ਤੀਰ ਓਸ ਵਿੱਚ ਧੱਸ ਕੇ (ਗਾਢੇ) ਮਜ਼ਬੂਤ ਹੋ ਕੇ ਗੱਡ ਰਹੇ ਹਨ। ਮਾਨੋ ਕਿ (ਕੂਰਮ) ਕੱਛੂ ਦੀ ਪਿੱਠ ਤੇ (ਨੀਠ) ਚੰਗੀ ਤਰ੍ਹਾਂ (ਸਹਸਫਨ) ਸ਼ੇਸ਼ਨਾਗ ਦੀਆਂ ਫਨਾਂ (ਠਾਢੇ) ਉੱਠੀਆਂ ਹੋਈਆਂ ਹਨ॥੧੧੩॥

**ਸਿੰਘਹਿ ਪ੍ਰੇਰ ਕੈ ਆਗੈ ਭਈ ਕਰ ਮੈ ਅਸਿ ਲੈ ਬਰ ਚੰਡਿ ਸੰਭਾਰ੍ਯੋ॥**
**ਮਾਰਿ ਕੈ ਧੂਰਿ ਕਿਯੇ ਚਕਚੂਰ ਗਿਰੇ ਅਰਿ ਪੂਰ ਮਹਾ ਰਨ ਪਾਰ੍ਯੋ॥**
**ਫੇਰਿ ਕੈ ਘੇਰ ਲਯੋ ਰਨ ਮਾਹਿ ਸੁ ਮੁੰਡ ਕੋ ਮੁੰਡ ਜੁਦਾ ਕਰਿ ਮਾਰ੍ਯੋ॥**
**ਐਸੇ ਪਰ੍ਯੋ ਧਰਿ ਊਪਰ ਜਾਇ ਜਯੋਂ ਬੇਲਹਿ ਤੇ ਕਦੂਆ ਕਟਿ ਡਾਰ੍ਯੋ॥੧੧੪॥**

***ਭਾਵਾਰਥ:–*** ਚੰਡਿਕਾ ਸ਼ੇਰ ਨੂੰ (ਪ੍ਰੇਰ) ਤੋਰ ਕੇ ਅਤੇ ਉੱਤਮ (ਅਸਿ) ਤਲਵਾਰ ਸੰਭਾਲ ਕੇ ਅੱਗੇ (ਭਈ) ਵਧੀ। (ਚੰਡਿਕਾ ਨੇ) ਮਹਾਨ ਜੰਗ (ਪਾਰਿਓ) ਮਚਾਇਆ ਜਿਸ ਨਾਲ (ਅਰਿ) ਵੈਰੀਆਂ ਦੇ (ਪੂਰ) ਸਮੂਹ ਮਾਰ ਕੇ ਧੂੜ ਬਣਾਏ, ਚਕਨਾਚੂਰ ਕੀਤੇ ਡਿੱਗੇ ਸਨ। (ਫੇਰਿ ਕੈ) ਚਕਰ ਦੇ ਕੇ ਜੰਗ ਵਿੱਚ ਘੇਰ ਲਿਆ ਅਤੇ ਮੁੰਡ (ਦੈਤ) ਦਾ (ਮੁੰਡ) ਸਿਰ (ਜੁਦਾ) ਅੱਡ ਕਰ ਸੁੱਟਿਆ। ਮੁੰਡ ਦਾ ਸਿਰ ਜ਼ਮੀਨ ਤੇ ਇਓਂ ਜਾ ਪਿਆ ਜਿਵੇਂ ਕੱਦੂਆਂ ਦੀ ਵੇਲ ਤੋਂ ਕੱਦੂ ਕੱਟ ਕੇ ਸੁੱਟਿਆ ਹੋਇਆ ਹੁੰਦਾ ਹੈ॥੧੧੪॥

**ਸਵੈਯਾ॥**

**ਸਿੰਘ ਚੜੀ ਮੁਖ ਸੰਖ ਬਜਾਵਤਿ ਜਯੋਂ ਘਨ ਮੈਂ ਤੜਿਤਾ ਦੁਤਿ ਮੰਡੀ॥**
**ਚਕ੍ਰ ਚਲਾਇ ਗਿਰਾਇ ਦਯੋ ਅਰਿ ਭਾਜਤ ਦੈਤਜ ਬਡੇ ਬਰਬੰਡੀ॥**
**ਭੂਤ ਪਿਸਾਚਨਿ ਮਾਸ ਅਹਾਰ ਕਰੈ ਕਿਲਕਾਰ ਖਿਲਾਰ ਕੈ ਝੰਡੀ॥**
**ਮੁੰਡ ਕੋ ਮੁੰਡ ਉਤਾਰ ਦਯੋ ਅਬ ਚੰਡ ਕੋ ਹਾਥ ਲਗਾਵਤਿ ਚੰਡੀ॥੧੧੫॥**

***ਭਾਵਾਰਥ:–*** (ਚੰਡਿਕਾ) ਸ਼ੇਰ ਤੇ ਚੜ੍ਹ ਕੇ ਮੂੰਹੋਂ ਸੰਖ ਵਜਾਉਂਦੀ ਹੈ, ਜਿਵੇਂ ਬੱਦਲ ਵਿੱਚ (ਤੜਿਤਾ) ਬਿਜਲੀ (ਦੁਤਿ ਮੰਡੀ) ਸੋਭਾ ਪਾਉਂਦੀ ਸੋਹਣੀ ਲੱਗਦੀ ਹੈ। (ਅਰਿ) ਦੁਸ਼ਮਣ ਨੂੰ (ਚਕ੍ਰ ਚਲਾਇ) ਚੱਕਰ ਚਲਾ ਕੇ ਡੇਗ ਦਿੱਤਾ ਜਿਸ ਤੋਂ ਵੱਡੇ (ਬਰਬੰਡੀ) ਬਲਵਾਨ ਦੈਂਤ (ਵੀ ਭੈ ਮੰਨ ਕੇ) ਭੱਜਦੇ ਹਨ। ਭੂਤਨੀਆਂ, ਪ੍ਰੇਤਣੀਆਂ (ਝੰਡੀ) ਵਾਲਾਂ ਨੂੰ ਖਿੰਡਾ ਕੇ ਮਾਸ ਦਾ ਭੋਜਨ ਕਰਦੀਆਂ ਅਤੇ ਕਿਲਕਾਰੀਆਂ ਮਾਰਦੀਆਂ ਹਨ। ਮੁੰਡ (ਦੈਂਤ) ਦਾ ਸਿਰ ਤਾਂ ਲਾਹ ਹੀ ਸੁੱਟਿਆ ਹੈ, ਹੁਣ (ਚੰਡੀ) ਚੰਡਿਕਾ ਚੰਡ (ਦੈਂਤ) ਨੂੰ ਵੀ ਹੱਥ ਲਾਉਂਦੀ ਹੈ (ਪਾਉਂਦੀ)॥੧੧੫॥

**ਸਵੈਯਾ॥**

**ਮੁੰਡ ਮਹਾ ਰਨ ਮਧਜ ਹਨਯੋ ਫਿਰ ਕੈ ਬਰ ਚੰਡ ਤਬੈ ਇਹ ਕੀਨੋ॥**
**ਮਾਰ ਬਿਦਾਰ ਦਈ ਸਭਿ ਸੈਣ ਸੁ ਚੰਡਿਕਾ ਚੰਡ ਸੋ ਆਹਵ ਕੀਨੋ॥**
**ਲੈ ਬਰਛੀ ਕਰ ਮੈ ਅਰਿ ਕੋ ਸਿਰ ਕੈ ਬਰ ਮਾਰ ਜੁਦਾ ਕਰਿ ਦੀਨੋ॥**
**ਲੈ ਕੈ ਮਹੇਸ ਤ੍ਰਿਸੂਲ ਗਨੇਸ ਕੋ ਰੁੰਡ ਕਿਯੋ ਜਨੁ ਮੁੰਡ ਬਿਹੀਨੋ॥੧੧੬॥**

***ਭਾਵਾਰਥ:–*** ਜਦੋਂ ਮਹਾਨ ਯੁੱਧ ਵਿੱਚ ਮੁੰਡ (ਦੈਂਤ) ਮਾਰ ਦਿੱਤਾ, ਤਾਂ ਫਿਰ (ਚੰਡ) ਮਹਾਂ ਬਲ ਕਰਕੇ ਚੰਡਿਕਾ ਨੇ ਸਾਰੀ ਸੈਨਾ ਮਾਰ ਕੇ (ਬਿਦਾਰ) ਨਾਸ ਕਰ ਦਿੱਤੀ ਅਤੇ ਚੰਡ (ਦੈਂਤ) ਨਾਲ ਵੀ (ਆਹਵ) ਜੰਗ ਕੀਤਾ। ਹੱਥ ਵਿੱਚ ਬਰਛੀ ਲੈ ਕੇ, (ਕੈ ਬਰ) ਜ਼ੋਰ ਨਾਲ ਮਾਰ ਕੇ ਵੈਰੀ ਦਾ ਸਿਰ ਅੱਡ ਕਰ ਦਿੱਤਾ। (ਜਨੁ) ਮਾਨੋ ਕਿ (ਮਹੇਸ) ਸ਼ਿਵ ਨੇ ਤ੍ਰਿਸ਼ੂਲ ਲੈ ਕੇ ਗਣੇਸ਼ ਦਾ (ਰੁੰਡ) ਸਰੀਰ ਸਿਰ ਤੋਂ ਬਿਨਾਂ ਕਰ ਦਿੱਤਾ ਹੋਵੇ॥੧੧੬॥

**ਇਤਿ ਸ੍ਰੀ ਮਾਰਕੰਡੇ ਪੁਰਾਣੇ ਸ੍ਰੀ ਬਚਿਤ੍ਰ ਨਾਟਕੇ ਸ਼੍ਰੀ ਚੰਡੀ ਚਰਿਤ੍ਰੇ ਉਕਤ ਬਿਲਾਸੇ ਚੰਡ ਮੁੰਡ ਬਧਹਿ ਚਤੁਰਥ ਧਯਾਇ[1]॥੪॥**

***ਭਾਵਾਰਥ:–*** ਏਥੇ ਸੋਹਣੇ ਮਾਰਕੰਡੇ ਪੁਰਾਣ ਦੇ ਸੋਹਣੇ ਬਚਿਤ੍ਰ ਨਾਟਕ ਦੇ ਸ੍ਰੀ ਚਰਿਤ੍ਰ ਉਕਤ ਵਿਲਾਸ ਦੇ ਚੰਡ ਅਤੇ ਮੁੰਡ (ਦੈਤਾਂ) ਨੂੰ ਮਾਰਨ ਵਾਲਾ ਚੌਥਾ ਅਧਿਆਇ ਸਮਾਪਤ ਹੋਇਆ ਹੈ॥੪॥

**ਸੋਰਠਾ॥**

**ਘਾਇਲ ਘੂਮਤ ਕੋਟ ਜਾਇ ਪੁਕਾਰੈ ਸੁੰਭ ਪੈ॥**
**ਮਾਰੇ ਦੇਵੀ ਘੋਟ ਸੁਭਟ ਕਟਕ ਤੇ ਬਿਕਟ ਅਤਿ॥੧੧੭॥**

***ਭਾਵਾਰਥ:–*** (ਕੋਟ) ਕਰੋੜਾਂ ਹੀ ਜ਼ਖਮੀ ਹੋ ਕੇ (ਘੂਮਤ) ਚੱਕਰ ਖਾਂਦੇ ਹੋਏ ਸੁੰਭ ਪਾਸ ਜਾ ਕੇ (ਪੁਕਾਰੈ) ਬੋਲੇ ਕਿ ਦੇਵੀ ਨੇ (ਘੋਟ) ਚੰਗੀ ਤਰ੍ਹਾਂ ਬਹੁਤ (ਬਿਕਟ) ਅਹੰਕਾਰੀ (ਕਟਕ) ਫ਼ੌਜ ਦੇ (ਸੁਭਟ) ਯੋਧੇ ਮਾਰ ਦਿੱਤੇ ਹਨ॥੧੧੭॥

---

[1] ਏਸ ਇਤਿ ਸ੍ਰੀ ਦਾ ਬੀੜਾਂ ਵਿੱਚ ਬਹੁਤ ਫ਼ਰਕ ਹੈ, ਕੁਝ ਵਿੱਚ 'ਸ੍ਰੀ ਮਾਰਕੰਡੇ ਪੁਰਾਣੇ' ਪਾਠ ਨਹੀਂ, ਕੁਝ ਵਿੱਚ 'ਉਕਤ ਬਿਲਾਸੇ' ਨਹੀਂ, ਏਸੇ ਤੋਂ ਵੱਖਰਾ ਰੂਪਾਂਤਰੀ ਫ਼ਰਕ ਵੀ ਹੈ।

**ਦੋਹਰਾ॥**

**ਰਾਜ ਗਾਤ ਕੇ ਬਾਤਿ ਇਹ ਕਹੀ ਜੁ ਤਾਹੀ ਠਉਰ॥**

**ਮਰਿਹੋ ਜਿਯਤਿ ਨ ਛਾਡਿਹੋ ਕਹਯੋ ਸਤਯ ਨਹਿ ਅਉਰ॥੧੧੮॥**

***ਭਾਵਾਰਥ:–*** ਰਾਜੇ ਦੇ ਸਰੀਰ (ਕੇ) ਵਿੱਚੋਂ ਇਹ ਗੱਲ ਓਸ ਥਾਂ ਵਿੱਚ ਹੀ ਕਹੀ ਗਈ ਕਿ ਜਾਂ ਤਾਂ ਮੈਂ ਮਰਾਂਗਾ ਜਾਂ ਦੁਰਗਾ ਨੂੰ ਜਿਊਂਦਾ ਨਹੀਂ ਛੱਡਾਂਗਾ, (ਇਹ ਮੈਂ) ਠੀਕ ਕਿਹਾ ਹੈ, ਹੋਰ (ਝੂਠ) ਨਹੀਂ ਹੋਵੇਗਾ ॥੧੧੮॥

**ਤੁੰਡ ਸੁੰਭ ਕੇ ਚੰਡਿਕਾ ਚਢਿ ਬੋਲੀ ਇਹ ਭਾਇ॥**

**ਮਾਨੋ ਅਪਨੀ ਮ੍ਰਿਤੁ ਕੋ ਲੀਨੋ ਅਸੁਰ ਬੁਲਾਇ॥੧੧੯॥**

***ਭਾਵਾਰਥ:–*** ਸੁੰਭ ਦੇ (ਤੁੰਡ) ਮੂੰਹ ਤੇ ਚੰਡਿਕਾ ਹੀ ਇਸ ਤਰ੍ਹਾਂ ਚੜ੍ਹ ਕੇ ਬੋਲੀ ਹੈ ਮਾਨੋ ਕਿ ਦੈਂਤ ਨੇ ਆਪਣੀ ਮੌਤ ਨੂੰ ਬੁਲਾ ਲਿਆ ਹੈ॥੧੧੯॥

**ਦੋਹਰਾ॥**

**ਸੁੰਭ ਨਿਸੁੰਭ ਸੁ ਦੁਹੂੰ ਮਿਲਿ ਬੈਠਿ ਮੰਤ੍ਰ ਤਬ ਕੀਨ॥**

**ਸੈਨਾ ਸਕਲ ਬੁਲਾਇ ਕੈ ਸੁਭਟ ਬੀਰ ਚੁਨਿ ਲੀਨ॥੧੨੦॥**

***ਭਾਵਾਰਥ:–*** ਤਦ ਸੁੰਭ ਨਿਸੁੰਭ ਦੋਹਾਂ ਨੇ ਮਿਲ ਬਹਿ ਕੇ (ਮੰਤ੍ਰ) ਸਲਾਹ ਕੀਤੀ ਕਿ ਸਾਰੀ ਫ਼ੌਜ ਨੂੰ ਬੁਲਾ ਕੇ (ਸੁਭਟ ਬੀਰ) ਉੱਤਮ ਤੋਂ ਉੱਤਮ ਯੋਧੇ ਚੁਣ ਲਈਏ॥੨੨੦॥

**ਰਕਤ ਬੀਜ ਕੋ ਭੇਜੀਏ ਮੰਤ੍ਰਿਨ ਕਹੀ ਬਿਚਾਰ॥**

**ਪਾਥਰ ਜਯੋਂ ਗਿਰਿ ਡਾਰ ਕੈ ਚੰਡਿਹਿ ਹਨੈ ਹਕਾਰ॥੧੨੧॥**

***ਭਾਵਾਰਥ:–*** ਮੰਤਰੀਆਂ ਨੇ ਬਿਚਾਰ (ਕਹੀ) ਦੱਸੀ ਕਿ (ਰਕਤਬੀਜ) ਸ੍ਰੋਣਤ ਵੀਰਯ (ਨਾਮੇ ਦੈਂਤ ਯੋਧੇ) ਭੇਜਿਆ ਜਾਵੇ। ਜੋ ਪੱਥਰ ਵਾਂਗ (ਕੈਲਾਸ਼) ਪਰਬਤ ਨੂੰ ਹੀ ਗਿਰਾ ਕੇ ਚੰਡਿਕਾ ਨੂੰ ਵੰਗਾਰ ਕੇ ਮਾਰ ਦੇਵੇਗਾ॥੨੨੧॥

**ਸੋਰਠਾ॥**

**ਭੇਜੋ ਕੋਊ ਦੂਤ ਗ੍ਰਿਹ ਤੇ ਲਯਾਵੈ ਤਾਹਿ ਕੋ॥**

**ਜੀਤਯੋ ਜਿਨ ਪੁਰਹੂਤ ਭੁਜ ਬਲ ਜਾ ਕੇ ਅਮਿਤ ਹੈ॥੧੨੨॥**

***ਭਾਵਾਰਥ:–*** ਕੋਈ ਦੂਤ ਜਾਂ ਹਲਕਾਰਾ ਭੇਜੋ ਜੋ ਉਹਨੂੰ ਘਰ ਤੋਂ ਲਿਅਵੇ। ਜੀਹਨੇ (ਪੁਰਹੂਤ) ਇੰਦਰ ਨੂੰ ਜਿੱਤਿਆ ਸੀ ਅਤੇ ਜੀਹਦੀਆਂ ਬਾਹਾਂ ਵਿੱਚ (ਅਮਿਤ) ਬੇਅੰਤ ਬਲ ਹੈ॥੧੨੨॥

**ਦੋਹਰਾ॥**

**ਸ੍ਰੋਣਤ ਬਿੰਦ ਪੈ ਦੈਤਜ ਇਕੁ ਗਯੋ ਕਰੀ ਅਰਦਾਸ॥**[1]
**ਰਾਜ ਬੁਲਾਵਤ ਸਭਾ ਮੈ ਬੇਗ ਚਲੋ ਤਿਹ ਪਾਸ॥੧੨੩॥**

***ਭਾਵਾਰਥ:-*** ਸ੍ਰੋਣਤ ਵੀਰਜ ਪਾਸ ਇੱਕ ਦੈਂਤ ਗਿਆ ਅਤੇ (ਅਰਦਾਸ) ਅਰਜ਼ ਕੀਤੀ ਕਿ ਰਾਜਾ (ਸੁੰਭ) ਸਭਾ ਵਿੱਚ ਸੱਦਦਾ ਹੈ, (ਬੇਗ) ਛੇਤੀ ਹੀ ਓਸ ਕੋਲ ਚੱਲੋ॥੧੨੩॥

**ਰਕਤ ਬੀਜ ਨ੍ਰਿਪ ਸੁੰਭ ਕੋ ਕੀਨੋ ਆਨ ਪ੍ਰਨਾਮ॥**
**ਅਸੁਰ ਸਭਾ ਮਧਜ ਭਾਉ ਕਰਿ ਕਹਜੋ ਕਰਹੁ ਮਮ ਕਾਮ॥੧੨੪॥**

***ਭਾਵਾਰਥ:-*** ਸ੍ਰੋਣਤ ਵੀਰਜ ਨੇ ਰਾਜੇ ਸੁੰਭ ਨੂੰ ਆ ਨਮਸਕਾਰ ਕੀਤੀ। (ਰਾਜੇ ਸੁੰਭ ਨੇ) ਦੈਂਤ ਸਭਾ ਵਿੱਚ (ਭਾਉ) ਆਦਰ ਕੀਤਾ ਅਤੇ ਕਿਹਾ ਕਿ ਮੇਰਾ ਕੰਮ ਕਰੋ॥੧੨੪॥

**ਸਵੈਯਾ॥**
**ਸ੍ਰਉਣਤ ਬਿੰਦੁ ਕੋ ਸੁੰਭ ਨਿਸੁੰਭ ਬੁਲਾਇ ਬੈਠਾਇ ਕੈ ਆਦਰੁ ਕੀਨੋ॥**
**ਦੈ ਸਿਰਤਾਜ ਬਡੇ ਗਜਰਾਜ ਸੁਬਾਜਿ ਦਏ ਰਿਝਵਾਇ ਕੈ ਲੀਨੋ॥**
**ਪਾਨ ਲੈ ਦੈਤਜ ਕਹੀ ਇਹ ਚੰਡਿ ਕੋ ਰੁੰਡ ਕਰੋ ਅਬ ਮੁੰਡ ਬਿਹੀਨੋ॥**
**ਐਸੇ ਕਹਜੋ ਤਿਨ ਮਧਜ ਸਭਾ ਨ੍ਰਿਪ ਰੀਝ ਕੈ ਮੇਘ ਅਡੰਬਰ ਦੀਨੋ॥੧੨੫॥**

***ਭਾਵਾਰਥ:-*** ਸੁੰਭ ਨਿਸੁੰਭ ਨੇ ਸ੍ਰੋਣਤ ਵੀਰਜ ਨੂੰ ਬੁਲਾ ਕੇ ਸਨਮਾਨ ਕੀਤਾ। (ਸਿਰਤਾਜ) ਮੁਕਟ, ਵੱਡੇ ਹਾਥੀ ਅਤੇ ਉੱਤਮ (ਬਾਜਿ) ਘੋੜੇ ਦੇ ਕੇ ਖੁਸ਼ ਕਰ ਲਿਆ (ਦੈਤ) ਸ੍ਰੋਣਤ ਵੀਰਜ ਨੇ (ਪਾਨ) ਬੀੜਾ ਲੈ ਕੇ ਕਹੀ ਕਿ ਏਸ ਚੰਡੀ ਦਾ ਸਰੀਰ ਹੁਣੇ ਹੀ ਮੈਂ ਸਿਰ ਤੋਂ ਬਿਨਾਂ ਕਰ ਦਿਆਂਗਾ। (ਜਦੋਂ) ਉਸ (ਸ੍ਰੋਣਤ ਵੀਰਜ) ਨੇ ਸਭਾ ਵਿੱਚ ਇਓਂ ਕਿਹਾ ਤਾਂ ਰਾਜੇ (ਸੁੰਭ) ਨੇ ਖੁਸ਼ ਹੋ ਕੇ ਉਸਨੂੰ (ਮੇਘ ਅਡੰਬਰ) ਛਤ੍ਰਦਾਰ ਹਾਥੀ ਦੀ ਅੰਬਾਰੀ ਦਿੱਤੀ॥੧੨੫॥

**ਸ੍ਰੌਣਤ ਬਿੰਦੁ ਕੋ ਸੁੰਭ ਨਿਸੁੰਭ ਕਹਜੋ ਤੁਮ ਜਾਹੁ ਮਹਾ ਦਲੁ ਲੈ ਕੈ॥**
**ਛਾਰ ਕਰੋ ਗਰੂਏ ਗਿਰਿਰਾਜਹਿ ਚੰਡਿ ਪਚਾਰਿ ਹਨੋ ਬਲੁ ਕੈ ਕੈ॥**
**ਕਾਨਨ ਮੈ ਨ੍ਰਿਪ ਕੀ ਸੁਨਿ ਬਾਤ ਰਿਸਾਤ ਚਲਜੋ ਚੜਿ ਊਪਰਿ ਗੈ ਕੈ॥**
**ਮਾਨੋ ਪ੍ਰਤੱਛ ਹੋਇ ਅੰਤਕ ਦੈਤਜ ਕੋ ਲੈ ਕੈ ਚਲਜੋ ਰਨ ਹੇਤ ਜੁ ਛੈ ਕੈ॥੧੨੬॥**

***ਭਾਵਾਰਥ:-*** ਸ੍ਰੋਣਤ ਵੀਰਜ ਨੂੰ ਸੁੰਭ ਤੇ ਨਿਸੁੰਭ ਨੇ ਕਿਹਾ ਤੂੰ ਤਕੜੀ ਫ਼ੌਜ ਲੈ ਕੇ ਜਾਹ। ਬਹੁਤ (ਗਰੂਏ) ਭਾਰੇ ਪਹਾੜ (ਕੈਲਾਸ਼) ਨੂੰ (ਛਾਰ) ਸੁਆਹ (ਧੂੜਿ) ਕਰ ਦਿਓ, ਤਾਕਤ ਨਾਲ ਚੰਡਿਕਾ ਨੂੰ (ਪਚਾਰ) ਵੰਗਾਰ ਕੇ ਮਾਰੋ। ਰਾਜੇ (ਸੁੰਭ) ਦੀ ਗੱਲ ਕੰਨਾਂ ਵਿੱਚ ਦੀ ਸੁਣ ਕੇ (ਗੈ) ਹਾਥੀ ਤੇ ਚੜ੍ਹ ਕੇ ਗੁੱਸੇ ਨਾਲ ਤੁਰ ਪਿਆ। ਮਾਨੋ ਕਿ (ਅੰਤਕ) ਯਮਰਾਜ ਪ੍ਰਗਟ ਹੋ ਕੇ ਦੈਂਤ ਨੂੰ ਜੰਗ ਵਿੱਚ (ਛੈ) ਮਾਰਨ ਦੇ (ਹੇਤ) ਵਾਸਤੇ ਲੈ ਕੇ ਤੁਰਿਆ ਹੋਵੇ॥੧੨੬॥

---

[1] ਨੋਟ:- ਸ੍ਰੋਣਤ ਬਿੰਦ ਅਤੇ ਰਕਤ ਬੀਰਜ ਇੱਕ ਹੀ ਦੈਂਤ ਦਾ ਨਾਮ ਹੈ।

**ਸਵੈਯਾ॥**

**ਬੀਜ ਰਕਤੁ ਸੁ ਬੰਬ ਬਜਾਇ ਕੈ ਆਗੈ ਕਿਯੇ ਗਜ ਬਾਜਿ ਰਥੱਯਾ॥**

**ਏਕ ਤੇ ਏਕ ਮਹਾ ਬਲਿ ਦਾਨਵ ਮੇਰੁ ਕੋ ਪਾਇਨ ਸਾਥ ਮਥੱਯਾ॥**

**ਦੇਖਿ ਤਿਨੈ ਸੁਭ ਅੰਗ ਸੁ ਦੀਰਘ ਕੌਚ ਸਜੇ ਕਟਿ ਬਾਂਧਿ ਭਥੱਯਾ॥**

**ਲੀਨਿ ਕਮਾਨਨ ਬਾਨ ਕ੍ਰਿਪਾਨ ਸਮਾਨ ਕੈ ਸਾਥ ਲਏ ਜੁ ਸਥੱਯਾ॥੧੨੭॥**[1]

***ਭਾਵਾਰਥ:–*** (ਬੀਜ ਰਕਤੁ) ਸ੍ਰੋਣਤ ਵੀਰਜ ਨੇ ਉੱਚਾ (ਬੰਬ) ਢੰਡੋਰਾ ਪਿੱਟ ਕੇ ਹਾਥੀ, ਘੋੜੇ ਅਤੇ ਰਥਾਂ ਵਾਲੇ ਯੋਧੇ ਅੱਗੇ ਕਰ ਲਏ। ਇੱਕ ਤੋਂ ਇੱਕ ਭਾਵ ਚੜ੍ਹਦੇ ਤੋਂ ਚੜ੍ਹਦਾ ਮਹਾਨ ਬਲੀ ਦੈਂਤ ਹੈ, ਜੋ (ਮੇਰੁ) ਪਹਾੜ ਨੂੰ ਪੈਰਾਂ ਨਾਲ ਮਲ ਦੇਂਦਾ ਹੈ। ਉਨ੍ਹਾਂ ਦੇ ਸ੍ਰੇਸ਼ਟ ਅਤੇ ਲੰਮੇ ਅੰਗ (ਦੇਖਿ) ਦਿਸਦੇ ਹਨ ਤੇ ਨਾਲ ਹੀ (ਕੌਚ) ਸੰਜੋਆਂ (ਸਜੇ) ਪਹਿਨੇ ਹੋਏ ਅਤੇ (ਕਟਿ) ਲੱਕਾਂ ਨਾਲ ਭੱਥੇ ਬੰਨ੍ਹੇ ਹੋਏ ਹਨ। ਧਨੁਸ਼, ਬਾਣ ਅਤੇ ਤਲਵਾਰਾਂ ਦੇ ਸਾਜੋ ਸਾਮਾਨ ਸਮੇਤ ਅਥਵਾ (ਸੁ ਮਾਣ ਦੇ ਨਾਲ) ਜੋ ਸਾਥੀ (ਨਾਲ) ਲਏ ਹੋਏ ਨੇ॥੧੨੭॥

**ਦੋਹਰਾ॥**

**ਰਕਤ ਬੀਜ ਦਲ ਸਾਜ ਕੈ ਉਤਰੇ ਤਟ ਗਿਰਿਰਾਜ॥**

**ਸ੍ਰਵਣਿ ਕੁਲਾਹਲ ਸੁਨਿ ਸਿਵਾ ਕਰਯੋ ਜੁੱਧ ਕੋ ਸਾਜ॥੧੨੮॥**

***ਭਾਵਾਰਥ:–*** ਸ੍ਰੋਣਤ ਵੀਰਜ ਨੇ ਦਲ (ਸਾਜ) ਬਣਾ ਕੇ (ਗਿਰਿਰਾਜ) ਕੈਲਾਸ਼ ਦੇ (ਤਟ) ਕਿਨਾਰੇ ਉਤਾਰਾ ਕਰ ਲਿਆ। (ਸਿਵਾ) ਚੰਡਿਕਾ ਨੇ (ਸ੍ਰਵਣਿ) ਕੰਨਾਂ ਵਿੱਚ (ਕੁਲਾਹਲ) ਸ਼ੋਰ ਸੁਣ ਕੇ ਜੰਗ ਦਾ (ਸਾਜੋ) ਸਾਮਾਨ ਤਿਆਰ ਕੀਤਾ॥੧੨੮॥

**ਸੋਰਠਾ॥**

**ਹ੍ਵੈ ਸਿੰਘਹਿ ਅਸਵਾਰ ਗਾਜ ਗਾਜ ਕੈ ਚੰਡਿਕਾ॥**

**ਚਲੀ ਪ੍ਰਬਲ ਅਸਿ ਧਾਰ ਰਕਤਿ ਬੀਜ ਕੇ ਬਧ ਨਮਿਤ॥੧੨੯॥**

***ਭਾਵਾਰਥ:–*** ਚੰਡਿਕਾ (ਗਾਜ) ਬਿਜਲੀ ਵਾਂਗ ਗੱਜ ਕੇ ਸ਼ੇਰ ’ਤੇ ਸਵਾਰ ਹੋ ਗਈ ਅਤੇ (ਪ੍ਰਬਲ) ਭਾਰੀ (ਅਸਿ) ਤਲਵਾਰ ਨੂੰ ਧਾਰ ਕੇ ਸ੍ਰੋਣਤ ਵੀਰਜ ਦੇ (ਬਧ) ਨਾਸ ਵਾਸਤੇ ਚੱਲ ਪਈ॥੧੨੯॥

**ਸਵੈਯਾ॥**

**ਆਵਤਿ ਦੇਖਿ ਕੈ ਚੰਡਿ ਪ੍ਰਚੰਡ ਕੋ ਸ੍ਰੋਣਤ ਬਿੰਦੁ ਮਹਾ ਹਰਖ੍ਯੋ ਹੈ॥**

**ਆਗੈ ਹ੍ਵੈ ਸਤ੍ਰੁ ਧਸੇ ਰਨ ਮਧ੍ਯ ਸੁ ਕ੍ਰੁੱਧ ਕੈ ਜੁੱਧਹਿ ਕੋ ਸਰਖ੍ਯੋ ਹੈ॥**

**ਲੈ ਉਮਡਿਓ ਦਲੁ ਬਾਦਲੁ ਸੋ ਕਵਿ ਨੇ ਜਸੁ ਯਾ ਛਬਿ ਕੋ ਪਰਖ੍ਯੋ ਹੈ॥**

---

[1] ਕੁਝ ਬੀੜਾਂ ਵਿੱਚ ‘ਰਥਈਆ’,‘ਮਥਈਆ’, ‘ਭਥਈਆ’ ਅਤੇ ‘ਸਥਈਆ’ ਰੁਪਾਂਤਰ ਵੀ ਹਨ। ਇਹਨਾਂ ਦਾ ਅਤੇ ਉਪਰੋਕਤ ਰੂਪਾਂ ਦਾ ਉਚਾਰਨ ਇੱਕ ਹੀ ਹੈ, ਪ੍ਰੰਤੂ ‘ਰਥਈਆ’ ਆਦਿਕ ਲਿਖਣ ਨਾਲ ਸਵੈਯੇ ਦੀ ਗਣ ਕ੍ਰਿਯਾ ਭੰਗ ਹੋ ਜਾਂਦੀ ਹੈ, ਸ੍ਰੀ ਗੁਰ ਗੋਬਿੰਦ ਸਿੰਘ ਸਾਹਿਬ ਜੀ ਦੀ ਰਚਨਾ ਪਿੰਗਲ ਦੇ ਨਿਯਮਾਂ ਅਨੁਸਾਰ ਪੂਰਨ ਹੀ ਸ਼ੁੱਧ ਹੈ।

**ਤੀਰ ਚਲੇ ਇਮ ਬੀਰਨ ਕੇ ਬਹੁ ਮੇਘ ਮਨੋ ਬਲੁ ਕੈ ਬਰਖ੍ਯੋ ਹੈ॥੧੩੦॥**

***ਭਾਵਾਰਥ:-*** (ਪ੍ਰਚੰਡ) ਤੇਜ਼ੀ ਨਾਲ ਚੰਡਿਕਾ ਨੂੰ ਆਉਂਦਿਆਂ ਵੇਖ ਕੇ ਸ੍ਰੋਣਤ ਵੀਰਜ ਬੜਾ ਖੁਸ਼ ਹੋਇਆ। (ਆਗੈ) ਸਾਹਮਣੇ ਹੋ ਕੇ ਦੁਸ਼ਮਣ (ਦੈਂਤ) ਵੀ ਜੰਗੇ-ਮੈਦਾਨ ਵਿੱਚ ਧੱਸ ਗਏ, ਚੰਗਾ ਗੁੱਸਾ ਕਰ ਕੇ ਯੁੱਧ ਵਾਸਤੇ ਹੀ (ਸਰਖਿਓ) ਤੁਰਿਆ ਹੈ। ਬੱਦਲ ਵਾਂਗ ਦਲ ਨੂੰ ਲੈ ਕੇ ਉਮਡ ਪਿਆ ਕਵੀ ਨੇ (ਛਬਿ) ਸੋਭਾ ਦਾ ਏਹੋ (ਜਸ) ਉਪਮਾਨ (ਪਰਖਿਓ) ਜਾਚਿਆ ਹੈ। ਸੂਰਮਿਆਂ ਦੇ ਤੀਰ ਇਓਂ ਚੱਲੇ, ਮਾਨੋ ਕਿ (ਬਲੁ ਕੈ) ਜ਼ੋਰ ਨਾਲ ਮੀਂਹ (ਬਰਖਿਓ) ਵਰ੍ਹਿਆ ਹੈ॥੧੩੦॥

**ਸਵੈਯਾ॥**

**ਬੀਰਨ ਕੇ ਕਰ ਤੇ ਛੁਟ ਤੀਰ ਸਰੀਰਨ ਚੀਰ ਕੇ ਪਾਰ ਪਰਾਨੇ॥**
**ਤੋਰ ਸਰਾਸਨ ਫੋਰ ਕੈ ਕੌਚਨ ਮੀਨਨ ਕੇ ਰਿਪੁ ਜ੍ਯੋਂ ਥਹਰਾਨੇ॥**
**ਘਾਉ ਲਗੇ ਤਨ ਚੰਡਿ ਅਨੇਕ ਸੁ ਸ੍ਰੌਣ ਚਲ੍ਯੋ ਬਹਿ ਕੈ ਸਰਿਤਾਨੇ॥**
**ਮਾਨਹੁ ਫਾਰਿ ਪਹਾਰ ਹੂੰ ਕੋ ਸੁਤ ਤੱਛਕ ਕੇ ਨਿਕਸੇ ਕਰ ਬਾਨੇ॥੧੩੧॥**

***ਭਾਵਾਰਥ:-*** ਯੋਧਿਆਂ ਦੇ ਹੱਥਾਂ 'ਚੋਂ ਤੀਰ ਛੁੱਟ ਕੇ ਸਰੀਰਾਂ ਨੂੰ ਚੀਰ ਕੇ (ਪਰਾਨੇ) ਪਾਰ ਚਲੇ ਗਏ। (ਸਰਾਸਨ) ਭੱਥੇ ਤੋੜ ਕੇ (ਕੋਚਨ) ਸੰਜੋਆਂ ਫੋੜ੍ਹ ਕੇ (ਮੀਨਨ ਕੇ ਰਿਪੁ) ਦੁਧੀਆਰੇ ਪੰਛੀਆਂ ਵਾਂਗ (ਥਹਰਾਨੇ) ਆਕਾਸ਼ ਵਿੱਚ ਉੱਡੇ। ਚੰਡਿਕਾ ਦੇ ਸਰੀਰ ਨੂੰ ਅਨੇਕਾਂ ਜ਼ਖ਼ਮ ਲੱਗੇ ਅਤੇ (ਸਰਿਤਾਨੇ) ਨਦੀਆਂ ਵਾਂਗ ਲਹੂ ਵਹਿ ਤੁਰਿਆ। ਮਾਨੋ ਕਿ ਪਹਾੜ ਨੂੰ ਫੋੜ ਕੇ ਤੱਛਕ (ਨਾਗ) ਦੇ ਬੱਚੇ (ਕਰ ਬਾਨੇ) ਲਾਲ ਲਿਬਾਸ ਬਣਾ ਕੇ ਨਿਕਲੇ ਹੋਣ॥੧੩੧॥

**ਬੀਰਨ ਕੇ ਕਰ ਤੇ ਛੁਟ ਤੀਰ ਸੁ ਚੰਡਿਕਾ ਸਿੰਘਨਿ ਜ੍ਯੋਂ ਭਭਕਾਰੀ॥**
**ਲੈ ਕਰਿ ਬਾਨ ਕਮਾਨ ਕ੍ਰਿਪਾਨ ਗਦਾ ਗਹਿ ਚਕ੍ਰ ਛੁਰੀ ਅਉ ਕਟਾਰੀ॥**
**ਕਾਟ ਕੈ ਦਾਮਨ ਛੇਦ ਕੈ ਭੇਦ ਕੈ ਸਿੰਧਰ ਕੀ ਕਰਿ ਭਿੰਨ ਅੰਬਾਰੀ॥**
**ਮਾਨਹੁ ਆਗਿ ਲਗਾਇ ਹਨੂ ਗੜ ਲੰਕ ਅਵਾਸ ਕੀ ਡਾਰਿ ਅਟਾਰੀ॥੧੩੨॥**

***ਭਾਵਾਰਥ:-*** ਜਦੋਂ ਸੂਰਬੀਰਾਂ ਦੇ ਹੱਥੋਂ ਤੀਰ ਨਿਕਲੇ ਤਾਂ ਚੰਡਿਕਾ ਸ਼ੇਰਨੀ ਵਾਂਗੂੰ ਭਬਕੀ। ਤੀਰ, ਕਮਾਨ, ਤਲਵਾਰ, ਗਦਾ, ਚਕ੍ਰ, ਛੁਰੀ ਅਤੇ ਕਟਾਰ ਹੱਥ ਵਿੱਚ ਫੜ੍ਹ ਕੇ। (ਦਾਮਨ) ਰੱਸੀਆਂ ਕੱਟ ਕੇ, (ਛੇਦ ਕੈ) ਭਜਾ ਕੇ, (ਭੇਦ) ਵਿੰਨ੍ਹ ਕੇ (ਸਿੰਧੁਰ) ਹਾਥੀ ਦਾ ਮੱਦ (ਅੰਬਾਰੀ) ਅੱਡ ਕਰ ਦਿੱਤੀ। ਮਾਨੋ ਕਿ ਹਨੂਮਾਨ ਨੇ ਲੰਕਾ ਗੜ੍ਹ ਨੂੰ ਅੱਗ ਲਾ ਕੇ (ਅਵਾਸ) ਮਕਾਨ ਦੀ (ਅਟਾਰੀ) ਚੋਟੀ (ਗੁੰਬਜ਼) ਸੁੱਟੀ ਹੈ॥੧੩੨॥

**ਤੋਰ ਕੈ ਮੋਰ ਕੈ ਦੈਤਨ ਕੇ ਮੁਖ ਘੋਰ ਕੈ ਚੰਡਿ ਮਹਾ ਅਸਿ ਲੀਨੋ॥**
**ਜੋਰ ਕੈ ਕੋਰ ਕੈ ਠੋਰ ਕੈ ਬੀਰ ਸੁ ਰਾਛਸ ਕੋ ਹਤਿ ਕੈ ਤਿਹ ਦੀਨੋ॥**
**ਖੋਰ ਕੈ ਤੋਰ ਕੈ ਬੋਰ ਕੈ ਦਾਨਵ ਲੈ ਤਿਨ ਕੇ ਕਰਿ ਹਾਡ ਚਬੀਨੋ ॥**
**ਸ੍ਰੌਣ ਕੋ ਪਾਨ ਕਰ੍ਯੋ ਜ੍ਯੋਂ ਦਵਾ ਹਰਿ ਸਾਗਰ ਕੋ ਜਲ ਜ੍ਯੋਂ ਰਿਖਿ ਪੀਨੋ॥੧੩੩॥**

***ਭਾਵਾਰਥ:–*** ਦੈਂਤਾਂ ਦੇ ਮੂੰਹ ਤੋੜ, ਮਰੋੜ ਕੇ ਤੇ ਘੋਲ ਕਰਕੇ ਚੰਡਿਕਾ ਨੇ ਵੱਡੀ ਤਲਵਾਰ (ਲੀਨੋ) ਫੜ੍ਹੀ। ਉਸ (ਕੋਰ) ਟੇਢੀ ਨਜ਼ਰ ਨਾਲ (ਬੀਰ) ਅਜਮਾਏ ਹੋਏ ਤਕੜੇ ਤਕੜੇ ਯੋਧਿਆਂ ਨੂੰ (ਠੋਰ) ਵੇਖ ਕੇ ਮਾਰ ਦਿੱਤਾ (ਅਥਵਾ ਬਲ ਪੂਰਵਕ ਕਤਾਰਾਂ ਬੰਨ੍ਹ ਕੇ ਰਸਤਾ ਰੋਕੀ ਖੜੇ ਹੋਏ ਰਾਖਸ਼ਾਂ ਨੂੰ ਮਾਰ ਦਿੱਤਾ)। (ਖੋਰ) ਕ੍ਰੋਧ ਨਾਲ (ਤੋਰ) ਚੱਲ ਕੇ ਅਤੇ ਦੈਂਤਾਂ ਨੂੰ (ਬੋਰ) ਲਲਕਾਰ ਕੇ ਉਨ੍ਹਾਂ ਦੇ ਹੱਡਾਂ ਦਾ ਚਬੀਨਾ ਬਣਾ ਦਿੱਤਾ। ਲਹੂ ਨੂੰ ਪਾਣੀ ਵਾਂਗ ਪੀ ਲਿਆ ਜਿਵੇਂ (ਹਰਿ) ਭਗਵਾਨ ਕ੍ਰਿਸ਼ਨ ਜੀ ਨੇ (ਦਵਾ) ਅੱਗ ਅਤੇ (ਅਗਸਤ) ਰਿਸ਼ੀ ਨੇ ਸਾਗਰ ਦਾ ਪਾਣੀ ਪੀਤਾ ਸੀ॥੧੩੩॥

**ਸਵੈਯਾ॥**

**ਚੰਡਿ ਪ੍ਰਚੰਡ ਕੁਵੰਡ ਕਰੰ ਗਹਿ ਜੁੱਧ ਕਰਯੋ ਨ ਗਨੇ ਭਟ ਆਨੇ॥**
**ਮਾਰ ਦਈ ਸਭ ਦੈਤਜ ਚਮੂ ਤਿਹ ਸ੍ਰਉਣਤ ਜੰਬੁਕ ਗ੍ਰਿੱਝ ਅਘਾਨੇ॥**
**ਭਾਲ ਭਯਾਨਕ ਦੇਖਿ ਭਵਾਨਿ ਕੋ ਦਾਨਵ ਯੌਂ ਰਨ ਛਾਡ ਪਰਾਨੇ॥**
**ਪਉਨ ਕੇ ਗਉਨ ਕੇ ਤੇਜ ਪ੍ਰਤਾਪ ਤੇ ਪੀਪਰ ਕੇ ਜਿਮ ਪਾਤ ਉਡਾਨੇ॥੧੩੪॥**

***ਭਾਵਾਰਥ:–*** ਚੰਡਿਕਾ ਨੇ (ਕਰੰ) ਹੱਥ ਵਿੱਚ (ਪ੍ਰਚੰਡ) ਪ੍ਰਤਾਪੀ ਜਾਂ ਤੇਜਮਯ ਪ੍ਰਸਿੱਧ (ਕੁਵੰਡ) ਧਨੁਸ਼ ਫੜਕੇ ਜੰਗ ਕੀਤਾ ਅਤੇ ਹੋਰ (ਕੋਈ ਵੀ) ਯੋਧੇ ਗਿਣਤੀ ਵਿੱਚ ਹੀ ਨਾ ਲਿਆਂਦੇ। ਸਾਰੀ ਦੈਂਤ ਸੈਨਾ ਮਾਰ ਦਿੱਤੀ ਗਈ ਓਸ ਲਹੂ ਤੋਂ ਗਿੱਦੜ ਅਤੇ ਗਿਰਝਾਂ ਵੀ ਰੱਜ ਗਈਆਂ। (ਭਵਾਨਿ) ਚੰਡਿਕਾ ਦਾ ਡਰਾਉਣਾ (ਭਾਲ) ਮੱਥਾ ਭਾਵ ਮੂੰਹ ਵੇਖ ਕੇ ਦੈਂਤ ਜੰਗ ਛੱਡ ਕੇ ਇਓਂ (ਪਰਾਨੇ) ਭੱਜੇ। ਜਿਵੇਂ ਤੇਜ਼ ਹਵਾ ਦੇ ਚੱਲਣ ਦੇ (ਪ੍ਰਤਾਪ) ਬਲ ਨਾਲ ਪਿੱਪਲ ਦੇ ਸੁੱਕੇ ਪੱਤੇ ਉੱਡਦੇ ਹਨ॥੧੩੪॥

**ਸਵੈਯਾ॥**

**ਆਹਵ ਮੈ ਖਿਝ ਕੈ ਬਰ ਚੰਡਿ ਕਰੰ ਧਰ ਕੈ ਹਰਿ ਪੈ ਅਰਿ ਮਾਰੇ॥**
**ਏਕਨ ਤੀਰਨ ਚਕ੍ਰ ਗਦਾ ਹਤਿ ਏਕਨ ਕੇ ਤਨ ਕੇਹਰਿ ਫਾਰੇ॥**
**ਹੈ ਦਲ ਗੈ ਦਲ ਪੈਦਲ ਘਾਇ ਕੈ ਮਾਰ ਰਥੀ ਬਿਰਥੀ ਕਰ ਡਾਰੇ॥**
**ਸਿੰਧੁਰ ਐਸ ਪਰੇ ਤਿਹ ਠੌਰ ਸੁ ਭੂਮਿ ਮੈ ਝੂਮਿ ਗਿਰੇ ਗਿਰਿ ਭਾਰੇ॥੧੩੫॥**

***ਭਾਵਾਰਥ:–*** (ਮੈਦਾਨ) (ਆਹਵ) ਜੰਗ ਵਿੱਚ ਚੰਡਿਕਾ ਨੇ (ਬਰ) ਬਹੁਤ ਖਿੱਝ ਕੇ ਹੱਥ ਵਿੱਚ (ਹਰਿ) ਤਲਵਾਰ ਜਾਂ ਖੰਡਾ ਫੜ੍ਹ ਕੇ ਫੇਰ ਦੁਸ਼ਮਣਾਂ ਨੂੰ ਮਾਰਿਆ। (ਏਕਨ) ਕਈਆਂ ਨੂੰ ਤੀਰ, ਚਕ੍ਰ ਅਤੇ ਗਦਾ ਫੜ੍ਹ ਕੇ ਮਾਰੀ, ਕਈਆਂ ਦੇ ਸਰੀਰ ਸ਼ੇਰ ਨੇ ਪਾੜ ਦਿੱਤੇ। ਘੋੜਿਆਂ ਦੀ ਸੈਨਾ, ਹਾਥੀਆਂ ਵਾਲੀ ਸੈਨਾ ਅਤੇ ਪੈਦਲਾਂ ਨੂੰ ਮਾਰ ਕੇ, ਰਥੀਆਂ ਨੂੰ ਮਾਰ ਕੇ (ਬਿਰਥੀ) ਬੇ-ਰਥੀ ਭਾਵ ਪੈਦਲ ਕਰ ਸੁੱਟਿਆ। ਓਸ ਥਾਂ ਵਿੱਚ (ਸਿੰਧੁਰ) ਹਾਥੀ ਇਓਂ ਪਏ ਹੋਏ ਸਨ, (ਸੁ) ਜਿਵੇਂ ਭਾਰੀ ਪਹਾੜ (ਝੂਮਿ) ਚੱਕਰ ਖਾ ਕੇ ਜ਼ਮੀਨ 'ਤੇ ਡਿੱਗੇ ਹੁੰਦੇ ਹਨ॥੧੩੫॥

**ਦੋਹਰਾ॥**

**ਰਕਤ ਬੀਜ ਕੀ ਚਮੂ ਸਭਿ ਭਾਗੀ ਕਰਿ ਤਿਹ ਤ੍ਰਾਸ॥**

**ਕਹ੍ਯੋ ਦੈਤਜ ਪੁਨਿ ਘੇਰਿ ਕੈ ਕਰੋ ਚੰਡਿ ਕੋ ਨਾਸ॥੧੩੬॥**

***ਭਾਵਾਰਥ:–*** ਸ੍ਰੋਣਤ ਵੀਰਜ ਦੀ ਸਾਰੀ ਸੈਨਾ ਓਥੋਂ ਡਰ ਕੇ ਭੱਜ ਗਈ। ਦੈਂਤ (ਸ੍ਰੋਣਤ ਵੀਰਜ) ਨੇ ਫੇਰ ਸੈਨਾ ਨੂੰ ਘੇਰ ਕੇ ਕਿਹਾ ਕਿ ਚੰਡਿਕਾ ਦਾ ਨਾਸ ਕਰੋ॥੧੩੬॥

**ਸ੍ਵੈਯਾ॥**

**ਕਾਨਨ ਮੈ ਸੁਨਿ ਕੇ ਇਹ ਬਾਤ ਸੁ ਬੀਰ ਫਿਰੇ ਕਰ ਮੈ ਅਸਿ ਲੈ ਕੈ॥**
**ਚੰਡਿ ਪ੍ਰਚੰਡ ਸੁ ਜੁੱਧ ਕਰ੍ਯੋ ਬਲਿ ਕੈ ਅਤਿ ਹੀ ਮਨ ਕ੍ਰੁੱਧਤ ਹ੍ਵੈ ਕੈ॥**
**ਘਾਉ ਲਗੈ ਤਿਨ ਕੇ ਤਨ ਮੈ ਇਮ ਸ੍ਰਉਣ ਗਿਰ੍ਯੋ ਧਰਨੀ ਪਰੁ ਚ੍ਵੈ ਕੈ॥**
**ਆਗ ਲਗੇ ਜਿਮੁ ਕਾਨਨ ਮੈ ਤਨ ਤਜੋਂ ਰਹੀ ਬਾਨਨ ਕੀ ਧੁਨਿ ਹ੍ਵੈ ਕੈ॥੧੩੭॥**[1]

***ਭਾਵਾਰਥ:–*** ਕੰਨਾਂ ਵਿੱਚ ਇਹ ਗੱਲ ਸੁਣ ਕੇ ਚੰਗੇ ਯੋਧੇ ਹੱਥਾਂ ਵਿੱਚ (ਅਸਿ) ਤਲਵਾਰਾਂ ਲੈ ਕੇ ਮੁੜ ਪਏ। (ਸੁ) ਉੱਤਮ ਅਤੇ (ਚੰਡਿ ਪ੍ਰਚੰਡ) ਤੇਜ ਤੋਂ ਤੇਜਮਯ ਜੰਗ ਕੀਤਾ, ਬਹੁਤ ਹੀ ਜ਼ੋਰ ਲਾ ਕੇ ਅਤੇ ਮਨ ਤੋਂ ਕ੍ਰੋਧਵਾਨ ਹੋ ਕੇ। ਉਨ੍ਹਾਂ ਦਿਆਂ ਸਰੀਰਾਂ ਵਿੱਚ ਵੀ (ਘਾਉ) ਜ਼ਖ਼ਮ (ਤੀਰ ਲੱਗਣ ਤੋਂ) (ਹੋਣ ਨਾਲ) ਲਹੂ ਜ਼ਮੀਨ ਤੇ ਇਓਂ ਚੋਅ ਕੇ ਡਿੱਗਿਆ। ਜਿਵੇਂ (ਕਾਨਨ) ਜੰਗਲ ਵਿੱਚ ਅੱਗ ਲੱਗਣ ਤੋਂ ਤੜ ਤੜ ਦੀ ਆਵਾਜ਼ ਹੋ ਕੇ (ਕਾਨਨ) ਕੰਨਾਂ ਵਿੱਚ ਆ ਰਹਿੰਦੀ ਹੈ, ਤਿਵੇਂ ਹੀ ਤੀਰਾਂ ਨੂੰ (ਤਨ ਤਿਊਂ) ਖਿਚਦਿਆਂ ਹੋਇਆ ਤੜ ਤੜ ਦੀ ਅਵਾਜ਼ ਹੁੰਦੀ ਹੈ॥੧੩੭॥

**ਸਵੈਯਾ॥**

**ਆਇਸ ਪਾਇ ਕੈ ਦਾਨਵ ਕੋ ਦਲ ਚੰਡਿ ਕੇ ਸਾਮੁਹਿ ਆਇ ਅਰ੍ਯੋ ਹੈ॥**
**ਢਾਰ ਅਉ ਸਾਂਗ ਕ੍ਰਿਪਾਨਨਿ ਲੈ ਕਰ ਮੈ ਬਰ ਬੀਰਨ ਜੁੱਧ ਕਰ੍ਯੋ ਹੈ॥**
**ਫੇਰ ਫਿਰੇ ਨਹਿ ਆਹਵ ਤੇ ਮਨ ਮਹਿ ਤਿਹ ਧੀਰਜੁ ਗਾਢੁ ਧਰ੍ਯੋ ਹੈ॥**
**ਰੋਕ ਲਈ ਚਹੁੰ ਓਰ ਤੇ ਚੰਡਿ ਸੁ ਭਾਨੁ ਮਨੋ ਪਰਿਬੇਖ ਪਰ੍ਯੋ ਹੈ॥੧੩੮॥**

***ਭਾਵਾਰਥ:–*** (ਸ੍ਰੋਣਤ ਵੀਰਜ ਦਾ) ਹੁਕਮ ਪਾ ਕੇ ਦੈਂਤਾਂ ਦਾ ਦਲ ਚੰਡਿਕਾ ਦੇ ਸਾਮ੍ਹਣੇ ਆ ਕੇ ਅੜ ਗਿਆ। ਢਾਲਾਂ, (ਸਾਂਗ) ਬਰਛੀਆਂ ਅਤੇ ਤਲਵਾਰਾਂ ਹੱਥਾ ਵਿੱਚ ਲੈ ਕੇ ਉੱਤਮ ਯੋਧਿਆਂ ਨੇ ਜੰਗ

---

[1] ਆਪਣੀ ਵੱਲੋਂ ਏਸ ਉਪਮਾ ਨੂੰ ਨਾਲ ਢੁਕਾਉਣ ਲਈ ਬੜਾ ਯਤਨ ਕੀਤਾ ਹੈ, ਪਰ ਠੀਕ ਤਰੀਕੇ ਨਾਲ ਢੁੱਕ ਨਹੀਂ ਸਕੀ, ਕਾਵਿ ਦੇ ਗਿਆਤਿਆਂ ਨੂੰ ਬਹੁਤ ਛੇਤੀ ਹੈ ਇਹ ਭਾਵੁਕਤਾ ਬੁੱਧਿ-ਗਮਯ ਹੋ ਜਾਵੇਗੀ ਕਿ ਏਸੇ ਪ੍ਰਧਾਨ ਵਾਕਯ ਉਪਦੇਸ਼ 'ਇਮ ਸ੍ਰਉਣ ਗਿਰ੍ਯੋ ਧਰਨੀ ਪਰ ਚ੍ਵੈ ਕੈ' ਹੈ, ਇਸ ਵਾਸਤੇ ਉਪਮਾਨ ਵਾਕਯ ਵਿੱਚ 'ਲਹੂ ਚੋਣ ਦੀ ਕ੍ਰਿਯਾ' ਦਾ ਵਾਕਯ ਹੀ ਉਪਮਾ ਨੂੰ ਠੀਕ ਕਰਦਾ ਹੈ, ਪਰ ਕਿਸੇ ਤਰ੍ਹਾਂ ਵੀ ਉਪਮਾਨ ਪੂਰਾ ਨਹੀਂ ਹੋ ਸਕਿਆ। ਏਸ ਦੇ ਅਰਥ ਵਿੱਚ 'ਇਮ' ਪਾਠ ਨੂੰ ਪਿਛੇ ਜੋੜ ਕੇ ਜੇ ਅਰਥ ਇਉਂ ਕੀਤਾ ਜਾਵੇ ਕਿ 'ਜ਼ਮੀਨ 'ਤੇ ਲਹੂ ਚੋ ਕੇ ਡਿੱਗ ਪਿਆ, ਓਨ੍ਹਾਂ ਦਿਆਂ ਸਰੀਰਾਂ 'ਤੇ ਇਓਂ ਘਾਓ- ਤੀਰ ਲੱਗਣ ਤੋਂ" ਤਾਂ ਉਪਮਯ 'ਓਨ੍ਹਾਂ ਦੇ ਸਰੀਰ' ਵਾਕਯ ਬਣਦਾ ਹੈ। 'ਆਗਿ ਲਗੇ ਜਿਮ ਕਾਨਨ ਮੈ ਤਨ ਤਜੋਂ ਰਹਿ ਬਾਨਨ ਕੀ ਧੁਨਿ ਹ੍ਵੈ ਕੈ॥' ਜਿਵੇਂ ਅੱਗ ਲੱਗਦੀ ਹੈ ਅਤੇ ਕੰਨਾਂ ਵਿੱਚ ਸਰੀਰ ਤੋਂ ਤਿਵੇਂ ਹੀ ਤੀਰਾਂ ਦੀ ਆਵਾਜ਼ (ਪ੍ਰਗਟ) ਹੋ ਕੇ ਰਹਿੰਦੀ (ਟਿਕਦੀ) ਹੈ, ਏਸ ਅਰਥ ਤੋਂ ਉਪਮਾਨ ਵਾਕਯ "ਬਾਨਨ ਕੀ ਧੁਨਿ" ਹੀ ਸਿੱਧ ਹੁੰਦਾ ਹੈ, ਜੋ ਉਪਮੇਯ ਵਿੱਚ ਕਿਸੇ ਤਰ੍ਹਾਂ ਦੀ ਸਮਤਾ ਨਹੀਂ ਦੇਂਦਾ, ਜਿਸ ਤੋਂ ਮਾਲੂਮ ਪੈਂਦਾ ਹੈ ਕਿ ਏਥੇ ਅਸਲ ਪਾਠ ਕੋਈ ਹੋਰ ਹੈ, ਪਰ ਮੇਰੇ ਖ਼ਿਆਲ ਵਿੱਚ ਹੋਰ ਕਿਹੜਾ ਪਾਠ ਠੀਕ ਹੈ? ਏਸ ਪ੍ਰਸ਼ਨ ਦਾ ਸਮਾਧਾਨ ਨਹੀਂ ਹੋ ਸਕਿਆ।

ਕੀਤਾ। ਫੇਰ (ਆਹਵ) ਜੰਗ ਤੋਂ (ਫਿਰੇ) ਵਾਪਸ ਨਹੀਂ ਆਏ। ਓਥੇ ਮਨ ਵਿੱਚ (ਗਾਢੁ) ਮਹਾਂ (ਧੀਰਜੁ) ਧੈਰਯ ਧਾਰਿਆ। ਚੰਡਿਕਾ ਚਹੁੰ ਪਾਸਿਆਂ ਤੋਂ ਹੀ ਰੋਕ ਲਈ ਗਈ, ਮਾਨੋ ਕਿ (ਭਾਨੁ) ਸੂਰਜ ਨੂੰ (ਪਰਿਬੇਖ) ਬੱਦਲੀ ਦਾ ਘੇਰ ਪਿਆ ਹੋਇਆ ਹੈ॥੧੩੮॥

**ਕੋਪ ਕੈ ਚੰਡਿ ਪ੍ਰਚੰਡ ਕੁਵੰਡ ਮਹਾ ਬਲ ਕੈ ਬਲਵੰਡ ਸੰਭਾਰਯੋ॥**
**ਦਾਮਨਿ ਜਯੋਂ ਘਨ ਸੇ ਦਲ ਪੈਠ ਕੈ ਕੈ ਪੁਰਜੇ ਪੁਰਜੇ ਦਲੁ ਮਾਰਯੋ॥**
**ਬਾਨਨ ਸਾਥ ਬਿਦਾਰ ਦਏ ਅਰਿ ਤਾ ਛਬਿ ਕੋ ਕਵਿ ਭਾਉ ਬਿਚਾਰਯੋ॥**
**ਸੂਰਜ ਕੀ ਕਿਰਨੇ ਸਰਮਾਸਹਿ ਰੇਨੁ ਅਨੇਕ ਤਹਾ ਕਰਿ ਡਾਰਯੋ॥੧੩੯॥**

***ਭਾਵਾਰਥ:-*** ਬਲਵੰਡ ਚੰਡਿਕਾ ਨੇ ਕ੍ਰੋਧ ਨਾਲ ਮਹਾਂ ਬਲ ਕਰਕੇ (ਪ੍ਰਚੰਡ) ਨਿੱਗਰ (ਕੁਵੰਡ) ਧਨੁਸ਼ ਸੰਭਾਲਿਆ। (ਦਾਮਨਿ) ਬਿਜਲੀ ਵਾਂਗ ਬੱਦਲ ਵਰਗੇ ਦਲ ਵਿੱਚ (ਪੈਠ) ਵੜ ਕੇ ਦਲ ਨੂੰ (ਪੁਰਜੇ ਪੁਰਜੇ) ਟੁਕੜੇ ਟੁਕੜੇ ਕਰ ਕੇ ਮਾਰ ਦਿੱਤਾ। ਤੀਰਾਂ ਨਾਲ (ਅਰਿ) ਵੈਰੀ (ਬਿਦਾਰ) ਮਾਰ ਦਿੱਤੇ, ਕਵੀ ਨੇ ਓਸ (ਛਬਿ) ਉਪਮੇਯ ਦਾ ਭਾਉ (ਉਪਮਾਨ) ਸੋਚਿਆ ਹੈ ਜਿਵੇਂ ਸੂਰਜ ਦੀਆਂ ਕਿਰਨਾਂ ਨੇ ਧੁੰਦ ਨੂੰ ਅਨੇਕਾਂ (ਰੇਨੁ) ਕਿਣਕਿਆਂ (ਸਰ) ਵਾਂਗ ਓਥੇ ਕਰ ਸੁੱਟਿਆ ਹੋਵੇ॥੧੩੯॥

**ਸ੍ਵੈਯਾ॥**

**ਚੰਡਿ ਚਮੂ ਬਹੁ ਦੈਤਨ ਕੀ ਹਤਿ ਫੇਰਿ ਪ੍ਰਚੰਡ ਕੁਵੰਡ ਸੰਭਾਰਯੋ॥**
**ਬਾਨਨ ਸੋ ਦਲ ਫੋਰ ਦਯੋ ਬਲ ਕੈ ਬਰ ਸਿੰਘ ਮਹਾ ਭਭਕਾਰਯੋ॥**
**ਮਾਰ ਦਏ ਸਿਰਦਾਰ ਬਡੇ ਧਰ ਸ੍ਰੌਣ ਬਹਾਇ ਬਡੋ ਰਨ ਪਾਰਯੋ॥**
**ਏਕ ਕੇ ਸੀਸ ਦਯੋ ਧਨੁ ਯੌਂ ਜਨੁ ਕੋਪ ਕੈ ਗਾਜ ਨੇ ਮੰਡਪ ਮਾਰਯੋ॥੧੪੦॥**

***ਭਾਵਾਰਥ:-*** ਚੰਡਿਕਾ ਨੇ ਦੈਂਤਾਂ ਦੀ ਬਹੁ (ਚਮੂ) ਸੈਨਾ ਮਾਰੀ ਅਤੇ ਫੇਰ (ਪ੍ਰਚੰਡ) ਮਜ਼ਬੂਤ (ਕੁਵੰਡ) ਧਨੁਸ਼ ਸੰਭਾਲਿਆ। ਤੀਰਾਂ ਨਾਲ ਫ਼ੌਜ (ਫੋਰ) ਬਿਖੇੜ ਭਾਵ ਖਿਲਾਰ ਦਿੱਤੀ ਅਤੇ ਬਲਵਾਨ ਸ਼ੇਰ ਜ਼ੋਰ ਨਾਲ ਗਰਜਿਆ। (ਵਡੇ) ਵੱਡੇ ਸਰਦਾਰ ਮਾਰ ਦਿੱਤੇ, ਬੜਾ ਜੰਗ (ਪਾਰਿਓ) ਮਚਾਇਆ ਜਿਸ ਤੋਂ ਜ਼ਮੀਨ ’ਤੇ ਲਹੂ ਚਲਾ ਦਿੱਤਾ। ਚੰਡਿਕਾ ਨੇ ਇੱਕ ਦੈਂਤ ਦੇ ਸਿਰ ’ਤੇ (ਧਨੁ) ਧਨੁਸ਼ ਇਓਂ (ਦਯੋ) ਮਾਰਿਆ (ਜਨੁ) ਮਾਨੋ ਕਿ (ਗਾਜ) ਬਿਜਲੀ ਨੇ (ਕੋਪ) ਗੁੱਸੇ ਨਾਲ (ਮੰਡਪ) ਗੁੰਬਜ਼ (ਮਾਰਿਓ) ਸੁੱਟਿਆ ਹੈ॥੧੪੦॥

**ਦੋਹਰਾ॥**

**ਚੰਡਿ ਚਮੂ ਸਭ ਦੈਤ ਕੀ ਐਸੇ ਦਈ ਸੰਘਾਰ॥**
**ਪਉਨ ਪੂਤ ਜਯੋਂ ਲੰਕ ਕੋ ਡਾਰਯੋ ਬਾਗ ਉਖਾਰ॥੧੪੧॥**

***ਭਾਵਾਰਥ:-*** (ਚੰਡਿ) ਦੁਰਗਾ ਨੇ ਦੈਂਤਾਂ ਦੀ ਸਾਰੀ (ਚਮੂ) ਫੌਜ ਇਓਂ (ਸੰਘਾਰ) ਮਾਰ ਦਿੱਤੀ। ਕਿ ਜਿਵੇਂ (ਪਉਨ ਪੂਤ) ਹਨੂਮਾਨ ਨੇ ਲੰਕਾ ਦਾ ਬਾਗ਼ ਉਖਾੜ ਸੁੱਟਿਆ ਸੀ॥੧੪੧॥

**ਸਵੈਯਾ॥**

**ਗਾਜ ਕੈ ਚੰਡਿ ਮਹਾਬਲਿ ਮੇਘ ਸੀ ਬੂੰਦਨ ਜਯੋਂ ਅਰਿ ਪੈ ਸਰ ਡਾਰੇ॥**
**ਦਾਮਨਿ ਸੋ ਖਗ ਲੈ ਕਰ ਮੈ ਬਹੁ ਬੀਰ ਅਧੰ ਧਰ ਕੈ ਧਰਿ ਮਾਰੇ॥**
**ਘਾਇਲ ਘੂਮ ਪਰੇ ਤਿਹ ਯੌਂ ਉਪਮਾ ਮਨ ਮੈ ਕਵਿ ਯੌਂ ਅਨੁਸਾਰੇ॥**
**ਸ੍ਰੌਨ ਪ੍ਰਵਾਹ ਮਨੋ ਸਰਿਤਾ ਤਿਹ ਮਧਯ ਧਸੀ ਕਰਿ ਲੋਥ ਕਰਾਰੇ॥੧੪੨॥**

***ਭਾਵਾਰਥ:–*** ਬਲਵਾਨ ਚੰਡਿਕਾ ਨੇ ਬੱਦਲ (ਸੀ) ਵਾਂਗ ਗੱਜ ਕੇ ਦੁਸ਼ਮਣ 'ਤੇ ਬੂੰਦਾਂ ਵਾਂਗ ਤੀਰ ਸੁੱਟੇ। (ਦਾਮਨਿ) ਬਿਜਲੀ (ਜਿਉ) ਵਰਗਾ ਹੱਥ ਵਿੱਚ (ਖਗ) ਖੜਗ ਭਾਵ ਤੇਗਾਂ ਲੈ ਕੇ ਬਹੁਤੇ ਯੋਧੇ (ਅਧੰ ਧਰ) ਅੱਧੇ ਸਰੀਰਾਂ ਵਾਲੇ (ਕੈ) ਬਣਾ ਕੇ ਜ਼ਮੀਨ ਤੇ (ਮਾਰੇ) ਸੁੱਟ ਦਿੱਤੇ। ਜ਼ਖ਼ਮੀ (ਦੈਂਤ) (ਘੂਮ) ਚੱਕਰ ਖਾ ਕੇ ਓਥੇ ਇਉਂ ਪਏ ਹੋਏ ਸਨ, ਕਵੀ ਮਨ ਵਿਚੋਂ ਇਓਂ ਹੀ ਉਪਮਾ ਨੂੰ (ਅਨੁਸਾਰੇ) ਅਨੁਕੂਲ ਸਮਝਦਾ ਹੈ। ਮਾਨੋ ਕਿ ਲੋਥਾਂ ਦੇ (ਕਰਾਰੇ) ਕੰਢੇ ਬਣਾ ਕੇ ਉਨ੍ਹਾਂ ਵਿੱਚ ਲਹੂ ਦੇ (ਪ੍ਰਵਾਹ) ਵੇਗ ਦੀ (ਸਰਿਤਾ) ਨਦੀ ਧਸੀ ਹੋਈ ਹੈ॥੧੪੨॥

**ਐਸੇ ਪਰੇ ਧਰਨੀ ਪਰ ਬੀਰ ਸੁ ਕੈ ਕੈ ਦੁਖੰਡ ਜੁ ਚੰਡਿਹਿ ਡਾਰੇ॥**
**ਲੋਥਨ ਊਪਰ ਲੋਥ ਗਿਰੀ ਬਹਿ ਸ੍ਰੌਣ ਚਲਯੋ ਜਨੁ ਕੋਟ ਪਨਾਰੇ॥**
**ਲੈ ਕਰਿ ਬਯਾਲ ਸੋ ਬਜਾਲ ਬਜਾਵਤ ਸੋ ਉਪਮਾ ਕਵਿ ਯੌਂ ਮਨ ਧਾਰੇ॥**
**ਮਾਨੋ ਮਹਾ ਪ੍ਰਲਯ ਬਹੇ ਪਉਨ ਸੋ ਆਪਸ ਮੈਂ ਭਿਰ ਹੈਂ ਗਿਰਿ ਭਾਰੇ॥੧੪੩॥**

***ਭਾਵਾਰਥ:–*** ਸੂਰਵੀਰ ਜ਼ਮੀਨ 'ਤੇ ਇਓਂ ਪਏ ਹੋਏ ਸਨ ਜਿਹੜੇ ਚੰਡਿਕਾ ਨੇ (ਦੁਖੰਡ) ਦੋ ਟੁੱਕੜੇ ਭਾਵ ਮਾਰ-ਮਾਰ ਕੇ ਸੁੱਟੇ ਹੋਏ ਹਨ। ਲੋਥਾਂ ਤੇ ਲੋਥਾਂ ਡਿੱਗੀਆਂ ਪਈਆਂ ਅਤੇ ਲਹੂ (ਇਓਂ) ਵਗ ਤੁਰਿਆ (ਜਨੁ) ਮਾਨੋ ਕਿ ਜਿਵੇਂ ਮੀਂਹ ਪੈਣ ਤੋਂ ਕਰੋੜਾਂ ਪਨਾਲੇ (ਛੁੱਟ ਪੈਂਦੇ) ਹਨ। (ਬਯਾਲ) ਹਾਥੀਆਂ ਨਾਲ ਹਾਥੀਆਂ ਨੂੰ ਲੈ ਕੇ ਵਜਾਉਂਦੀ ਹੈ, ਕਵੀ ਉਸ ਦੀ ਉਪਮਾ ਮਨ ਵਿੱਚ ਇਓਂ (ਧਾਰੇ) ਸਮਝਦਾ ਹੈ, ਮਾਨੋ ਕਿ ਮਹਾਂ ਪਰਲਯ ਦੀ ਹਵਾ ਚੱਲਣ ਨਾਲ ਭਾਰੇ ਭਾਰੇ (ਗਿਰਿ) ਪਹਾੜ ਆਪਸ ਵਿੱਚ ਭਿੜਦੇ ਹਨ॥੧੪੩॥

**ਸਵੈਯਾ॥**

**ਲੈ ਕਰ ਮੈ ਅਸਿ ਦਾਰੁਨ ਕਾਮ ਕਰੇ ਰਨ ਮੈ ਅਰਿ ਸੋ ਅਰਿਨੀ ਹੈ॥**
**ਸੂਰ ਹਨੇ ਬਲਿ ਕੈ ਬਲਵਾਨੁ ਸੁ ਸ੍ਰੌਣ ਚਲਯੋ ਬਹਿ ਬੈਤਰਨੀ ਹੈ॥**
**ਬਾਹ ਕਟੀ ਅਧ ਬੀਚ ਤੇ ਸੁੰਡ ਸੀ ਸੋ ਉਪਮਾ ਕਵਿ ਨੇ ਬਰਨੀ ਹੈ॥**
**ਆਪਸਿ ਮੈ ਲਰ ਕੈ ਸੁ ਮਨੋ ਗਿਰਿ ਤੇ ਗਿਰੀ ਸਰਪ ਕੀ ਦੁਇ ਘਰਨੀ ਹੈ॥੧੪੪॥**

***ਭਾਵਾਰਥ:–*** ਜੰਗ ਦੇ ਮੈਦਾਨ ਵਿਚ ਆਪਣੇ ਹੱਥਾਂ ਵਿੱਚ (ਦਾਰਨ) ਭਿਆਨਕ (ਅਸਿ) ਤਲਵਾਰ ਲੈ ਕੇ ਵੈਰੀਆਂ ਨਾਲ (ਅਰਿਨੀ) ਅੜਨ ਵਾਲੀ ਵੈਰਨ ਭਾਵ ਚੰਡਿਕਾ ਐਹੋ ਜਿਹਾ ਕੰਮ ਕਰਦੀ ਹੈ ਕਿ ਬਲੀ ਸੂਰਬੀਰਾਂ ਨੂੰ ਜ਼ੋਰ ਨਾਲ (ਤਲਵਾਰ) ਮਾਰਦੀ ਹੈ ਤਾਂ ਜੋ ਲਹੂ ਵਗ ਤੁਰਿਆ ਉਹ ਮਾਨੋ ਕਿ (ਬੈਤਰਣੀ) ਜਮ ਮਾਰਗ ਦੀ ਨਦੀ ਹੈ। (ਯੋਧਿਆਂ ਦੀਆਂ) ਸੁੰਡਾਂ ਵਰਗੀਆਂ ਬਾਗਾਂ ਕੱਟ ਦਿੱਤੀਆਂ,

ਕਵੀ ਨੇ ਉਹ ਦੀ ਉਪਮਾ (ਇਹ) ਕਹੀ ਹੈ। ਮਾਨੋ ਕਿ ਆਪੋ ਵਿੱਚ ਦੀ ਪਹਾੜ ਤੋਂ ਸੱਪ ਦੀਆਂ ਦੋਵੇਂ (ਘਰਨੀ) ਇਸਤਰੀਆਂ ਡਿੱਗੀਆਂ ਹੋਣ॥੧੪੪॥

**ਦੋਹਰਾ॥**

**ਸਕਲ ਪ੍ਰਬਲ ਦਲ ਦੈਤਜ ਕੋ ਚੰਡੀ ਦਯੋ ਭਜਾਇ॥**
**ਪਾਪ ਤਾਪ ਹਰਿ ਜਾਪ ਤੇ ਜੈਸੇ ਜਾਤ ਪਰਾਇ॥੧੪੫॥**

***ਭਾਵਾਰਥ:–*** ਚੰਡੀ ਨੇ ਦੈਂਤਾਂ ਦੀ ਸਾਰੀ ਬਲੀ ਫ਼ੌਜ ਭਜਾ ਦਿੱਤੀ। ਜਿਵੇਂ ਹੋਰ (ਨਾਮ) ਦੇ ਸਿਮਰਨ ਤੋਂ ਪਾਪ ਅਤੇ (ਤਾਪ) ਦੁੱਖ (ਪਰਾਇ) ਭੱਜ ਜਾਂਦੇ ਹਨ॥੧੪੫॥

**ਸ੍ਵੈਯਾ॥**

**ਭਾਨੁ ਤੇ ਜਯੋਂ ਤਮ ਪਉਨ ਤੇ ਜਯੋਂ ਘਨ ਮੋਰ ਤੇ ਜਯੋਂ ਫਨਿ ਤਯੋਂ ਸੁਕਚਾਨੇ॥**
**ਸੂਰ ਤੇ ਕਾਤੁਰੁ ਕੂਰ ਤੇ ਚਾਤੁਰੁ ਸਿੰਘ ਤੇ ਸਾਤੁਰ ਏਣ ਡਰਾਨੇ॥**
**ਸੂਮ ਤੇ ਜਯੋਂ ਜਸ ਬਿਓਗ ਤੇ ਜਯੋਂ ਰਸ ਪੂਤ ਕਪੂਤਹਿ ਤੇ ਤਯੋਂ ਬੰਸੁ ਹਾਨੇ॥**
**ਧਰਮ ਜਯੋਂ ਕ੍ਰੁੱਧ ਤੇ ਭਰਮ ਸੁਬੁਧ ਤੇ ਚੰਡਿ ਕੇ ਜੁੱਧ ਤੇ ਦੈਤਜ ਪਰਾਨੇ॥੧੪੬॥**

***ਭਾਵਾਰਥ:–*** (ਮਾਲੋਪਮਾਲੰਕਾਰ ਹੈ) ਜਿਵੇਂ (ਭਾਨੁ) ਸੂਰਜ ਤੋਂ (ਤਮ) ਹਨ੍ਹੇਰਾ, ਜਿਵੇਂ ਹਵਾ ਤੋਂ (ਘਨ) ਬੱਦਲ, ਜਿਵੇਂ ਮੋਰ ਤੋਂ (ਫਨਿ) ਸੱਪ, ਤਿਵੇਂ (ਦੈਂਤ) ਡਰ ਗਏ। ਯੋਧੇ ਤੋਂ (ਕਾਤੁਰ) ਕਾਇਰ, (ਕੂਰ) ਝੂਠੇ ਤੋਂ ਸਿਆਣਪ, ਸ਼ੇਰ ਤੋਂ (ਸਾਤੁਰ) ਤੁਰੰਤ ਹੀ (ਏਣਿ) ਹਿਰਨ ਡਰਦੇ ਹਨ। ਸ਼ੂਮ ਤੋਂ (ਜਸੁ) ਸੋਭਾ, ਵਿਛੋੜੇ ਤੋਂ (ਰਸ) ਆਨੰਦ ਅਤੇ ਜਿਵੇਂ (ਪੂਤ) ਪਵਿੱਤਰ ਵੰਸ਼ ਨੂੰ ਕੁਪੁਤ੍ਰ ਤੋਂ (ਹਾਨੇ) ਹਾਨੀ ਪੁੱਜਦੀ ਹੈ। ਜਿਵੇਂ ਕ੍ਰੋਧ ਤੋਂ ਧਰਮ ਅਤੇ ਸ੍ਰੇਸ਼ਟ ਬੁੱਧੀ ਵਾਲੇ ਤੋਂ ਭਰਮ (ਪਰਾਨੇ) ਭੱਜਦੇ ਨੇ, ਤਿਵੇਂ ਹੀ ਚੰਡਿਕਾ ਦੇ ਜੰਗ ਤੋਂ ਦੈਂਤ ਭੱਜ ਗਏ॥੧੪੬॥

**ਫੇਰ ਫਿਰੇ ਸਭ ਜੁੱਧ ਕੇ ਕਾਰਨ ਲੈ ਕਰਵਾਰਨ ਕ੍ਰੁੱਧ ਹੁਇ ਧਾਏ॥**
**ਏਕ ਲੈ ਬਾਨ ਕਮਾਨਨ ਤਾਨ ਕੈ ਤੂਰਨ ਤੇਜ ਤੁਰੰਗ ਤੁਰਾਏ॥**
**ਧੂਰਿ ਉਡੀ ਖੁਰ ਪੂਰਨ ਤੇ ਪਥ ਊਰਧ ਹੋਇ ਰਵਿ ਮੰਡਲ ਛਾਏ॥**
**ਮਾਨਹੁ ਫੇਰ ਰਚੇ ਬਿਧਿ ਲੋਕ ਧਰਾ ਖਟ ਆਠ ਅਕਾਸ ਬਨਾਏ॥੧੪੭॥**

***ਭਾਵਾਰਥ:–*** ਸਾਰੇ ਜੰਗ (ਕਾਰਨ) ਵਾਸਤੇ ਫੇਰ ਮੁੜ ਪਏ, ਤਲਵਾਰਾਂ ਲੈ ਕੇ ਕ੍ਰੋਧਵਾਨ ਹੋ ਕੇ ਦੌੜੇ। (ਏਕ) ਕਈ ਕਮਾਨਾਂ ਤਾਣ ਕੇ ਅਤੇ ਤੀਰਾਂ ਨੂੰ ਲੈ ਕੇ (ਤੂਰਨ) ਛੇਤੀ ਨਾਲ ਤੇਜ਼ (ਚਾਲ ਨਾਲ) (ਤੁਰੰਗ) ਘੋੜੇ ਤੋਰ ਕੇ ਆ ਗਏ। (ਪੂਰਨ) ਸਮੂਹ (ਘੋੜਿਆਂ) ਦਿਆਂ ਖੁਰਾਂ ਤੋਂ ਧੂੜ ਉੱਡ ਕੇ (ਊਰਧ) ਉੱਚੇ (ਪਥ) ਰਾਹ ਜੋ ਕੇ (ਰਵਿ) ਸੂਰਜ ਦੇ (ਮੰਡਲ) ਚਹੁੰ ਪਾਸੀਂ ਛਾ ਗਈ। ਮਾਨੋ ਕਿ (ਬਿਧਿ) ਬ੍ਰਹਮਾ ਨੇ ਹੁਣ (ਫੇਰ) ਦੁਬਾਰਾ ਲੋਕਾਂ ਨੂੰ ਰਚਿਆ ਹੈ, ਛੇ ਧਰਤੀਆਂ (ਪਾਤਾਲ) ਅਤੇ ਅੱਠ ਆਕਾਸ਼ (ਲੋਕ) ਬਣਾਏ ਹਨ॥੧੪੭॥

**ਚੰਡਿ ਪ੍ਰਚੰਡ ਕੁਵੰਡ ਲੈ ਬਾਨਨਿ ਦੈਤਨ ਕੇ ਤਨ ਤੂਲਿ ਜਯੋਂ ਤੂੰਬੇ॥**

**ਮਾਰ ਗਜਿੰਦ ਦਏ ਕਰਵਾਰ ਲੈ ਦਾਨਵ ਮਾਨ ਗਯੋ ਉਡਿ ਪੂੰਬੇ॥**
**ਬੀਰਨ ਕੇ ਸਿਰ ਕੀ ਸਿਤ ਪਾਗ ਚਲੀ ਬਹਿ ਸ੍ਰੋਨਤ ਊਪਰ ਖੂੰਬੇ॥**
**ਮਾਨਹੁ ਸਾਰਸੁਤੀ ਕੇ ਪ੍ਰਵਾਹ ਮੈ ਸੂਰਨ ਕੇ ਜਸ ਕੇ ਉਠਿ ਬੂੰਬੇ॥੧੪੮॥**

***ਭਾਵਾਰਥ:-*** (ਪ੍ਰਚੰਡ) ਕ੍ਰੋਧਮਈ ਚੰਡਿਕਾ ਨੇ (ਕੁਵੰਡ) ਕਮਾਨ ਅਤੇ ਤੀਰਾਂ ਨੂੰ ਲੈ ਕੇ ਦੈਂਤਾਂ ਦੇ ਸਰੀਰ (ਤੂਲ) ਰੂੰ ਵਾਂਗ ਤੁੰਬ ਦਿੱਤੇ। ਤਲਵਾਰ ਲੈ ਕੇ (ਗਜਿੰਦ) ਵੱਡੇ ਵੱਡੇ ਹਾਥੀ ਮਾਰ ਦਿੱਤੇ, ਦੈਂਤਾਂ ਦਾ (ਮਾਨ) ਅਹੰਕਾਰ (ਪੂੰਬੇ) ਆਕਾਸ਼ [੧] ਨੂੰ ਉੱਡ ਗਿਆ। ਯੋਧਿਆਂ ਦੇ ਸਿਰਾਂ ਦੀਆਂ (ਸਿਤ) ਚਿੱਟੀਆਂ ਪੱਗਾਂ ਲਹੂ ਉੱਤੇ ਝੱਗ ਵਾਂਗ (ਬਹਿ) ਰੁੜ੍ਹ ਚੱਲੀਆਂ। ਮਾਨੋ ਕਿ ਸਰਸਵਤੀ ਨਦੀ ਦੇ (ਪ੍ਰਹਾਵ) ਵਹਿਣ ਵਿੱਚ ਯੋਧਿਆਂ ਦੇ ਯਸ਼ ਦੇ (ਬੂੰਬੇ) ਬੁਲਬੁਲੇ ਉੱਠੇ ਹਨ॥੧੪੮॥

**ਸਵੈਯਾ॥**

**ਦੈਤਨ ਸਾਥ ਗਦਾ ਗਹਿ ਹਾਥ ਸੁ ਕ੍ਰੁੱਧ ਹ੍ਵੈ ਜੁੱਧੁ ਨਿਸੰਗ ਕਰਯੋ ਹੈ॥**
**ਪਾਨਿ ਕ੍ਰਿਪਾਨ ਲਏ ਬਲਵਾਨ ਸੁ ਮਾਰ ਤਬੈ ਦਲ ਛਾਰ ਕਰਯੋ ਹੈ॥**
**ਪਾਗ ਸਮੇਤ ਗਿਰਯੋ ਸਿਰ ਏਕ ਕੋ ਭਾਉ ਇਹੈ ਕਬਿ ਤਾ ਕੋ ਧਰਯੋ ਹੈ॥**
**ਪੂਰਨ ਪੁਨਜ ਭਏ ਨਭ ਤੇ ਸੁ ਮਨੋ ਭੂਅ ਟੂਟ ਨਛਤ੍ਰ ਪਰਯੋ ਹੈ॥੧੪੯॥**

***ਭਾਵਾਰਥ:-*** ਡਾਢੀ ਕ੍ਰੋਧਵਾਨ ਹੋ ਕੇ (ਚੰਡੀ ਨੇ) ਦੈਂਤਾਂ ਨਾਲ ਹੱਥ ਵਿੱਚ ਗਦਾ ਫੜ੍ਹ ਕੇ ਨਿਸੰਗ ਜੰਗ ਕੀਤਾ। ਉਦੋਂ ਹੀ ਬਲਵਾਨ (ਚੰਡਿਕਾ) ਨੇ ਹੱਥ ਵਿੱਚ ਤਲਵਾਰ ਫੜ੍ਹ ਕੇ ਦਲ ਨੂੰ ਮਾਰ ਕੇ (ਛਾਰ) ਸੁਆਹ ਭਾਵ ਨਾਸ ਕਰ ਦਿੱਤਾ। ਇੱਕ (ਦੈਂਤ) ਦਾ ਸਿਰ ਪੱਗ ਸਮੇਤ ਡਿਗਿਆ ਸੀ, ਕਵੀ ਨੇ ਵੇਖ ਕੇ ਇਹ (ਭਾਉ) ਉਪਮਾ ਨੂੰ (ਧਰਿਓ) ਸਮਝਿਆ ਹੈ। ਮਾਨੋ ਕਿ ਪੁੰਨਾਂ ਦੇ ਪੂਰੇ ਹੋ ਜਾਣ ਤੋਂ (ਨਭ) ਆਕਾਸ਼ ਤੋਂ (ਨਛਤ੍ਰ) ਤਾਰਾ (ਦੇਵਤਾ) ਟੁੱਟ ਕੇ ਜ਼ਮੀਨ ’ਤੇ ਡਿਗ ਪਿਆ ਹੋਵੇ॥੧੪੯॥

**ਬਾਰਿਦ ਬਾਰਨ ਜਯੋਂ ਨਿਰਵਾਰ ਮਹਾ ਬਲਧਾਰਿ ਤਬੈ ਇਹ ਕੀਆ॥**
**ਪਾਨਿ ਲੈ ਬਾਨ ਕਮਾਨ ਕੋ ਤਾਨ ਸੰਘਾਰ ਸਨੇਹ ਤੇ ਸ੍ਰੋਨਤ ਪੀਆ॥**
**ਏਕ ਗਏ ਕੁਮਲਾਇ ਪਰਾਇ ਕੈ ਏਕਨ ਕੋ ਧਰਕਯੋ ਤਨ ਹੀਆ॥**
**ਚੰਡਿ ਕੇ ਬਾਨ ਕਿਧੌਂ ਕਰ ਭਾਨੁਹਿ ਦੇਖਿ ਕੈ ਦੈਤਜ ਗਈ ਦੁਤਿ ਦੀਆ॥੧੫੦॥**

***ਭਾਵਾਰਥ:-*** (ਬਾਰਨ) ਹਾਥੀਆਂ ਨੂੰ (ਬਾਰਿਦ) ਬੱਦਲ ਵਾਂਗ (ਨਿਰਵਾਰ) ਉਡਾ ਕੇ ਮਹਾਂ-ਬਲਧਾਰੀ (ਹਵਾ ਰੂਪ ਚੰਡਿਕਾ) ਨੇ ਉਦੋਂ ਇਹ ਕੀਤਾ। ਕਿ ਹੱਥ ਵਿੱਚ ਕਮਾਨ ਖਿੱਚ ਕੇ ਅਤੇ ਤੀਰ ਲੈ ਕੇ (ਦੈਂਤਾਂ ਨੂੰ) ਮਾਰ ਕੇ (ਸਨੇਹ) ਖੁਸ਼ੀ ਨਾਲ ਲਹੂ ਪੀਤਾ। ਕਈ (ਕੁਮਲਾਇ) ਨਿੰਮੋਝੂਣੇ ਹੋ ਕੇ (ਪਰਾਇ) ਭੱਜ ਕੇ ਚਲੇ ਗਏ, ਕਈਆਂ ਦਾ ਸਰੀਰ ਅਤੇ (ਹੀਆ) ਦਿਲ (ਧਰਕਿਓ) ਕੰਬ ਗਿਆ। (ਕਿਧੌਂ)

---

[੧] ਸ੍ਰ. ਬ. ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿੱਚ ‘ਪੂੰਬਾ’ ਦਾ ਅਰਥ ‘ਪੰਬਹ’ ਰੂੰ ਦਾ ਫੰਬਾ, ਜੋ ਰੂੰ ਨਾਲ ਬੁਨਣ ਵੇਲੇ ਆਕਾਸ਼ ਨੂੰ ਉੱਡ ਜਾਂਦਾ ਹੈ ਲਿਖਿਆ ਹੈ। ਪ੍ਰੰਤੂ ਉਪਰ ਵਾਲੀ ਤੁੱਕ ਵਿੱਚ ‘ਭੂਲ ਜਯੋਂ’ ਤੂੰਬੇ ਪਾਠ ਵਿੱਚ ਇਹ ਦ੍ਰਿਸ਼ਟਾਂਤ ਕਿਹਾ ਜਾ ਚੁੱਕਿਆ ਹੈ ਏਸ ਵਾਸਤੇ ਏਥੇ ਅਰਥ ‘ਫੰਬੇ’ ਨਹੀਂ ਹੈ।

ਜਿਵੇਂ ਕਿ ਚੰਡਿਕਾ ਦੇ ਤੀਰ (ਰੂਪ) ਹੀ (ਭਾਨੁਹਿ) ਸੂਰਜ ਦੀਆਂ (ਕਰ) ਕਿਰਨਾਂ ਨੂੰ ਵੇਖ ਕੇ ਦੈਂਤ ਰੂਪ ਦੀਵੇ ਦੀ (ਦੁਤਿ) ਰੌਸ਼ਨੀ ਚਲੀ ਗਈ ਹੋਵੇ॥੧੫੦॥

**ਲੈ ਕਰ ਮੈ ਅਸਿ ਕੋਪ ਭਈ ਅਤਿ ਧਾਰ ਮਹਾਬਲ ਕੋ ਰਨ ਪਾਰਯੋ॥**
**ਦਉਰ ਕੈ ਠਉਰ ਹਤੇ ਬਹੁ ਦਾਨਵ ਏਕ ਗਇੰਦ੍ਰ ਬਡੋ ਰਨ ਮਾਰਯੋ॥**
**ਕਉਤਕਿ ਤਾ ਛਬਿ ਕੋ ਰਨ ਪੇਖ ਤਬੈ ਕਬਿ ਯੌਂ ਮਨ ਮਧਜ ਬਿਚਾਰਯੋ॥**
**ਸਾਗਰ ਬਾਂਧਨ ਕੇ ਸਮਯੇ ਨਲ ਮਾਨੁ ਪਹਾਰ ਉਖਾਰ ਕੈ ਡਾਰਯੋ॥੧੫੧॥**

***ਭਾਵਾਰਥ:–*** (ਚੰਡਿਕਾ) ਹੱਥ ਵਿੱਚ ਤਲਵਾਰ ਲੈ ਕੇ ਬਹੁਤ ਕ੍ਰੋਧਵਾਨ ਹੋਈ ਨੇ ਅਤਿ ਮਹਾਂਬਲ ਧਾਰ ਕੇ ਜੰਗ ਮਚਾਇਆ। ਦੌੜ–ਦੌੜ ਕੇ ਬਹੁਤ ਥਾਂਵਾਂ ’ਚੋਂ ਦੈਂਤ ਮਾਰੇ ਅਤੇ ਇੱਕ ਵੱਡਾ (ਗਇੰਦ੍ਰ) ਮਹਾਨ ਹਾਥੀ ਜੰਗ ਵਿੱਚ ਮਾਰ ਦਿੱਤਾ। ਓਸ (ਛਬਿ) ਉਪਮਾ ਦਾ (ਕਉਤਕਿ) ਤਮਾਸ਼ਾ (ਰਨ ਪੇਖਿ) ਰਣ ਵਿੱਚ ਵੇਖ ਕੇ ਉਦੋਂ ਕਵੀ ਨੇ ਮਨ ਵਿੱਚ ਇਓਂ ਸੋਚਿਆ। ਮਾਨੋ ਕਿ (ਸ੍ਰੀ ਰਾਮਚੰਦ੍ਰ ਜੀ ਦੇ) ਸਮੁੰਦਰ ਬੰਨ੍ਹਣ ਵੇਲੇ ਨਲ (ਨਾਮੀ ਬਾਨਰ) ਨੇ ਪਹਾੜ ਉਖਾੜ ਕੇ ਸਮੁੰਦਰ ਵਿੱਚ ਸੁੱਟਿਆ ਸੀ॥੧੫੧॥

**ਦੋਹਰਾ॥**

**ਮਾਰ ਜਬੈ ਸੈਨਾ ਲਈ ਤਬੈ ਦੈਤਜ ਇਹ ਕੀਨ॥**
**ਸਸਤ੍ਰ ਧਾਰ ਕਰ ਚੰਡਿ ਕੇ ਬਧਿਬੇ ਕੋ ਮਨ ਦੀਨ॥੧੫੨॥**

***ਭਾਵਾਰਥ:–*** ਜਦੋਂ ਸੈਨਾ ਮਾਰ ਲਈ ਗਈ, ਉਦੋਂ ਦੈਂਤ (ਸ੍ਰੋਣਤ ਵੀਰਜ) ਨੇ ਇਹ ਕੀਤਾ ਕਿ ਸ਼ਸਤਰਾਂ ਨੂੰ ਧਾਰ ਕੇ ਚੰਡਿਕਾ ਦੇ ਮਾਰਨ ਨੂੰ ਮਨ (ਦੀਨ) ਬਣਾ ਲਿਆ॥੧੫੨॥

**ਸਵੈਯਾ॥**

**ਬਾਹਨਿ ਸਿੰਘ ਭਯਾਨਕ ਰੂਪ ਲਖਯੋ ਸਭ ਦੈਤ ਮਹਾ ਡਰਪਾਯੋ॥**
**ਸੰਖ ਲਿਯੇ ਕਰ ਚਕ੍ਰ ਔ ਬਕ੍ਰ ਸਰਾਸਨ ਪਤ੍ਰ ਬਚਿੱਤ੍ਰ ਬਨਾਯੋ॥**
**ਧਾਇ ਭੁਜਾ ਬਲ ਆਪਨ ਹ੍ਵੈ ਹਮ ਸੋਂ ਤਿਨ ਯੌਂ ਅਤਿ ਜੁੱਧੁ ਮਚਾਯੋ॥**
**ਕ੍ਰੁੱਧ ਕੈ ਸ੍ਰੌਣਤ ਬਿੰਦੁ ਕਹੈ ਰਨ ਯਾਹਿ ਤੇ ਚੰਡਿਕਾ ਨਾਮ ਕਹਾਯੋ॥੧੫੩॥**

***ਭਾਵਾਰਥ:–*** ਸ਼ੇਰ ਸਵਾਰ (ਚੰਡਿਕਾ) ਦਾ ਭਿਆਨਕ ਰੂਪ ਵੇਖ ਕੇ ਸਾਰੇ ਦੈਂਤ ਡਰ ਗਏ। (ਚੰਡਿਕਾ ਨੇ) ਹੱਥ ਵਿੱਚ ਸੰਖ, (ਬਕ੍ਰ) ਟੇਢਾ ਚੱਕਰ, (ਸਰਾਸਨ) ਧਨੁਸ਼ ਅਤੇ (ਪਤ੍ਰ) ਤੀਰ ਲੈ ਕੇ (ਬਚਿਤ੍ਰ) ਅਸਚਰਜ਼ ਹੀ ਰੂਪ ਬਣਾ ਲਿਆ। ਦੌੜ ਕੇ ਆਪਣੇ ਬਾਹੂ ਬਲ ਦੁਆਰਾ (ਹਮ) ਸਭ ਨਾਲ ਉਹਨੂੰ ਇਓਂ ਬਹੁਤ ਜੰਗ ਕੀਤਾ। ਕ੍ਰੋਧ ਨਾਲ ਸ੍ਰੋਣਤ ਵੀਰਜ ਕਹਿੰਦਾ ਸੀ ਕਿ ਏਸੇ ਜੰਗ ਤੋਂ ਹੀ ਉਹਨੇ (ਚੰਡਿਕਾ) ਤੇਜ਼ੀ ਕਰਨ ਵਾਲੀ ਚੰਡਿਕਾ ਨਾਂ ਕਹਾਇਆ ਹੈ॥੧੫੩॥

**ਮਾਰਿ ਲਯੋ ਦਲ ਔਰ ਭਜਯੋ ਤਬ ਕੋਪ ਕੈ ਆਪਨ ਹੀ ਸੁ ਭਿਰਯੋ ਹੈ॥**
**ਚੰਡਿ ਪ੍ਰਚੰਡਿ ਸੋ ਜੁੱਧੁ ਕਰਯੋ ਅਸਿ ਹਾਥ ਛੁਟਯੋ ਮਨ ਨਾਹਿ ਗਿਰਯੋ ਹੈ॥**

**ਲੈ ਕੈ ਕੁਵੰਡ ਕਰੰ ਬਲ ਧਾਰ ਕੈ ਸ੍ਰੌਣ ਸਮੂਹ ਮੈ ਐਸਿ ਤਰਯੋ ਹੈ॥**
**ਦੇਵ ਅਦੇਵ ਸਮੁਦ੍ਰ ਮਥਯੋ ਮਨੁ ਮੇਰੁ ਕੋ ਮਧਜ ਧਰਯੋ ਸੁ ਫਿਰਯੋ ਹੈ॥੧੫੪॥**

***ਭਾਵਾਰਥ:–*** (ਕੁਝ) ਦਲ ਮਾਰ ਲਿਆ ਗਿਆ, ਹੋਰ ਭੱਜ ਗਿਆ, ਤਾਂ ਕ੍ਰੋਧ ਨਾਲ (ਆਪਨ) ਆਪੋ ਵਿੱਚ ਦੀ ਹੀ ਭਿੜ ਗਿਆ। (ਪ੍ਰਚੰਡਿ) ਕ੍ਰੋਧਿਤ ਚੰਡਿਕਾ ਨਾਲ ਜੰਗ ਕੀਤਾ (ਸ੍ਰੋਣਤ ਵੀਰਜ ਦੇ) ਹੱਥ ’ਚੋਂ ਤਲਵਾਰ ਤਾਂ ਡਿੱਗ ਪਈ ਪਰ ਮਨ ਨਹੀਂ ਡਿੱਗਿਆ। (ਸ੍ਰੋਣਤ ਵੀਰਜ) ਧਨੁਸ਼ ਹੱਥ ਵਿੱਚ ਲੈ ਕੇ ਅਤੇ ਬਲ ਧਾਰ ਕੇ, ਬਹੁਤੇ ਲਹੂ ਵਿੱਚ ਇਓਂ ਤਰਿਆ (ਮਨੁ) ਮਾਨੋ ਕਿ ਜਦੋਂ ਦੇਵਤਿਆਂ ਅਤੇ ਦੈਂਤਾਂ ਨੇ ਸਮੁੰਦਰ ਰਿੜਕਿਆ ਸੀ ਉਦੋਂ ਸੁਮੇਰ ਪਰਬਤ ਨੂੰ ਧਰਿਆ ਅਤੇ ਉਹ ਫਿਰਿਆ ਹੈ॥੧੫੪॥

**ਕ੍ਰੁੱਧ ਕੈ ਜੁੱਧ ਕੋ ਦੈਤਜ ਬਲੀ ਨਦ ਸ੍ਰੌਨ ਕੋ ਪੈਰ ਕੇ ਪਾਰ ਪਧਾਰਯੋ॥**
**ਲੈ ਕਰਵਾਰ ਅਉ ਢਾਰ ਸੰਭਾਰ ਕੈ ਸਿੰਘ ਕੋ ਦੌਰ ਕੈ ਜਾਇ ਹਕਾਰਯੋ॥**
**ਆਵਤ ਪੇਖਿ ਕੈ ਚੰਡਿ ਕੁਵੰਡ ਤੇ ਬਾਨ ਲਗਯੋ ਤਨ ਮੂਰਛ ਪਾਰਯੋ॥**
**ਰਾਮ ਕੇ ਭ੍ਰਾਤਨ ਜਯੋਂ ਹਨੂਮਾਨ ਕੋ ਸੈਲ ਸਮੇਤ ਧਰਾ ਪਰ ਡਾਰਯੋ॥੧੫੫॥**

***ਭਾਵਾਰਥ:–*** ਜੰਗ ਦਾ (ਕ੍ਰੁੱਧ) ਜੋਸ਼ ਕਰ ਕੇ ਦੈਂਤ ਲਹੂ ਦਾ (ਨਦ) ਦਰਿਆ ਤਰ ਕੇ ਪਾਰ (ਪਧਾਰਿਓ) ਚਲਿਆ ਗਿਆ। ਤਲਵਾਰ ਅਤੇ ਢਾਲ ਸੰਭਾਲ ਕੇ ਲੈ ਕੇ, ਦੌੜ ਕੇ ਸ਼ੇਰ ਨੂੰ ਜਾ ਵੰਗਾਰਿਆ। (ਦੈਂਤ ਨੂੰ) ਆਉਂਦਿਆਂ ਵੇਖ ਕੇ ਚੰਡਿਕਾ ਦੀ (ਕੁਵੰਡ) ਕਮਾਨ ਤੋਂ ਤੀਰ ਵੱਜਿਆ (ਜਿਸ ਨਾਲ) ਸਰੀਰ ਨੂੰ (ਮੂਰਛ) ਗਸ਼ੀ (ਪਾਇਓ) ਪੈ ਗਈ। ਜਿਵੇਂ ਕਿ ਸ੍ਰੀ ਰਾਮ ਚੰਦਰ ਜੀ ਦੇ ਭਰਾ (ਸ੍ਰੀ ਭਰਤ) ਨੇ (ਸੈਲ) ਪਹਾੜ ਸਮੇਤ ਹਨੂਮਾਨ ਨੂੰ ਜ਼ਮੀਨ ‘ਤੇ ਸੁੱਟ ਲਿਆ ਸੀ॥੧੫੫॥

**ਸਵੈਯਾ॥**

**ਫੇਰ ਉਠਯੋ ਕਰ ਲੈ ਕਰਵਾਰ ਕੋ ਚੰਡਿ ਪ੍ਰਚੰਡ ਸਯੋਂ ਜੁੱਧੁ ਕਰਯੋ ਹੈ॥**
**ਘਾਇਲ ਕੈ ਤਨ ਕੇਹਰਿ ਤੇ ਬਹਿ ਸ੍ਰੌਨ ਸਮੂਹ ਧਰਾਨ ਪਰਯੋ ਹੈ॥**
**ਸੋ ਉਪਮਾ ਕਬਿ ਨੇ ਬਰਨੀ ਮਨ ਕੀ ਹਰਨੀ ਤਿਹ ਨਾਉ ਧਰਯੋ ਹੈ॥**
**ਗੇਰੂ ਨਗੰ ਪਰ ਕੈ ਬਰਖਾ ਧਰਨੀ ਪਰਿ ਮਾਨਹੁ ਰੰਗ ਢਰਯੋ ਹੈ॥੧੫੬॥**

***ਭਾਵਾਰਥ:–*** ਫਿਰ ਤਲਵਾਰ ਨੂੰ ਲੈ ਕੇ ਉੱਠ ਪਿਆ ਅਤੇ (ਪ੍ਰਚੰਡ) ਕ੍ਰੋਧਤ ਚੰਡੀ ਨਾਲ ਜੰਗ ਕੀਤਾ। ਜ਼ਖ਼ਮੀ (ਕੈ) ਕੀਤੇ ਹੋਏ ਸ਼ੇਰ ਦੇ ਸਰੀਰ ’ਚੋਂ ਬਹੁਤ ਸਾਰਾ ਲਹੂ ਵਗ ਕੇ ਜ਼ਮੀਨ ’ਤੇ ਆ ਪਿਆ। ਉਹ ਕਵੀ (ਸ੍ਰੀ ਗੁਰੂ ਗੋਬੰਦ ਸਿੰਘ ਜੀ) ਨੇ ਮਨ ਦੇ ਹਰਨ ਵਾਲੀ ਉਪਮਾ ਵਰਣਨ ਕੀਤੀ ਹੈ ਅਤੇ ਉਹਦਾ ਨਾਮ (ਰੂਪ) ਲੱਛਣ ਰੱਖ ਦਿੱਤਾ ਗਿਆ ਹੈ। ਮਾਨੋ ਕਿ ਗੇਰੂ ਦੇ (ਨਗੰ) ਪਹਾੜ (ਪਰ) ਉੱਤੋਂ (ਬਰਖਾ) ਬਰਸਾਤ ਹੋਣ (ਕੈ) ਨਾਲ ਜ਼ਮੀਨ ’ਤੇ ਰੰਗ ਵਾਲਾ ਪਾਣੀ (ਢਰਿਓ) ਉੱਤਰਿਆ ਹੋਇਆ ਹੈ॥੧੫੬॥

**ਸ੍ਰੌਣਤ ਬਿੰਦੁ ਸੋ ਚੰਡਿ ਪ੍ਰਚੰਡ ਸੁ ਜੁੱਧੁ ਕਰਯੋ ਰਨ ਮਧਜ ਰੁਹੇਲੀ॥**
**ਪੈ ਦਲ ਮੈ ਦਲ ਮੀਜ ਦਯੋ ਤਿਲ ਤੇ ਜਿਮੁ ਤੇਲ ਨਿਕਾਰਤ ਤੇਲੀ॥**

**ਸ੍ਰੌਣ ਪਰਜੋ ਧਰਨੀ ਪਰ ਚ੍ਵੈ ਰੰਗਰੇਜ ਕੀ ਰੇਨਿ ਜਤੋਂ ਫੂਟ ਕੇ ਫੈਲੀ॥**
**ਘਾਉ ਲਸੈ ਤਨ ਦੈਤਜ ਕੇ ਯੌਂ ਜਨੁ ਦੀਪਕ ਮਧਜ ਫਨੂਸ ਕੀ ਥੈਲੀ॥੧੫੭॥**

***ਭਾਵਾਰਥ:–*** ਸ੍ਰੋਣਤ ਵੀਰਜ (ਸੁ) ਅਤੇ ਤੇਜਵਾਨ ਅਤਿ ਕ੍ਰੋਧਤ ਚੰਡਿਕਾ ਨੇ ਮੈਦਾਨੇ ਜੰਗ ਵਿੱਚ ਚੰਗਾ ਜੰਗ ਕੀਤਾ। ਦਲ (ਪੈ) ਵਿੱਚ ਪੈ ਕੇ (ਦਲ ਨੂੰ) ਦਲ ਮਲ ਦਿੱਤਾ, ਜਿਵੇਂ ਤੇਲੀ ਤਿਲਾਂ 'ਚੋਂ ਤੇਲ ਕੱਢਦਾ ਹੈ। ਜ਼ਮੀਨ ਤੇ ਲਹੂ ਚੋਅ ਪਿਆ ਜਿਵੇਂ (ਰੰਗ ਰੇਜ਼) ਲਲਾਰੀ ਦੀ (ਰੇਨਿ) ਮੱਟੀ ਫੁੱਟ ਕੇ ਫੈਲ ਗਈ ਹੁੰਦੀ ਹੈ। ਦੈਂਤ ਦੇ ਸਰੀਰ ਵਿੱਚੋਂ ਇਓਂ ਜ਼ਖ਼ਮ (ਲਸੈ) ਚਮਕਦੇ ਹਨ, (ਜਨੁ) ਮਾਨੋ ਕਿ (ਫਨੂਸ) ਦੀਪਕਦਾਨੀ ਦੇ (ਥੈਲੀ) ਕੱਪੜੇ ਦੇ ਗਿਲਾਫ ਵਿੱਚ ਦੀਵਾ ਹੁੰਦਾ ਹੈ॥੧੫੭॥

**ਸ੍ਰੌਣਤ ਬਿੰਦੁ ਕੋ ਸ੍ਰੌਣ ਪਰਜੋ ਧਰਿ ਸ੍ਰੌਣਤ ਬਿੰਦੁ ਅਨੇਕ ਭਏ ਹੈਂ॥**
**ਚੰਡਿ ਪ੍ਰਚੰਡਿ ਕੁਵੰਡ ਸੰਭਾਰ ਕੈ ਬਾਨਨ ਸਾਥ ਸੰਘਾਰ ਦਏ ਹੈਂ॥**
**ਸ੍ਰੌਨ ਸਮੂਹ ਸਮਾਇ ਗਏ ਬਹੁਰੋ ਸੁ ਭਏ ਹਤਿ ਫੇਰਿ ਲਏ ਹੈਂ॥**
**ਬਾਰਿਦ ਧਾਰ ਪਰੈ ਧਰਨੀ ਮਨੁ ਬਿੰਬਰ ਹ੍ਵੈ ਮਿਟ ਕੈ ਜੁ ਗਏ ਹੈਂ॥੧੫੮॥**

***ਭਾਵਾਰਥ:–*** ਸ੍ਰੋਣਤ ਵੀਰਜ ਦਾ ਲਹੂ ਜ਼ਮੀਨ 'ਤੇ ਗਿਰਿਆ ਤਾਂ ਅਨੇਕਾਂ ਹੀ ਸ੍ਰੋਣਤ ਵੀਰਜ ਹੋ ਗਏ। ਕ੍ਰੋਧਿਤ ਚੰਡਿਕਾ ਨੇ (ਕੁਵੰਡ) ਧਨੁਸ਼ ਸੰਭਾਲ ਕੇ ਤੀਰਾਂ ਨਾਲ ਫੇਰ ਮਾਰ ਦਿੱਤੇ। ਫੇਰ ਬਹੁਤ ਸਾਰੇ ਲਹੂ ਵਿੱਚ ਹੀ (ਸਮਾਇ) ਲੀਨ ਹੋ ਗਏ, ਫੇਰ ਪੈਦਾ ਹੋ ਗਏ, ਫੇਰ (ਹਤਿ) ਮਾਰ ਲਏ ਗਏ। ਮਾਨੋ ਕਿ (ਬਾਰਿਦ) ਬੱਦਲ ਦੀ ਧਾਰ ਜ਼ਮੀਨ 'ਤੇ ਪੈਂਦੀ ਹੈ ਅਤੇ (ਬਿੰਬਰ) ਬੁਲਬੁਲੇ ਬਣ ਕੇ ਜੋ ਮਿਟ ਗਏ ਹਨ॥੧੫੮॥

**ਸਵੈਯਾ॥**

**ਜੇਤਕ ਸ੍ਰੌਨ ਕੀ ਬੂੰਦ ਗਿਰੈ ਰਨ ਤੇਤਕ ਸ੍ਰੌਨਤ ਬਿੰਦ ਹ੍ਵੈ ਆਈ॥**
**ਮਾਰ ਹੀ ਮਾਰ ਪੁਕਾਰ ਹਕਾਰ ਕੈ ਚੰਡਿ ਪ੍ਰਚੰਡਿ ਕੈ ਸਾਮੁਹਿ ਧਾਈ॥**
**ਪੇਖਿ ਕੈ ਕੌਤਕ ਤਾ ਛਿਨ ਮੈ ਕਵਿ ਨੇ ਮਨ ਮੈ ਉਪਮਾ ਠਹਰਾਈ॥**
**ਮਾਨਹੁ ਸੀਸ ਮਹੱਲ ਕੈ ਬੀਚ ਸੁ ਮੂਰਤਿ ਏਕ ਅਨੇਕਿ ਕੀ ਝਾਈ॥੧੫੯॥**

***ਭਾਵਾਰਥ:–*** ਜੰਗ ਵਿੱਚ ਜਿੰਨੀਆਂ ਕੁ ਲਹੂ ਦੀਆਂ ਬੂੰਦਾਂ ਡਿੱਗਦੀਆਂ ਹਨ, ਓਨੇ ਹੀ ਸ੍ਰੋਣਤ ਵੀਰਜ ਹੋ ਜਾਂਦੇ ਹਨ। ਮਾਰ ਹੀ ਮਾਰ (ਹਕਾਰ) ਵੰਗਾਰ ਕੇ ਪੁਕਾਰਦੇ ਹੋਏ ਕ੍ਰੋਧਿਤ ਚੰਡਿਕਾ ਦੇ ਸਾਮ੍ਹਣੇ ਨੂੰ ਦੌੜਦੇ ਹਨ। ਉਸ (ਛਿਨ) ਸਮੇਂ ਵਿੱਚ ਤਮਾਸ਼ਾ (ਜਿਹਾ) ਵੇਖ ਕੇ ਕਵੀ ਨੇ ਮਨ ਵਿੱਚ (ਇਹ) ਉਪਮਾ ਟਿਕਾ ਲਈ ਕਿ ਮਾਨੋ ਕਿ ਸ਼ੀਸ਼ ਮਹਲ ਵਿੱਚ ਇਕ ਹੀ (ਮੂਰਤਿ) ਸਰੀਰ ਦੀਆਂ ਅਨੇਕਾਂ (ਝਾਈ) ਦ੍ਰਿਸ਼ ਭਾਵ ਸ਼ਕਲਾਂ ਜਾਂ ਪ੍ਰਤੀਬਿੰਬ ਹਨ॥੧੫੯॥

**ਸ੍ਰੌਨਤ ਬਿੰਦੁ ਅਨੇਕ ਉਠੇ ਰਨ ਕ੍ਰੁੱਧ ਕੈ ਜੁੱਧ ਕੋ ਫੇਰ ਜੁਟੇ ਹੈਂ॥**
**ਚੰਡਿ ਪ੍ਰਚੰਡਿ ਕਮਾਨ ਤੇ ਬਾਨ ਸੁ ਭਾਨੁ ਕੀ ਅੰਸੁ ਸਮਾਨ ਛੁਟੇ ਹੈਂ॥**
**ਮਾਰਿ ਬਿਦਾਰ ਦਏ ਸੁ ਭਏ ਫਿਰ ਲੈ ਮੁੰਗਰਾ ਜਿਮੁ ਧਾਨ ਕੁਟੇ ਹੈਂ॥**

**ਚੰਡਿ ਦਏ ਸਿਰ ਖੰਡ ਜੁਦੇ ਕਰਿ ਬਿੱਲਨ ਤੇ ਜਨੁ ਬਿੱਲ ਤੁਟੇ ਹੈਂ॥੧੯੦॥**

***ਭਾਵਾਰਥ:-*** ਜੰਗ ਵਿੱਚ ਅਨੇਕਾਂ ਹੀ ਸ੍ਰੋਣਤ ਵੀਰਜ ਉੱਠ ਖਲੋਤੇ, ਫੇਰ ਕ੍ਰੋਧ ਨਾਲ ਜੰਗ ਨੂੰ ਜੁੱਟ ਗਏ। ਕ੍ਰੋਧਿਤ ਚੰਡਿਕਾ ਦੀ ਕਮਾਨ 'ਚੋਂ ਤੀਰ ਵੀ (ਭਾਨੁ) ਸੂਰਜ ਦੀਆਂ (ਅੰਸੁ) ਕਿਰਨਾਂ ਵਾਂਗ ਛੁੱਟ ਪਏ। (ਦੈਂਤ) ਮਾਰ ਕੇ ਨਾਸ ਕਰ ਦਿੱਤੇ (ਸੁ) ਉਹ (ਫੇਰ) ਹੋ ਗਏ, ਦੁਰਗਾ ਉਹਨਾਂ ਨੂੰ ਫੇਰ ਇਸ ਤਰ੍ਹਾਂ ਮਾਰਦੀ ਹੈ ਕਿਵੇਂ ਮੁੰਗਲਾ ਲੈ ਕੇ (ਧਾਨ) ਛਿਲਕੇ ਸਮੇਤ ਦਾਣੇ ਕੁੱਟੀਦੇ ਹਨ। ਚੰਡਿਕਾ ਨੇ (ਦੈਂਤਾਂ ਦੇ) ਸਿਰਾਂ ਦੇ (ਖੰਡ) ਹਿੱਸੇ ਅੱਡ ਕਰ ਦਿੱਤੇ (ਜਨੁ) ਮਾਨੋ ਕਿ ਬਿੱਲਾਂ ਦਿਆਂ ਦਰਖਤਾਂ ਤੋਂ ਬਿੱਲ (ਫਲ) ਟੁੱਟੇ ਹੋਏ ਹਨ॥੧੯੦॥

**ਸ੍ਰੌਨਤ ਬਿੰਦੁ ਅਨੇਕ ਭਏ ਅਸਿ ਲੈ ਕਰ ਚੰਡ ਸੁ ਐਸਿ ਉਠੇ ਹੈਂ॥**
**ਬੂੰਦਨ ਤੇ ਉਠਿ ਕੈ ਬਹੁ ਦਾਨਵ ਬਾਨਨ ਬਾਰਿਦ ਜਾਨੁ ਵੁਠੇ ਹੈਂ॥**
**ਫੇਰਿ ਪ੍ਰਚੰਡਿ ਕੁਵੰਡ ਸੰਭਾਰ ਕੈ ਬਾਨ ਪ੍ਰਹਾਰ ਸੰਘਾਰ ਸੁਠੇ ਹੈਂ[੧]॥**
**ਐਸਿ ਉਠੇ ਫਿਰ ਸ੍ਰਉਨ ਤੇ ਦੈਤਜ ਸੁ ਮਾਨਹੁ ਸੀਤ ਤੇ ਰੋਮ ਉਠੇ ਹੈਂ॥੧੯੧॥**

***ਭਾਵਾਰਥ:-*** ਅਨੇਕਾਂ ਸ੍ਰੋਣਤ ਵੀਰਜ ਪੈਦਾ ਹੋਏ, ਹੱਥਾਂ ਵਿੱਚ (ਚੰਡ) ਤੇਜ਼ਧਾਰ ਤਲਵਾਰਾਂ ਲੈ ਇਓਂ ਉੱਠ ਖਲੋਤੇ। (ਲਹੂ ਦੀਆਂ) ਬੂੰਦਾਂ ਤੋਂ ਬਹੁਤੇ ਦੈਂਤ (ਉਠਿ) ਪੈਦਾ ਹੋ ਗਏ ਅਤੇ ਇਉਂ ਤੀਰਾਂ ਨੂੰ ਚਲਾਉਂਦੇ ਹਨ (ਜਾਨੁ) ਮਾਨੋ ਕਿ ਬਾਣਾਂ ਦਾ ਹੀ ਮੀਂਹ ਵਰਾਉਂਦੇ ਹੋਣ। (ਚੰਡਿਕਾ ਨੇ) ਫੇਰ (ਪ੍ਰਚੰਡ) ਮਜ਼ਬੂਤ ਧਨੁਸ਼ ਸੰਭਾਲ ਕੇ ਤੀਰ ਚਲਾ ਕੇ (ਸੁਠੇ) ਚੰਗੀ ਤਰ੍ਹਾਂ (ਸੰਘਾਰ) ਮਾਰ ਦਿੱਤੇ। ਫੇਰ ਦੈਂਤ ਲਹੂ ਤੋਂ ਇਉਂ ਪੈਦਾ ਹੋ ਗਏ ਮਾਨੋ ਕਿ (ਸੀਤ) ਠੰਢ ਤੋਂ ਰੋਮ ਉੱਠ ਖਲੋਤੇ ਹੋਣ॥੧੯੧॥

**ਸਵੈਯਾ॥**

**ਸ੍ਰੌਨਤ ਬਿੰਦੁ ਭਏ ਇਕਠੇ ਬਰ ਚੰਡਿ ਪ੍ਰਚੰਡਿ ਕੋ ਘੇਰਿ ਲਯੋ ਹੈ॥**
**ਚੰਡਿ ਅਉ ਸਿੰਘ ਦੁਹੂੰ ਮਿਲਿ ਕੈ ਸਬ ਦੈਤਨ ਕੋ ਦਲ ਮਾਰਿ ਦਯੋ ਹੈ॥**
**ਫੇਰਿ ਉਠੇ ਧੁਨਿ ਕੋ ਕਰਿ ਕੈ ਸੁਨਿ ਕੈ ਮੁਨਿ ਕੋ ਛੁਟਿ ਧਜਾਨ ਗਯੋ ਹੈ॥**
**ਭੂਲ ਗਏ ਸੁਰ ਕੇ ਅਵਸਾਨ ਗੁਮਾਨ ਨ ਸ੍ਰੌਨਤ ਬਿੰਦੁ ਗਯੋ ਹੈ॥੧੯੨॥**

***ਭਾਵਾਰਥ:-*** (ਬਰ) ਬਹੁਤ ਬਲੀ ਭਾਵ ਸ੍ਰੇਸ਼ਟ ਸ੍ਰੋਣਤ ਵੀਰਜ (ਨਾਮੇ ਦੈਂਤ) ਇਕੱਠੇ ਹੋ ਗਏ ਤੇ ਕ੍ਰੋਧਿਤ ਚੰਡਿਕਾ ਨੂੰ ਘੇਰ ਲਿਆ। ਚੰਡਿਕਾ ਅਤੇ ਸ਼ੇਰ ਦੋਹਾਂ ਨੇ ਮਿਲ ਕੇ ਦੈਂਤਾਂ ਦਾ ਸਾਰਾ ਦਲ ਮਾਰ ਦਿੱਤਾ। (ਫੇਰਿ) ਦੁਬਾਰਾ (ਧੁਨਿ ਕੋ ਕਰਿ ਕੈ) ਗੱਜ ਕੇ ਉੱਠ ਖਲੋਤੇ। ਜਿਸ ਧੁਨੀ ਨੂੰ ਸੁਣ ਕੇ ਮੁਨੀਆਂ ਦਾ ਵੀ ਧਿਆਨ ਛੁੱਟ ਗਿਆ। ਦੇਵਤਿਆਂ ਦੇ (ਅਵਸਾਨ) ਹੋਸ਼ ਭੁੱਲ ਗਏ ਪਰ ਸ੍ਰੋਣਤ ਵੀਰਜ ਦਾ (ਗੁਮਾਨ) ਅਹੰਕਾਰ ਨਹੀਂ ਗਿਆ॥੧੯੨॥

**ਦੋਹਰਾ॥**

**ਰਕਤ ਬੀਜ ਸੋਂ ਚੰਡਿਕਾ ਇਉਂ ਕੀਨੋ ਬਰ ਜੁੱਧੁ॥**

---

[੧] ਪਾਠ- ਸੁਟੇ ਹੈਂ।

**ਅਗਨਤ ਭਏ ਦਾਨਵ ਤਬੈ ਕਛੁ ਨ ਬਸਾਯੋ ਕ੍ਰੁੱਧੁ॥੧੬੩॥**

***ਭਾਵਾਰਥ:-*** ਸ੍ਰੋਣਤ ਵੀਰਜ ਨਾਲ ਚੰਡਿਕਾ ਨੇ (ਭਾਵੇਂ) ਇਓਂ ਉੱਤਮ ਜੰਗ ਕੀਤਾ। ਤਾਂ ਵੀ ਦੈਂਤ ਬੇਗਿਣਤ ਹੀ ਹੋ ਗਏ। (ਚੰਡਿਕਾ ਦਾ ਕੀਤਾ ਹੋਇਆ) ਕ੍ਰੋਧ ਕੁਝ ਵੀ ਨਾ (ਬਸਾਇਓ) ਚੱਲ ਸਕਿਆ॥੧੬੩॥

**ਸਵੈਯਾ॥**

**ਪੇਖ ਦਸੋ ਦਿਸ ਤੇ ਬਹੁ ਦਾਨਵ ਚੰਡਿ ਪ੍ਰਚੰਡਿ ਤਚੀ ਅਖੀਆਂ॥**
**ਤਬ ਲੈ ਕੇ ਕਮਾਨ ਜੁ ਕਾਟ ਦਏ ਅਰਿ ਫੂਲ ਗੁਲਾਬ ਕੀ ਜਯੋਂ ਪਖੀਆਂ॥**
**ਸ੍ਰੌਨ ਕੀ ਛੀਟ ਪਰੀ ਤਨ ਚੰਡਿ ਕੇ ਸੋ ਉਪਮਾ ਕਵਿ ਨੇ ਲਖੀਆਂ॥**
**ਜਨੁ ਕੰਚਨ ਮੰਦਿਰ ਮੈ ਜਰੀਆ ਜਰਿ ਲਾਲ ਮਨੀ ਜੁ ਬਨਾ ਰਖੀਆਂ॥੧੬੪॥**

***ਭਾਵਾਰਥ:-*** (ਦਸੋ ਦਿਸ) ਸਾਰਿਆਂ ਪਾਸਿਆਂ ਤੋਂ ਬਹੁਤ ਦੈਂਤ ਵੇਖ ਕੇ ਚੰਡਿਕਾ ਨੇ (ਪ੍ਰਚੰਡਿ) ਕ੍ਰੋਧਮਈ ਅੱਖੀਆਂ (ਤਚੀ) ਕੱਢੀਆਂ। ਉਦੋਂ ਕਮਾਨ ਲੈ ਕੇ ਜੋ ਵੈਰੀ ਸਨ ਉਹ (ਕਾਟ) ਵੱਢ ਦਿੱਤੇ ਜਿਵੇਂ ਗੁਲਾਬ ਦੇ ਫੁੱਲ ਦੀਆਂ ਪੰਖੜੀਆਂ (ਸਹਿਜ ਹੀ) ਕੱਟ ਦਈ ਦੀਆਂ ਨੇ। ਚੰਡਿਕਾ ਦੇ ਸਰੀਰ ਤੇ ਲਹੂ ਦੀਆਂ ਛਿੱਟਾਂ ਪੈ ਗਈਆਂ ਸਨ, ਉਸ ਦੀ ਉਪਮਾ ਕਵੀ ਨੇ (ਲਖੀਆ) ਜਾਣੀ ਹੈ। (ਜਨੁ) ਮਾਨੋ ਕਿ (ਜਰੀਆ) ਜੜੀਏ ਭਾਵ ਕਾਰੀਗਰ ਨੇ ਲਾਲ ਅਤੇ ਮਣੀਆਂ ਦੋ ਪਹਿਲੋਂ ਹੀ (ਬਨਾ) ਘੜ ਕੇ ਰੱਖੀਆਂ ਹੋਈਆਂ ਸਨ, ਉਹ (ਕੰਚਨ) ਸੋਨੇ ਦੇ ਮੰਦਰ ਵਿੱਚ ਜੜ ਦਿੱਤੀਆਂ ਹਨ॥੧੬੪॥

**ਕ੍ਰੁੱਧ ਕੈ ਜੁੱਧ ਕਰਯੋ ਬਹੁ ਚੰਡਿ ਨ ਏਤੋ ਕਰਯੋ ਮਧੁ ਸੋ ਅਬਿਨਾਸੀ॥**
**ਦੈਤਨ ਕੇ ਬਧ ਕਾਰਨ ਕੋ ਨਿਜੁ ਭਾਲ ਤੇ ਜ੍ਵਾਲ ਕੀ ਲਾਟ ਨਿਕਾਸੀ॥**
**ਕਾਲੀ ਪ੍ਰਤੱਛ ਭਈ ਤਿਹ ਤੇ ਰਨ ਫੈਲ ਰਹੀ ਭਯ ਭੀਰ ਪ੍ਰਭਾ ਸੀ॥**
**ਮਾਨਹੁ ਸ੍ਰਿੰਗ ਸੁਮੇਰੁ ਕੋ ਫੋਰਿ ਕੈ ਧਾਰ ਪਰੀ ਧਰਿ ਪੈ ਜਮੁਨਾ ਸੀ॥੧੬੫॥**

***ਭਾਵਾਰਥ:-*** ਚੰਡਿਕਾ ਨੇ ਬਹੁਤ ਕ੍ਰੋਧ ਨਾਲ ਜੰਗ ਕੀਤਾ, ਏਨਾਂ ਤਾਂ ਮਧੁ (ਦੈਂਤ) ਨਾਲ (ਅਬਿਨਾਸੀ) ਭਗਵਾਨ ਨੇ ਵੀ ਨਹੀਂ ਕੀਤਾ ਸੀ। ਦੈਂਤਾਂ ਦੇ (ਬਧ) ਨਾਸ ਕਰਨ (ਕਾਰਨ) ਲਈ ਆਪਣੇ (ਭਾਲ) ਮੱਥੇ ਤੋਂ (ਜ੍ਵਾਲ) ਅੱਗ ਦੀ ਲਾਟ ਕੱਢੀ। ਓਸ ਤੋਂ ਹੀ ਕਾਲੀ ਦੇਵੀ (ਪ੍ਰਤੱਛ) ਪ੍ਰਗਟ ਹੋਈ, ਜੋ ਜੰਗ ਵਿੱਚ (ਭੀਰੁ) ਕਾਇਰਾਂ ਦੇ ਡਰ ਦੀ (ਪ੍ਰਭਾਸੀ) ਪ੍ਰਤੀਤ ਕਰਵਾਉਣ ਵਾਲੀ (ਫੈਲ) ਵਿਆਪ ਰਹੀ ਸੀ। ਮਾਨੋ ਕਿ ਸੁਮੇਰ ਦੀ (ਸ੍ਰਿੰਗ) ਟੀਸੀ ਨੂੰ ਤੋੜ ਕੇ ਯਮੁਨਾ ਦੀ ਧਾਰ (ਸੀ) ਵਰਗੀ ਹੀ ਜ਼ਮੀਨ ’ਤੇ ਡਿੱਗੀ ਹੈ॥੧੬੫॥

**ਸਵੈਯਾ॥**

**ਮੇਰੁ ਹਲਯੋ ਦਹਲਯੋ ਸੁਰਲੋਕੁ ਦਸੋ ਦਿਸ ਭੂਧਰ ਭਾਜਤ ਭਾਰੀ॥**
**ਚਾਲਿ ਪਰਯੋ ਤਿਹ ਚੌਦਹਿ ਲੋਕ ਮੈ ਬ੍ਰਹਮ ਭਯੋ ਮਨ ਮੈ ਭ੍ਰਮ ਭਾਰੀ॥**
**ਧਯਾਨ ਰਹਯੋ ਨ ਜਟੀ ਸੁ ਫਟੀ ਧਰਿ ਯੌਂ ਬਲ ਕੈ ਰਨ ਮੈ ਕਿਲਕਾਰੀ॥**

**ਦੈਤਨ ਕੇ ਬਧ ਕਾਰਨ ਕੋ ਕਰ ਕਾਲ ਸੀ ਕਾਲੀ ਕ੍ਰਿਪਾਨ ਸੰਭਾਰੀ॥੧੯੬॥**

***ਭਾਵਾਰਥ:–*** (ਮੇਰੁ) ਸੁਮੇਰ (ਪਰਬਤ) ਹਿੱਲ ਪਿਆ, ਦੇਵ ਲੋਕ ਵੀ (ਦਹਲਿਓ) ਕੰਬ ਭਾਵ ਡਰ ਗਿਆ, ਭਾਰੀ (ਭੂਧਰ) ਪਹਾੜ ਵੀ ਸਾਰੀਂ ਪਾਸੀਂ (ਭਾਜਤ) ਫਿਰਦੇ ਪਏ ਹਨ। (ਤਿਹ) ਓਸ ਤੋਂ ਚੌਦਾਂ ਲੋਕਾਂ ਵਿੱਚ ਹੀ (ਚਾਲਿ) ਹਲਚਲ ਮਚ ਗਿਆ, ਬ੍ਰਹਮਾ ਦੇ ਵਿੱਚ ਵੀ ਬਹੁਤ (ਭ੍ਰਮ) ਖਲਭਲਾਹਟ ਹੋ ਗਿਆ। (ਕਾਲਿਕਾ) ਜੰਗ ਵਿੱਚ ਇਓਂ (ਬਲ ਕੈ) ਜ਼ੋਰ ਨਾਲ (ਕਿਲਕਾਰੀ) ਗੱਜੀ ਤਾਂ (ਜਟੀ) ਸ਼ਿਵ ਜੀ ਦਾ ਵੀ ਧਿਆਨ (ਜੁੜਿਆ) ਨਾ ਰਿਹਾ ਅਤੇ ਜ਼ਮੀਨ ਵੀ ਫੱਟ ਗਈ। ਦੈਂਤਾਂ ਦੇ ਨਾਸ ਕਰਨ ਵਾਸਤੇ (ਜਦੋਂ) ਕਾਲਿਕਾ ਨੇ ਹੱਥ ਵਿੱਚ (ਕਾਲ) ਯਮਰਾਜ ਵਰਗੀ ਹੀ ਤਲਵਾਰ ਸੰਭਾਲ ਲਈ ਸੀ॥੧੯੬॥

**ਧੋਹਰਾ॥**

**ਚੰਡੀ ਕਾਲੀ ਦੁਹੂੰ ਮਿਲਿ ਕੀਨੋ ਇਹੈ ਬਿਚਾਰਿ॥**
**ਹਉ ਹਨਿ ਹੋਂ ਤੂੰ ਸ੍ਰੋਉਨ ਪੀ ਅਰਿ ਦਲ ਡਾਰਹਿ ਮਾਰਿ॥੧੯੭॥**

***ਭਾਵਾਰਥ:–*** ਚੰਡਿਕਾ ਅਤੇ ਕਾਲਿਕਾ ਦੋਹਾਂ ਨੇ ਮਿਲ ਕੇ ਏਹੋ ਹੀ (ਬਿਚਾਰਿ) ਸਲਾਹ ਕੀਤੀ ਕਿ ਮੈਂ (ਚੰਡਿਕਾ) ਮਾਰਾਂਗੀ, ਤੂੰ (ਕਾਲਿਕਾ)! ਲਹੂ ਪੀ, (ਇਓਂ) ਵੈਰੀ ਦਲ ਨੂੰ ਮਾਰ ਸੁੱਟਾਂਗੀਆਂ॥੧੯੭॥

**ਸਵੈਯਾ॥**

**ਕਾਲੀ ਅਉ ਕੇਹਰਿ ਸੰਗਿ ਲੈ ਚੰਡਿ ਸੁਘੇਰੇ ਸਬੈ ਬਨ ਜੈਸੇ ਦਵਾ ਪੈ॥**
**ਚੰਡਿ ਕੇ ਬਾਨਨ ਤੇਜ ਪ੍ਰਭਾਵ ਤੇ ਦੈਤਜ ਜਰੇ ਜੈਸੇ ਈਟ ਅਵਾ ਪੈ॥**
**ਕਾਲਿਕਾ ਸ੍ਰੌਨ ਪਿਯੋ ਤਿਨ ਕੋ ਕਵਿ ਨੇ ਮਨ ਮੈ ਲਿਯੋ ਭਾਉ ਭਵਾਪੈ॥**
**ਮਾਨਹੁ ਸਿੰਧੁ ਕੋ ਨੀਰ ਸਬੈ ਮਿਲਿ ਧਾਇ ਕੈ ਜਾਇ ਪਰੇ ਹੈ ਤਵਾ ਪੈ॥੧੯੮॥**

***ਭਾਵਾਰਥ:–*** ਕਾਲਿਕਾ ਅਤੇ ਸ਼ੇਰ ਨੂੰ ਚੰਡਿਕਾ ਨਾਲ ਲੈ ਕੇ ਸਾਰੇ (ਦੈਂਤ) ਘੇਰ ਲਏ, ਜਿਵੇਂ ਜੰਗਲ ਵਿੱਚ (ਦਵਾ) ਅੱਗ ਘੇਰਦੀ ਹੈ। ਚੰਡਿਕਾ ਦੇ ਤੀਰਾਂ ਦੇ ਤੇਜ ਪ੍ਰਭਾਵ ਤੋਂ ਦੈਂਤ ਇਓਂ ਸੜਦੇ ਨੇ, ਜਿਵੇਂ (ਅਵਾ) ਆਵੇ ਵਿੱਚ ਇੱਟਾਂ। ਕਾਲਿਕਾ ਨੇ ਉਨ੍ਹਾਂ ਦਾ ਲਹੂ ਪੀਤਾ ਕਵੀ ਨੇ ਮਨ ਵਿੱਚ ਭਾਵ (ਭਵਾਪੈ) ਪੈਦਾ ਕਰ ਲਿਆ। ਮਾਨੋ ਕਿ ਸਾਰੇ ਸਮੁੰਦਰ ਦਾ ਪਾਣੀ ਮਿਲ ਕੇ ਦੌੜ ਕੇ ਤਵੇ (ਬੜਵਾਨਨ ਦੇ ਗੜਾੜ) ’ਤੇ ਜਾ ਪੈਂਦਾ ਹੈ॥੧੯੮॥

**ਚੰਡਿ ਹਨੇ ਅਰੁ ਕਾਲਿਕਾ ਕੋਪ ਕੈ ਸ੍ਰੌਨਤ ਬਿੰਦਨ ਸੋਂ ਇਹ ਕੀਨੋ॥**
**ਖਗ ਸੰਭਾਰਿ ਹਕਾਰ ਤਬੈ ਕਿਲਕਾਰ ਬਿਦਾਰ ਸਭੈ ਦਲੁ ਦੀਨੋ॥**
**ਆਮਿਖ ਸ੍ਰੌਨ ਅਚਜੋ ਬਹੁ ਕਾਲਿਕਾ ਤਾ ਛਬਿ ਮੈ ਕਵਿ ਯੌ ਮਨ ਚੀਨੋ॥**
**ਮਾਨੁ ਛੁਧਾਤੁਰ ਹ੍ਵੈ ਕੈ ਮਨੁਛ ਸੁ ਸਾਲਨ ਲਾਸਹਿ ਸੋ ਬਹੁ ਪੀਨੋ॥੧੯੯॥**

***ਭਾਵਾਰਥ:–*** ਚੰਡਿਕਾ ਮਾਰਦੀ ਹੈ ਅਤੇ ਕਾਲਿਕਾ ਨੇ ਕ੍ਰੋਧ ਕਰ ਕੇ ਸ੍ਰੋਣਤ ਵੀਰਜਾਂ ਨਾਲ ਇੱਕ ਕੌਤਕ ਕੀਤਾ ਕਿ ਉਦੋਂ (ਖਗ) ਤੇਗ ਸੰਭਾਲ ਵੰਗਾਰ ਕੇ ਕਿਲਕ ਮਾਰ ਕੇ ਸਾਰਾ ਦਲ (ਬਿਦਾਰ) ਨਾਸ ਕਰ

ਦਿੱਤਾ। ਕਾਲਿਕਾ ਨੇ ਬਹੁਤਾ (ਆਮਿਖ) ਮਾਸ ਅਤੇ (ਸ੍ਰੋਨ) ਲਹੂ ਪੀਤਾ ਕਵੀ ਦਾ ਮਨ ਓਸ (ਛਬਿ ਮੈ) ਉਪਮਾ-ਮਈ (ਹੋਇਆ ਹੋਇਆ) ਇਓਂ (ਚੀਨੋ) ਸਮਝੋ। ਮਾਨੋ ਕਿ ਮਨੁੱਖ ਨੇ (ਛੁਧਾਤੁਰ) ਭੁੱਖ ਨਾਲ ਦੁਖੀ ਹੋ ਕੇ (ਸੁ) ਉੱਤਮ (ਸਾਲਨ) ਸਲੂਣਾ ਭਾਵ ਰਿੱਧਾ ਮਾਸ (ਲਾਸਹਿ) ਤਰੀ ਦੇ ਨਾਲ ਬਹੁਤ ਪੀਤਾ ਹੈ॥੧੬੯॥

**ਸਵੈਯਾ॥**

**ਜੁੱਧ ਰਕਤ੍ਰ ਬੀਜ ਕਰਯੋ ਧਰਨੀ ਪਰ ਯੌਂ ਸੁਰ ਦੇਖਤ ਸਾਰੇ॥**
**ਜੇਤਕ ਸ੍ਰੌਨ ਕੀ ਬੂੰਦ ਗਿਰੈ ਉਠ ਤੇਤਕ ਰੂਪ ਅਨੇਕਹਿ ਧਾਰੇ॥**
**ਜੁਗਨਿ ਆਨ ਫਿਰੀ ਚਹੁੰ ਓਰ ਤੇ ਸੀਸ ਜਟਾ ਕਰ ਖੱਪਰ ਭਾਰੇ॥**
**ਸ੍ਰੌਣਤ ਬੂੰਦ ਪਰੈ ਅਚਵੈ ਸਭ ਖੱਗ ਲੈ ਚੰਡਿ ਪ੍ਰਚੰਡ ਸੰਘਾਰੇ॥੧੭੦॥**

***ਭਾਵਾਰਥ:-*** ਜ਼ਮੀਨ ਤੇ (ਰਕਤ੍ਰ ਬੀਜ) ਸ੍ਰੋਣਤ ਵੀਰਜ ਨੇ ਜੋ ਜੰਗ ਕੀਤਾ ਸੀ, (ਉਹ) ਸਾਰੇ ਹੀ ਦੇਵਤੇ ਵੇਖਦੇ ਸਨ। ਜਿੰਨੀਆਂ ਕੁ ਲਹੂ ਦੀਆਂ ਬੂੰਦਾਂ ਡਿੱਗਦੀਆਂ ਸਨ, ਓਨੇ ਕੁ ਅਨੇਕਾਂ ਰੂਪ ਧਾਰ ਕੇ (ਸ੍ਰੋਣਤ ਵੀਰਜ) ਉੱਠ ਪੈਂਦੇ ਸਨ। ਸਿਰ ਤੇ ਜਟਾਂ ਅਤੇ ਹੱਥਾਂ ਵਿੱਚ ਭਾਰੇ ਖੱਪਰ ਫੜ੍ਹ ਕੇ ਚਹੁੰਆਂ ਪਾਸਿਆਂ ਤੋਂ ਯੋਗਣੀਆਂ ਆ ਫਿਰੀਆਂ। ਜੋ ਲਹੂ ਦੀਆਂ ਬੂੰਦਾਂ (ਪਰੈ) ਡਿੱਗਦੀਆਂ, ਉਹ ਸਭ (ਅਚਵੈ) ਪੀਂਦੀਆਂ (ਜਾਂਦੀਆਂ) ਅਤੇ ਚੰਡਿਕਾ (ਪ੍ਰਚੰਡ) ਤੇਜ਼ (ਖੱਗ) ਖੜਗ ਲੈ ਕੇ ਮਾਰਦੀ ਜਾਂਦੀ ਹੈ॥੧੭੦॥

**ਕਾਲੀ ਅਉ ਚੰਡਿ ਕੁਵੰਡ ਸੰਭਾਰ ਕੈ ਦੈਤਜ ਸੋ ਜੁੱਧ ਨਿਸੰਗ ਸਜਯੋ ਹੈ॥**
**ਮਾਰ ਮਹਾ ਰਨ ਮਧਯ ਭਈ ਪਹਰੇਕ ਲਉ ਸਾਰ ਸੋ ਸਾਰ ਬਜਯੋ ਹੈ॥**
**ਸ੍ਰੌਨਤ ਬਿੰਦੁ ਗਿਰਯੋ ਧਰਨੀ ਪਰ ਯੌਂ ਅਸਿ ਸੋ ਅਰਿ ਸੀਸ ਭਜਯੋ ਹੈ॥**
**ਮਾਨੁ ਅਤੀਤ ਕਰਯੋ ਚਿਤ ਕੋ ਧਨਵੰਤ ਸਭੈ ਨਿਜ ਮਾਲ ਤਜਯੋ ਹੈ॥੧੭੧॥**

***ਭਾਵਾਰਥ:-*** ਕਾਲਿਕਾ ਅਤੇ ਚੰਡਿਕਾ ਨੇ (ਕੁਵੰਡ) ਧਨੁਸ਼ਾਂ ਨੂੰ ਸੰਭਾਲ ਕੇ ਦੈਂਤ ਨਾਲ ਨਿਰ-ਸੰਕੋਚ ਹੋ ਕੇ ਜੰਗ (ਸਜਿਓ) ਕੀਤਾ। ਜੰਗ ਵਿੱਚ ਅਤਿ ਮਾਰ ਪਈ (ਅੰਦਾਜ਼ਨ) ਇੱਕ ਪਹਿਰ ਕੁ ਤੱਕ (ਸਾਰ) ਲੋਹੇ ਨਾਲ ਲੋਹਾ ਖੜਕਿਆ। ਸ੍ਰੋਣਤ ਵੀਰਜ ਜ਼ਮੀਨ ਤੇ ਡਿੱਗ ਪਿਆ ਏਸੇ ਤਰ੍ਹਾਂ ਹੀ ਦੁਸ਼ਮਣਾਂ ਦਾ ਸਿਰ (ਭਜਿਓ) ਭੰਜਿਓ ਭਾਵ ਤੋੜ ਦਿੱਤਾ। ਮਾਨੋ ਕਿ ਧਨੀ ਨੇ ਚਿਤ ਨੂੰ (ਅਤੀਤ) ਨਿਰਾਲਾ ਕਰ ਕੇ ਆਪਣਾ ਸਾਰਾ ਹੀ ਮਾਲ (ਮਤਾਹ) ਛੱਡ ਦਿੱਤਾ ਹੈ॥੧੭੧॥

**ਸੋਰਠਾ॥**

**ਚੰਡੀ ਦਯੋ ਬਿਦਾਰ ਸ੍ਰਉਨ ਪਾਨ ਕਾਲੀ ਕਰਯੋ॥**
**ਛਿਨ ਮੈ ਡਾਰਯੋ ਮਾਰ ਸ੍ਰਉਨਤ ਬਿੰਦੁ ਦਾਨਵ ਮਹਾ॥੧੭੨॥**

***ਭਾਵਾਰਥ:-*** ਚੰਡਿਕਾ ਨੇ (ਬਿਦਾਰ) ਮਾਰ ਦਿੱਤਾ ਅਤੇ ਕਾਲਿਕਾ ਨੇ ਲਹੂ ਪੀਣ ਕੀਤਾ। ਛਿਨ ਮਾਤ੍ਰ ਵਿੱਚ ਹੀ ਸ੍ਰੋਣਤ ਵੀਰਜ ਮਹਾਂ ਦੈਂਤ ਮਾਰ ਸੁੱਟਿਆ ਗਿਆ॥੧੭੨॥

**ਇਤਿ ਸ੍ਰੀ ਮਾਰਕੰਡੇ ਪੁਰਾਨੇ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ ਰਕਤ ਬੀਜ ਬਧਹਿ ਨਾਮ ਪੰਚਮੋ ਧਯਾਇ ਸਮਾਪਤ ਮਸਤੁ ਸੁਭ ਮਸਤੁ॥੫॥**

***ਭਾਵਾਰਥ:–*** ਏਥੇ ਸੁੰਦਰ ਮਾਰਕੰਡੇ ਪੁਰਾਣ ਵਿੱਚੋਂ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ ਵਿੱਚੋਂ (ਰਕਤ ਬੀਜ) ਸ੍ਰੋਣਤ ਵੀਰਜ ਨੂੰ (ਬਧਹਿ) ਮਾਰਨ ਦਾ ਨਾਮ ਪ੍ਰਸਿੱਧ ਪੰਜਵਾਂ ਅਧਿਆਇ ਸਮਾਪਤ ਹੋਇਆ ਹੈ॥੫॥

**ਸਵੈਯਾ॥**

**ਤੁੱਛ ਬਚੇ ਭਜ ਕੈ ਰਨ ਤਯਾਗ ਕੈ ਸੁੰਭ ਨਿਸੁੰਭ ਪੈ ਜਾਇ ਪੁਕਾਰੇ॥**
**ਸ੍ਰੌਨਤ ਬੀਜ ਹਨਯੋ ਦੁਹੂੰ ਨੇ ਮਿਲਿ ਔਰ ਮਹਾਂ ਭਟ ਮਾਰ ਬਿਦਾਰੇ॥**
**ਯੌਂ ਸੁਨਿ ਕੈ ਉਨਿ ਕੇ ਮੁਖ ਤੇ ਤਬ ਬੋਲਿ ਉਠਯੋ ਕਰ ਖੱਗ ਸੰਭਾਰੇ॥**
**ਯੌਂ ਹਨਿ ਹੌਂ ਬਰ ਚੰਡਿ ਪ੍ਰਚੰਡਿ ਅਜਾ ਬਨ ਮੈ ਜਿਮ ਸਿੰਘ ਪਛਾਰੇ॥੧੭੩॥**

***ਭਾਵਾਰਥ:–*** (ਤੁੱਛ) ਥੋੜ੍ਹੇ ਜਿਹੇ (ਦੈਂਤ) ਜੰਗ ਨੂੰ ਛੱਡ ਕੇ ਜੋ ਬਚੇ ਸਨ, ਉਹ ਸੁੰਭ ਨਿਸੁੰਭ ਪਾਸ ਜਾ ਪੁਕਾਰੇ ਕਿ (ਕਾਲਿਕਾ ਅਤੇ ਚੰਡਿਕਾ) ਦੋਹਾਂ ਨੇ ਮਿਲ ਕੇ ਸ੍ਰੋਣਤ ਵੀਰਜ ਨੂੰ ਮਾਰ ਦਿੱਤਾ ਅਤੇ ਹੋਰ ਵੀ ਵੱਡੇ ਵੱਡੇ ਯੋਧੇ ਮਾਰ ਸੁੱਟੇ ਹਨ। ਉਹਨਾਂ ਦਿਆਂ ਮੂੰਹਾਂ ਤੋਂ ਇਓਂ ਸੁਣ ਕੇ (ਨਿਸੁੰਭ) ਹੱਥ ਵਿੱਚ ਤੇਗ ਸੰਭਾਲ ਕੇ ਬੋਲ ਉੱਠਿਆ। ਕਿ (ਬਰ) ਸ੍ਰੇਸ਼ਟ ਤੇਜਮਈ ਚੰਡਿਕਾ ਨੂੰ ਮੈਂ ਇਓਂ ਮਾਰਾਂਗਾ ਜਿਵੇਂ (ਅਜਾ) ਬੱਕਰੀ ਨੂੰ ਜੰਗਲ ਵਿੱਚ ਸ਼ੇਰ (ਪਛਾਰੇ) ਮਾਰ ਸੁੱਟਦਾ ਹੈ॥੧੭੩॥

**ਦੋਹਰਾ॥**

**ਸਕਲ ਕਟਕ ਕੇ ਭਟਨ ਕੋ ਦਯੋ ਜੁੱਧ ਕੋ ਸਾਜ॥**
**ਸਸਤ੍ਰ ਪਹਰ ਕੈ ਇਉਂ ਕਹਯੋ ਹਨਿਹੌਂ ਚੰਡਿਹਿ ਆਜ॥੧੭੪॥**

***ਭਾਵਾਰਥ:–*** (ਸੁੰਭ ਨਿਸੁੰਭ ਨੇ) (ਕਟਕ) ਫ਼ੌਜ ਦਿਆਂ ਸਾਰਿਆਂ ਸੂਰਮਿਆਂ ਨੂੰ ਜੰਗ ਦਾ ਸਾਜ (ਸਮਾਨ) ਦਿੱਤਾ ਅਤੇ ਆਪ ਵੀ ਸ਼ਸਤਰ ਪਹਿਨ ਕੇ ਇਓਂ ਕਿਹਾ ਕਿ ਚੰਡਿਕਾ ਨੂੰ ਅੱਜ ਹੀ ਮਾਰਾਂਗਾ।੧੭੪॥

**ਸਵੈਯਾ॥**

**ਕੋਪ ਕੈ ਸੁੰਭ ਨਿਸੁੰਭ ਚਢੇ ਧੁਨਿ ਦੁੰਦਭਿ ਕੀ ਦਸਹੂੰ ਦਿਸ ਧਾਈ॥**
**ਪਾਇਕ ਅਗ੍ਰ ਭਏ ਮਧਿ ਬਾਜਿ ਰਥੀ ਰਥ ਸਾਜ ਕੈ ਪਾਂਤਿ ਬਨਾਈ॥**
**ਮਾਤੇ ਮਤੰਗ ਕੇ ਪੁੰਜਨ ਊਪਰਿ ਸੁੰਦਰ ਤੁੰਗ ਧੁਜਾ ਫਹਰਾਈ॥**
**ਸਕ੍ਰ ਸੋ ਜੁੱਧ ਕੇ ਹੇਤ ਮਨੋ ਧਰਿ ਛਾਡਿ ਸਪੱਛ ਉਡੇ ਗਿਰਿਰਾਈ॥੧੭੫॥**

***ਭਾਵਾਰਥ:–*** ਸੁੰਭ ਅਤੇ ਨਿਸੁੰਭ ਕ੍ਰੋਧ ਕਰ ਕੇ ਚੜ੍ਹ ਪਏ (ਦੁੰਦਭਿ) ਨਗਾਰਿਆਂ ਦੀ ਆਵਾਜ਼ (ਦਸਹੂੰ ਦਿਸ) ਸਾਰੀ ਪਾਸੀਂ (ਧਾਈ) ਫੈਲ ਗਈ। (ਪਾਇਕ) ਪੈਦਲ ਫ਼ੌਜ ਅੱਗੇ ਹੋਏ, ਵਿਚਕਾਰ (ਬਾਜਿ) ਘੋੜ ਸਵਾਰ ਹੋਏ ਅਤੇ ਰਥੀਆਂ ਨੇ ਰਥ ਸਜਾ ਕੇ ਪਿੱਛੇ (ਪਾਂਤਿ) ਕਤਾਰ ਬਣਾ ਲਈ। ਮਸਤ

(ਮਤੰਗ) ਹਾਥੀਆਂ ਦਿਆਂ (ਪੁੰਜਨ) ਸਮੂਹਾਂ ਜਾਂ ਜਥਿਆਂ ਤੇ ਸੋਹਣੀਆਂ ਅਤੇ (ਤੁੰਗ) ਉੱਚੀਆਂ ਧ੍ਵਜਾ (ਫਹਰਾਈ) ਝੁਲਾ ਲਈਆਂ। ਮਾਨੋ ਕਿ (ਸਕ੍ਰ) ਇੰਦਰ ਨਾਲ ਜੰਗ ਦੇ (ਹੇਤ) ਵਾਸਤੇ (ਸਪੱਛ) ਖੰਭਾਂ ਵਾਲੇ ਅਤੇ (ਗਿਰਿ ਰਾਈ) ਵੱਡੇ-ਵੱਡੇ ਪਹਾੜ ਜ਼ਮੀਨ ਨੂੰ ਛੱਡ ਕੇ ਭਾਵ ਆਕਾਸ਼ ਵਿੱਚ ਉਡੇ ਹਨ॥੧੭੫॥

**ਦੋਹਰਾ॥**

**ਸੁੰਭ ਨਿਸੁੰਭ ਬਨਾਇ ਦਲੁ ਘੇਰਿ ਲਯੋ ਗਿਰਿਰਾਜ॥**
**ਕਵਚ ਅੰਗ ਕਸਿ ਕੋਪ ਕਰਿ ਉਠੇ ਸਿੰਘ ਜਯੋਂ ਗਾਜ॥੧੭੬॥**

***ਭਾਵਾਰਥ:-*** ਸੁੰਭ ਅਤੇ ਨਿਸੁੰਭ ਨੇ ਫ਼ੌਜ ਸਜਾ ਕੇ (ਗਿਰਿਰਾਜ) ਕੈਲਾਸ਼ ਪਰਬਤ ਨੂੰ ਘੇਰ ਲਿਆ। ਸਰੀਰਾਂ ਵਿੱਚ (ਕਵਚ) ਸੰਜੋਅ (ਕਸਿ) ਸਜਾ ਕੇ ਗੁੱਸਾ ਕਰ ਕੇ ਸ਼ੇਰ ਵਾਂਗ ਗੱਜ ਉੱਠੇ॥੧੭੬॥

**ਸਵੈਯਾ॥**

**ਸੁੰਭ ਨਿਸੁੰਭ ਸੁ ਬੀਰ ਬਲੀ ਮਨ ਕੋਪ ਭਰੇ ਰਨ ਭੂ ਮਹਿ ਆਏ॥**
**ਦੇਖਨ ਮੈ ਸੁਭ ਅੰਗ ਉਤੰਗ ਤੁਰਾ ਕਰਿ ਤੇਜ ਧਰਾ ਪਰ ਧਾਏ॥**
**ਧੂਰਿ ਉਡੀ ਤਬ ਤਾ ਛਿਨ ਮੈ ਤਿਹ ਕੇ ਕਨਕਾ ਪਗ ਸੋਂ ਲਪਟਾਏ॥**
**ਠੌਰ ਅਡੀਠਿ ਕੇ ਜੈ ਕਰਬੇ ਕਹਿ ਤੇਜ ਮਨੋ ਮੁਨਿ ਸੀਖਨ ਆਏ॥੧੭੭॥**

***ਭਾਵਾਰਥ:-*** ਸੁੰਭ ਨਿਸੁੰਭ ਚੰਗੇ ਬਲੀ ਯੋਧੇ ਮਨ ਵਿੱਚ ਗੁੱਸਾ ਵਿੱਚ ਭਰ ਕੇ ਜੰਗੇ ਮੈਦਾਨ ਵਿੱਚ ਆ ਗਏ। ਵੇਖਣ ਵਿੱਚ ਸੋਹਣੇ (ਉਤੰਗ) ਉੱਚੇ (ਅੰਗ) ਸਰੀਰਾਂ ਵਾਲੇ ਸਨ, (ਤੁਰਾ) ਘੋੜੇ ਤੇਜ਼ ਕਰ ਕੇ ਜ਼ਮੀਨ ’ਤੇ ਦੌੜੇ। ਉਦੋਂ ਉਸੇ ਹੀ ਵੇਲੇ ਧੂੜ ਉੱਡੀ ਸੀ ਅਤੇ ਉਹਦੇ (ਕਨਕਾ) ਤ੍ਰਿਸਰੇਣੁ ਪੈਰਾਂ ਨੂੰ ਚੰਬੜੇ ਹੋਏ ਸਨ। (ਮਨੋ) ਮਾਨੋ ਕਿ ਮੁਨੀ ਜਨ (ਠਉਰ ਅਡੀਠਿ) ਦਸਮ ਦ੍ਵਾਰ ਭਾਵ ਬ੍ਰਹਮ ਲੋਕ ਨੂੰ ਜੈ ਕਰਨ ਵਾਸਤੇ (ਤੇਜ) ਬ੍ਰਹਮ ਵ੍ਰਿਤੀ (ਯੋਗਾ ਅਰਥਾਤ ਹਰੀ ਭਜਨ ਦੀ ਕਿਰਿਆ) ਸਿੱਖਣ ਵਾਸਤੇ ਆਏ ਹੋਣ॥੧੭੭॥

**ਦੋਹਰਾ॥**

**ਚੰਡਿ ਕਾਲਿਕਾ ਸ੍ਰਵਨ ਮੈ ਤਨਿਕ ਭਨਕ ਸੁਨਿ ਲੀਨ॥**
**ਉਤਰਿ ਸ੍ਰਿੰਗ ਗਿਰਿਰਾਜ ਤੇ ਮਹਾ ਕੁਲਾਹਲਿ ਕੀਨ॥੧੭੮॥**

***ਭਾਵਾਰਥ:-*** ਚੰਡੀ ਅਤੇ ਕਾਲਿਕਾ ਨੇ (ਤਨਕ) ਥੋੜ੍ਹੇ ਮਾਤ੍ਰ ਹੀ (ਭਨਕ) ਆਵਾਜ਼ ਅਥਵਾ ਧ੍ਵਨੀ ਕੰਨੀਂ ਸੁਣ ਲਈ। (ਗਿਰਿਰਾਜ) ਕੈਲਾਸ਼ ਦੀ (ਸ੍ਰਿੰਗ) ਚੋਟੀ ਤੋਂ ਉੱਤਰ ਕੇ ਮਹਾਂ (ਕੁਲਾਹਲਿ) ਸ਼ੋਰ ਕੀਤਾ॥੧੭੮॥

**ਸਵੈਯਾ॥**

**ਆਵਤ ਦੇਖਿ ਕੈ ਚੰਡਿ ਪ੍ਰਚੰਡ ਕੋ ਕੋਪ ਕਰਯੋ ਮਨ ਮੈ ਅਤਿ ਦਾਨੋ॥**
**ਨਾਸ ਕਰੋ ਇਹ ਕੋ ਛਿਨ ਮੈ ਕਰਿ ਬਾਨ ਸੰਭਾਰ ਬਡੋ ਧਨੁ ਤਾਨੋ॥**

**ਕਾਲਿ ਕੇ ਬੱਕ੍ਰ ਬਿਲੋਕਨਿ ਤੇ ਸੁ ਉਠ੍ਯੋ ਮਨ ਮੈ ਭ੍ਰਮ ਜਯੋਂ ਜਮ ਜਾਨੋ॥**
**ਬਾਨ ਸਮੂਹ ਚਲਾਇ ਦਏ ਕਿਲਕਾਰ ਉਠ੍ਯੋ ਜੁ ਪ੍ਰਲੈ ਘਨ ਮਾਨੋ॥੧੭੯॥**

***ਭਾਵਾਰਥ:–*** ਚੰਡਿਕਾ ਨੂੰ (ਪ੍ਰਚੰਡ) ਤਿੱਖੇ ਆਉਂਦਿਆਂ ਵੇਖ ਕੇ (ਦਾਨੋ) ਦੈਂਤਾਂ ਨੇ ਮਨ ਵਿੱਚ ਬਹੁਤ ਕ੍ਰੋਧ ਕੀਤਾ। ਏਸ ਨੂੰ ਛਿਨ ਵਿੱਚ ਹੀ ਨਾਸ ਕਰ ਦਿਆਂਗੇ ਸਮਝ ਕੇ ਹੱਥਾਂ ਵਿੱਚ ਤੀਰ ਸੰਭਾਲ ਕੇ ਵੱਡਾ ਧਨੁਸ਼ ਤਾਣ ਲਿਆ। (ਜਾਨੋ) ਮਾਨੋ ਕਿ ਕਾਲਿਕਾ ਦੀ (ਬਕ੍ਰ ਬਿਲੋਕਨਿ) ਕਰੂਰ ਦ੍ਰਿਸ਼ਟੀ ਅਥਵਾ ਟੇਢੀ ਨਿਗ੍ਹਾ ਨਾਲ ਹੀ (ਸੁੰਭ ਨਿਸੁੰਭ ਦੇ) ਮਨ ਵਿੱਚ ਯਮਰਾਜ (ਕਾਲ) ਵਾਂਗ (ਭ੍ਰਮ) ਝੌਲਾ ਪਿਆ। ਤਾਂ ਸਾਰੇ ਬਾਣ ਚਲਾ ਦਿੱਤੇ ਮਾਨੋ ਕਿ ਪਰਲਯ ਦੇ (ਘਨ) ਬੱਦਲ ਵਾਂਗ (ਕਿਲਕਾਰ) ਗੱਜ ਉੱਠੇ॥੧੭੯॥

**ਬੈਰਨ ਕੇ ਘਨ ਸੇ ਦਲ ਪੈਠਿ ਲਯੋ ਕਰ ਮੈ ਧਨੁ ਸਾਇਕੁ ਐਸੇ॥**
**ਸ੍ਯਾਮ ਪਹਾਰ ਸੇ ਦੈਤਜ ਹਨੇ ਤਮ ਜੈਸਿ ਹਰੇ ਰਵਿ ਕੀ ਕਿਰਨੈ ਸੇ॥**
**ਭਾਜ ਗਈ ਧੁਜਨੀ ਡਰਿ ਕੈ ਕਬਿ ਕੋਊ ਕਹੈ ਤਿਹ ਕੀ ਛਬਿ ਕੈਸੇ॥**
**ਭੀਮ ਕੋ ਸ੍ਰੋਨ ਭਰਯੋ ਮੁਖ ਦੇਖਿ ਕੈ ਛਾਡਿ ਚਲੇ ਰਨ ਕਉਰਉ ਜੈਸੇ॥੧੮੦॥**

***ਭਾਵਾਰਥ:–*** ਵੈਰਨ ਦੇ (ਘਨ) ਬੱਦਲ ਵਰਗੇ ਦਲ ਵਿੱਚ (ਪੈਠਿ) ਧਸ ਕੇ ਹੱਥ ਵਿੱਚ ਇਓਂ ਧਨੁਸ਼ (ਸਾਇਕੁ) ਬਾਣ ਲਿਆ। ਕਾਲੇ ਪਹਾੜਾਂ ਵਰਗੇ ਦੈਂਤ ਮਾਰੇ, ਜਿਸ ਤਰ੍ਹਾਂ (ਰਵਿ) ਸੂਰਜ ਦੀਆਂ ਕਿਰਨਾਂ (ਤਮ) ਹਨ੍ਹੇਰਾ ਨਾਸ ਕਰਦੀਆਂ ਹਨ। ਸਾਰੀ ਹੀ (ਧੁਜਨੀ) ਝੰਡਿਆਂ ਵਾਲੀ ਫ਼ੌਜ ਡਰ ਕੇ ਭੱਜ ਗਈ, ਕੌਣ ਕਵੀ ਓਸ ਦੀ ਸ਼ੋਭਾ ਨੂੰ ਕਹੇਗਾ ਕਿ ਉਹ ਕੈਸੀ ਹੈ? ਜਿਸ ਤਰ੍ਹਾਂ ਕਿ ਭੀਮ ਸੈਨ ਦਾ (ਸ੍ਰਉਨ ਭਰਿਓ) ਲਹੂ ਨਾਲ ਭਰਿਆ ਭਾਵ ਗੁੱਸੇ ਵਿੱਚ ਲਾਲ ਹੋਇਆ ਮੂੰਹ ਵੇਖ ਕੇ ਜੰਗ ਨੂੰ ਕੌਰਵ ਛੱਡ ਚੱਲੇ ਸਨ॥੧੮੦॥

**ਕਬਿਤੁ॥**
**ਆਗਯਾ ਪਾਇ ਸੁੰਭ ਕੀ ਸੁ ਮਹਾ ਬੀਰ ਧੀਰ ਜੋਧੇ**
**ਆਇ ਚੰਡਿ ਊਪਰ ਸੁ ਕ੍ਰੋਧ ਕੈ ਬਨੀ ਠਨੀ॥**
**ਚੰਡਿਕਾ ਲੈ ਬਾਨ ਅਉ ਕਮਾਨ ਕਾਲੀ ਕ੍ਰਿਪਾਨ**
**ਛਿਨ ਮਧਯ ਕੈ ਕੈ ਬਲ ਸੁੰਭ ਕੀ ਹਨੀ ਅਨੀ॥**
**ਡਰ ਤਜਿ ਖੇਤ ਮਹਾ ਪ੍ਰੇਤ ਕੀਨੇ ਬਾਨਨ ਸੋਂ**
**ਬਿਚਲ ਬਿਥਰ ਐਸੇ ਭਾਜਗੀ ਅਨੀ ਕਨੀ॥**
**ਜੈਸੇ ਬਾਰੂ ਥਲ ਮੈ ਸਬੂਹ ਬਹੇ ਪਉਨ ਹੂੰ ਕੇ**
**ਧੂਰਿ ਉਡਿ ਚਲੇ ਹ੍ਵੈ ਕੈ ਕੋਟਿਕ ਕਨੀ ਕਨੀ॥੧੮੧॥**

***ਭਾਵਾਰਥ:–*** ਮਹਾਨ (ਬੀਰ) ਬਹਾਦਰ, ਧੀਰਜ ਵਾਲੇ ਯੋਧੇ ਸੁੰਭ ਦੀ ਆਗਿਆ ਪਾ ਕੇ, ਚੰਡਿਕਾ ਦੇ ਉੱਤੇ ਬਣ ਠਣ ਕੇ ਕ੍ਰੋਧ ਕਰ ਕੇ ਆ ਗਏ। ਚੰਡਿਕਾ ਤੀਰ ਕਮਾਨ ਲੈ ਕੇ ਅਤੇ ਕਾਲਿਕਾ ਤਲਵਾਰ ਲੈ ਕੇ ਛਿਨ ਵਿੱਚ ਜ਼ੋਰ ਕਰਕੇ ਸੁੰਭ ਦੀ (ਅਨੀ) ਫ਼ੌਜ ਮਾਰ ਦਿੱਤੀ। ਮੈਦਾਨ (ਜੰਗ) ਵਿੱਚੋਂ (ਡਰਤ)

ਡਰ ਕੇ ਭੱਜ ਗਏ (ਕਈਆਂ ਨੇ) ਤੀਰਾਂ ਨਾਲ ਬਹੁਤੇ (ਪ੍ਰੇਤ) ਮਾਰ ਦਿੱਤੇ, (ਬਿਚਲ) ਹਿਲਜੁਲ ਕੇ ਖਿੱਲਰ ਕੇ ਐਉਂ (ਅਨੀਕਨੀ) ਫ਼ੌਜ ਭੱਜ ਗਈ। ਜਿਵੇਂ (ਬਾਰੂ) ਰੇਤ ਦੇ ਥਲ ਵਿੱਚ (ਸਬੂਹ ਪਉਨ) ਹਨ੍ਹੇਰੀ ਚੱਲਣ ਨਾਲ, ਧੂੜੀ ਭਾਵ ਰੇਤ ਦੇ ਕਰੋੜਾਂ ਹੀ ਕਣ ਕਣੀ-ਕਣੀ ਹੋ ਕੇ ਉੱਡ ਚੱਲਦੇ ਹਨ॥੧੯੧॥

**ਸਵੈਯਾ॥**

**ਖੱਗ ਲੈ ਕਾਲਿ ਅਉ ਚੰਡਿ ਕੁਵੰਡ ਬਿਲੋਕ ਕੈ ਦਾਨਵ ਯੌਂ ਦਬਟੇ ਹੈਂ॥**
**ਕੇਤਕ ਚਾਬ ਗਈ ਮੁਖਿ ਕਾਲਿਕਾ ਕੇਤਿਨ ਕੇ ਸਿਰ ਚੰਡਿ ਕਟੇ ਹੈਂ॥**
**ਸ੍ਰੌਨਤ ਸਿੰਧੁ ਭਯੋ ਧਰ ਮੈ ਰਨ ਛਾਡਿ ਗਏ ਇਕ ਦੈਤਜ ਫਟੇ ਹੈਂ॥**
**ਸੁੰਭ ਪੈ ਜਾਇ ਕਹੀ ਤਿਨ ਯੌਂ ਬਹੁ ਬੀਰ ਮਹਾ ਤਿਹ ਠੌਰ ਲਟੇ ਹੈਂ॥੧੯੨॥**

***ਭਾਵਾਰਥ:-*** ਕਾਲਿਕਾ ਨੇ ਖੜਗ ਅਤੇ ਚੰਡਿਕਾ (ਕੁਵੰਡ) ਧਨੁਸ਼ ਲਿਆ ਹੋਇਆ ਹੈ ਦੈਂਤ ਵੇਖ ਕੇ ਇਓਂ ਹੀ ਦਬ ਗਏ ਹਨ। ਕਾਲਿਕਾ ਕਈਆਂ ਨੂੰ ਮੂੰਹ ਨਾਲ ਹੀ ਚੱਬ ਗਈ, ਕਈਆਂ ਦੇ ਚੰਡਿਕਾ ਨੇ ਸਿਰ ਵੱਢੇ। ਲਹੂ ਦਾ ਸਮੁੰਦਰ ਜ਼ਮੀਨ ਵਿੱਚ ਹੀ (ਭਯੋ) ਬਣ ਗਿਆ, (ਇਕ) ਕਈ ਦੈਂਤ (ਫਟੇ) ਜੰਗ (ਮੈਦਾਨ) ਛੱਡ ਗਏ ਅਤੇ ਕਈ ਜ਼ਖ਼ਮੀ ਹੋ ਗਏ। ਉਨ੍ਹਾਂ ਨੇ ਸੁੰਭ ਪਾਸ ਜਾ ਕੇ ਇਓਂ ਆਖੀ ਕਿ ਕਈ ਵੱਡੇ ਵੱਡੇ ਯੋਧੇ ਉਸੇ ਥਾਂ (ਲਟੇ) ਲੇਟ ਭਾਵ ਮਰ ਗਏ ਹਨ॥੧੯੨॥

**ਦੋਹਰਾ॥**

**ਦੇਖਿ ਭਯਾਨਕ ਜੁੱਧ ਕੋ ਕੀਨੋ ਬਿਸਨੁ ਬਿਚਾਰ॥**
**ਸਕਤਿ ਸਹਾਇਤ ਕੇ ਨਮਿਤ ਭੇਜੀ ਰਨਹਿ ਮੰਝਾਰ॥੧੯੩॥**

***ਭਾਵਾਰਥ:-*** ਸ੍ਰੀ ਵਿਸ਼ਨੂੰ ਜੀ ਨੇ ਭਿਆਨਕ ਜੰਗ ਨੂੰ ਵੇਖ ਕੇ ਮਨ ਵਿੱਚ ਵਿਚਾਰ (ਕੀਨੋ) ਕਰ ਕੇ (ਸਕਤਿ) ਚੰਡਿਕਾ ਦੀ ਸਹਾਇਤਾ ਦੇ ਵਾਸਤੇ (ਬਹੁਤੀਆਂ ਸ਼ਕਤੀਆਂ) ਜੰਗ ਵਿੱਚ ਭੇਜੀ॥੧੯੩॥

**ਸਵੈਯਾ॥**

**ਆਇਸ ਪਾਇ ਸਭੈ ਸਕਤੀ ਚਲਿ ਕੈ ਤਹ ਚੰਡਿ ਪ੍ਰਚੰਡ ਪੈ ਆਈ॥**
**ਦੇਵਿ ਕਹ੍ਯੋ ਤਿਨ ਕੋ ਕਰਿ ਆਦਰੁ ਆਈ ਭਲੇ ਜਨੁ ਬੋਲ ਪਠਾਈ॥**
**ਤਾ ਛਬਿ ਕੀ ਉਪਮਾ ਅਤਿ ਹੀ ਕਵਿ ਨੇ ਅਪਨੇ ਮਨ ਮੈ ਲਖਿ ਪਾਈ॥**
**ਮਾਨਹੁ ਸਾਵਨ ਮਾਸ ਨਦੀ ਚਲਿ ਕੈ ਜਲਰਾਸ ਮੈ ਆਨ ਸਮਾਈ॥੧੯੪॥**

***ਭਾਵਾਰਥ:-*** ਸਾਰੀਆਂ ਸ਼ਕਤੀਆਂ ਆਗਿਆ ਪਾ ਕੇ, ਚੱਲ ਕੇ ਓਥੇ ਤੇਜ਼ਮਈ ਚੰਡਿਕਾ ਦੇ ਪਾਸ ਆ ਗਈਆਂ। (ਦੇਵਿ) ਚੰਡਿਕਾ ਨੇ ਉਨ੍ਹਾਂ ਦਾ ਸਤਿਕਾਰ ਕਰ ਕੇ ਕਿਹਾ ਕਿ 'ਭਲੇ ਆਈ ਹੋ' (ਜਨੁ) ਸਮਝ ਲਉ ਕਿ (ਮੈਂ ਹੀ ਤੁਹਾਨੂੰ) ਬੁਲਾ ਭੇਜਿਆ ਹੈ। ਉਸ ਛਬਿ ਦੀ ਬਹੁਤ ਹੀ ਉਪਮਾ (ਮੈਂ) ਕਵੀ ਨੇ ਆਪਣੇ ਮਨ ਵਿੱਚ (ਇਓਂ) (ਲਖਿ ਪਾਈ) ਜਾਣੀ ਹੈ। ਮਾਨੋ ਕਿ ਸਾਵਣ ਦੇ ਮਹੀਨੇ ਦੀਆਂ ਨਦੀਆਂ ਤੁਰ ਕੇ (ਜਲਰਾਸਿ) ਸਾਗਰ ਵਿੱਚ ਆ (ਸਮਾਈ) ਮਿਲੀਆਂ ਹੋਣ॥੧੯੪॥

**ਸਵੈਯਾ॥**

**ਦੇਖਿ ਮਹਾਂ ਦਲੁ ਦੇਵਨ[1] ਕੋ ਬਰ ਬੀਰ ਸੁ ਸਾਮੁਹਿ ਜੁੱਧ ਕੋ ਧਾਏ॥**
**ਬਾਨਨ ਸਾਥਿ ਹਨੇ ਬਲੁ ਕੈ ਰਨ ਮੈ ਬਹੁ ਆਵਤ ਬੀਰ ਗਿਰਾਏ॥**
**ਦਾੜ੍ਹਨ ਸਾਥਿ ਚਬਾਇ ਗਈ ਕਲਿ ਔਰ ਗਹੇ ਚਹੁੰ ਓਰ ਬਗਾਏ॥**
**ਰਾਵਨ ਸੋ ਰਿਸ ਕੈ ਰਨ ਮੈ ਪਤਿ ਭਾਲੁਕ ਜਯੋਂ ਗਿਰਿਰਾਜ ਚਲਾਏ॥੧੯੫॥**

***ਭਾਵਾਰਥ:–*** ਦੇਵਤਿਆਂ (ਵਸ਼ਿਸ਼ਟ ਸ਼ਕਤੀਆਂ) ਦਾ ਮਹਾਨ ਦਲ ਵੇਖ ਕੇ, ਸ੍ਰੇਸ਼ਟ ਯੋਧੇ (ਦੈਂਤ) ਸਾਹਮਣੇ ਜੰਗ ਨੂੰ ਦੌੜੇ। (ਦੇਵਤਿਆਂ ਵਸ਼ਿਸ਼ਟ ਸ਼ਕਤੀਆਂ ਨੂੰ) ਤਾਕਤ ਨਾਲ ਤੀਰਾਂ ਨੂੰ (ਹਨੇ) ਚਲਾ ਕੇ ਆਉਂਦੇ ਹੀ ਬਹੁਤੇ ਯੋਧੇ (ਮਾਰ ਕੇ) ਡੇਗ ਲਏ। (ਕਲਿ) ਕਾਲਿਕਾ ਅਥਵਾ ਕਾਲ ਦੀ ਸ਼ਕਤੀ ਵਿਸ਼ੇਸ਼ ਅਰਥਾਤ ਨਾਰਦ ਦੀ ਇਸਤਰੀ ਦਾੜ੍ਹਾਂ ਨਾਲ ਹੀ ਚੱਬ ਗਈ, ਹੋਰ ਫੜ੍ਹ ਕੇ ਚੁਹੀਂ ਪਾਸੀਂ (ਬਗਾਏ) ਸੁੱਟ ਦਿੱਤੇ। ਜਿਵੇਂ ਕਿ (ਪਤਿਭਾਲੁਕ) ਰਿੱਛਾਂ ਦੇ ਸੁਆਮੀ ਜਾਂ ਜਾਮਵੰਤ ਨੇ ਮਨ ਵਿੱਚ ਰਾਵਣ ਨਾਲ ਕ੍ਰੋਧ ਕਰਕੇ (ਗਿਰਿਰਾਜ) ਵੱਡੇ ਵਡੇ ਪਹਾੜ ਚਲਾਏ ਸਨ॥੧੯੫॥

**ਫੇਰ ਲੈ ਪਾਨ ਕ੍ਰਿਪਾਨ ਸੰਭਾਰ ਕੈ ਦੈਤਨ ਸੋਂ ਬਹੁ ਜੁੱਧੁ ਕਰਯੋ ਹੈ॥**
**ਮਾਰ ਬਿਦਾਰ ਸੰਘਾਰ ਦਏ ਬਹੁ ਭੂਮਿ ਪਰੇ ਭਟ ਸ੍ਰੌਨ ਝਰਯੋ ਹੈ॥**
**ਗੂਦ ਬਹਯੋ ਅਰਿ ਸੀਸਨ ਤੇ ਕਵਿ ਨੇ ਤਿਹ ਕੋ ਇਹ ਭਾਉ ਧਰਯੋ ਹੈ॥**
**ਮਾਨੁ ਪਹਾਰ ਕੋ ਸ੍ਰਿੰਗਹੁ ਤੇ ਧਰਨੀ ਪਰ ਆਨ ਤੁਸਾਰ ਪਰਯੋ ਹੈ॥੧੯੬॥**

***ਭਾਵਾਰਥ:–*** (ਚੰਡਿਕਾ ਨੇ) ਫੇਰ ਹੱਥਾਂ ਵਿੱਚ ਸੰਭਾਲ ਕੇ ਤਲਵਾਰ (ਲੈ) ਫੜ੍ਹ ਕੇ ਦੈਂਤਾਂ ਨਾਲ ਬੜਾ ਜੰਗ ਕੀਤਾ। (ਮਾਰ) ਵਾਰ (ਬਿਦਾਰ) ਚਲਾ ਕੇ (ਸੰਘਾਰ) ਮਾਰ ਦਿੱਤੇ ਹੋਏ ਬਹੁਤੇ ਯੋਧੇ ਜ਼ਮੀਨ ਤੇ ਡਿੱਗੇ ਪਿਆਂ ਤੋਂ ਲਹੂ (ਝਰਿਓ) ਨਿਕਲਿਆ। ਅਤੇ ਵੈਰੀਆਂ ਦਿਆਂ ਸਿਰਾਂ ਤੋਂ (ਗੂਦ) ਮਿੱਝ ਵਗ ਪਈ ਹੈ, ਕਵੀ ਨੇ ਉਸ ਦਾ ਇਹ ਭਾਵ (ਅਲੰਕਾਰ) (ਧਰਿਓ) ਮੰਨਿਆ ਹੈ। ਮਾਨੋ ਕਿ ਪਹਾੜ ਦੀ ਚੋਟੀ ਤੋਂ ਹੀ ਜ਼ਮੀਨ ਤੇ (ਤੁਸਾਰ) ਬਰਫ ਆ ਪਈ ਹੋਵੇ੧੯੬॥

**ਦੋਹਰਾ॥**

**ਭਾਜ ਗਈ ਧੁਜਨੀ ਸਭੈ ਰਹਯੋ ਨ ਕਛੂ ਉਪਾਉ॥**
**ਸੁੰਭ ਨਿਸੁੰਭਹਿ ਸੋਂ ਕਹਯੋ ਦਲੁ ਲੈ ਤੁਮਹੂੰ ਜਾਉ[2]॥੧੯੭॥**

***ਭਾਵਾਰਥ:–*** ਸਾਰੀ (ਧੁਜਨੀ) ਫ਼ੌਜ ਭੱਜ ਗਈ, ਕੋਈ (ਉਪਾਉ) ਚਾਰਾ (ਬਾਕੀ) ਨਾ ਰਿਹਾ। ਸੁੰਭ (ਰਾਜਾ) ਨੇ ਨਿਸੁੰਭ (ਭਰਾ, ਮੰਤਰੀ) ਨੂੰ ਕਿਹਾ ਕਿ ਤੂੰ ਵੀ ਫ਼ੌਜ ਲੈ ਕੇ ਜਾਹ॥੧੯੭॥

---

[1] ਪ੍ਰਕਰਣਾਨੁਸਾਰ 'ਦੇਵਨ' ਇਸਤਰੀ ਲਿੰਗ ਵਾਚਕ ਸਿੱਧ ਹੁੰਦਾ ਹੈ। ਕਿਉਂਕਿ ਪਰਕਰਣ ਸ੍ਰੀ ਵਿਸ਼ਨੂੰ ਜੀ ਦੀਆਂ ਭੇਜੀਆਂ ਹੋਈਆਂ ਸ਼ਕਤੀਆਂ ਦਾ ਹੈ। 'ਸ੍ਰੀ ਸਰਬ ਲੋਹ ਗ੍ਰੰਥ' ਵਿਚ 'ਨੌਂ ਕਰੋੜ ਸ਼ਕਤੀਆਂ' ਸ੍ਰੀ ਭਗਵਾਨ ਜੀ ਦੀਆਂ ਲਿਖੀਆ ਹੋਈਆ ਹਨ।

[2] ਪਾਠ– ਜਾਹੁ

**ਸਵੈਯਾ॥**

**ਮਾਨ ਕੈ ਸੁੰਭੁ ਕੋ ਬੋਲ ਨਿਸੁੰਭੁ ਚਲਯੋ ਦਲ ਸਾਜ ਮਹਾ ਬਲ ਐਸੇ॥**
**ਭਾਰਥ ਜਯੋਂ ਰਨ ਮੈ ਰਿਸਿ ਪਾਰਥ ਕ੍ਰੁੱਧ ਕੈ ਜੁੱਧੁ ਕਰਯੋ ਕਰਨੈ ਸੇ॥**
**ਚੰਡਿ ਕੇ ਬਾਨ ਲਗੇ ਬਹੁ ਦੈਤਜ ਕੋ ਫੋਰਿ ਕੈ ਪਾਰ ਭਏ ਤਨ ਕੈਸੇ॥**
**ਸਾਵਨ ਮਾਸ ਕ੍ਰਿਸਾਨ ਕੇ ਖੇਤ ਉਗੇ ਮਨੁ ਧਾਨ ਕੇ ਅੰਕੁਰ ਜੈਸੇ॥੧੮੮॥**

***ਭਾਵਾਰਥ:–*** ਸੁੰਭ ਦਾ ਬਚਨ ਮੰਨ ਕੇ ਨਿਸੁੰਭ ਬਹੁਤ ਬਲਵਾਨ ਦਲ ਇਓਂ ਸਜਾ ਕੇ ਤੁਰਿਆ। ਜਿਵੇਂ ਮਹਾਂ ਭਾਰਤ ਦੇ ਜੰਗ ਵਿੱਚ (ਕਰਨੈ) ਕ੍ਰੋਧ ਕਰ ਕੇ (ਪਾਰਥ) ਅਰਜੁਨ ਨੇ ਜੰਗ ਕੀਤਾ ਸੀ। (ਨਿਸੁੰਭ) ਦੈਂਤ ਦੇ ਸਰੀਰ ਨੂੰ ਚੰਡਿਕਾ ਦੇ ਬਹੁਤ ਤੀਰ ਲੱਗੇ ਹੋਏ ਫੋੜ ਕੇ ਪਾਰ ਕਿਵੇਂ (ਇਵੇਂ) ਹੋਏ ਸਨ? (ਮਨੁ) ਮਾਨੋ ਕਿ ਜਿਵੇਂ (ਕ੍ਰਿਸਾਨ) ਜ਼ਿਮੀਂਦਾਰ ਦੇ ਖੇਤ ਵਿੱਚ ਸਾਵਣ ਦੇ ਮਹੀਨੇ ਵਿੱਚ ਧਾਨ (ਸਾਰੀਆਂ) ਦੇ ਬੂਟੇ ਤੇ (ਅੰਕੁਰ) ਅੰਗੂਰ ਉੱਗੇ ਹੋਏ ਹੋਣ॥੧੮੮॥

**ਸਵੈਯਾ॥**

**ਬਾਨਨ ਸਾਥ ਗਿਰਾਇ ਦਏ ਬਹੁਰੋ ਅਸਿ ਲੈ ਕਰਿ ਯੌਂ ਰਨ ਕੀਨੋ॥**
**ਮਾਰਿ ਬਿਦਾਰਿ ਦਈ ਧੁਜਨੀ ਸਭ ਦਾਨਵ ਕੋ ਬਲੁ ਹ੍ਵੈ ਗਯੋ ਛੀਨੋ॥**
**ਸ੍ਰੋਨ ਸਮੂਹ ਪਰਯੋ ਤਿਹ ਠੌਰ ਤਹਾਂ ਕਵਿ ਨੇ ਜਸੁ ਇਉ ਮਨ ਚੀਨੋ॥**
**ਸਾਤਹੁੰ ਸਾਗਰ ਕੋ ਰਚਿ ਕੈ ਬਿਧਿ ਆਠਵੋਂ ਸਿੰਧੁ ਕਰਯੋ ਹੈ ਨਵੀਨੋ॥੧੮੯॥**

***ਭਾਵਾਰਥ:–*** (ਚੰਡਿਕਾ ਨੇ ਦੈਂਤ) ਬਹੁਤ ਸਾਰੇ ਤੀਰਾਂ ਨਾਲ ਡੇਗ ਦਿੱਤੇ ਫੇਰ ਤਲਵਾਰ ਲੈ (ਕਰਿ) ਕੇ ਇਓਂ ਜੰਗ ਕੀਤਾ। ਸਾਰੀ (ਧੁਜਨੀ) ਫ਼ੌਜ ਮਾਰ ਕੇ ਨਾਸ ਕਰ ਦਿੱਤੀ, ਦੈਂਤ (ਨਿਸੁੰਭ) ਦਾ ਜ਼ੋਰ ਵੀ (ਛੀਨੋ) ਨਾਸ ਹੋ ਗਿਆ। ਓਸ ਸਾਰੀ ਥਾਂ ਵਿੱਚ ਲਹੂ ਹੀ ਲਹੂ ਪਿਆ ਹੋਇਆ ਸੀ, ਓਸ ਤੋਂ ਕਵੀ ਨੇ ਇਓਂ (ਜਸੁ) ਉਪਮਾ (ਚੀਨੋ) ਪਛਾਣੀ ਹੈ। ਕਿ (ਬਿਧਿ) ਬ੍ਰਹਮਾ ਨੇ ਸੱਤਾਂ ਹੀ ਸਮੁੰਦਰਾਂ ਨੂੰ ਰਚ ਕੇ ਅੱਠਵਾਂ ਨਵਾਂ (ਸਿੰਧੁ) ਸਮੁੰਦਰ ਕੀਤਾ ਹੈ॥੧੮੯॥

**ਲੈ ਕਰ ਮੈ ਅਸਿ ਚੰਡਿ ਪ੍ਰਚੰਡ ਸੁ ਕ੍ਰੁੱਧ ਭਈ ਰਨ ਮਧਜ ਲਰੀ ਹੈ॥**
**ਫੋਰ ਦਈ ਚਤੁਰੰਗ ਚਮੂ ਬਲੁ ਕੈ ਬਹੁ ਕਾਲਿਕਾ ਮਾਰ ਧਰੀ ਹੈ॥**
**ਰੂਪ ਦਿਖਾਇ ਭਯਾਨਕ ਯੌਂ ਅਸੁਰੰਪਤਿ ਭ੍ਰਾਤ ਕੀ ਕ੍ਰਾਂਤਿ ਹਰੀ ਹੈ॥**
**ਸ੍ਰੋਨ ਸੋਂ ਲਾਲ ਭਈ ਧਰਨੀ ਸੁ ਮਨੋ ਅੰਗ ਸੂਹਿ ਕੀ ਸਾਰਿ ਧਰੀ ਹੈ॥੧੯੦॥**

***ਭਾਵਾਰਥ:–*** ਚੰਡਿਕਾ ਹੱਥ ਵਿੱਚ (ਪ੍ਰਚੰਡ) ਤੇਜ਼ (ਅਸਿ) ਤਲਵਾਰ ਲੈ ਕੇ (ਸੁ ਕ੍ਰੁੱਧ) ਚੰਗੀ ਕ੍ਰੋਧਵਾਨ ਹੋ ਕੇ ਜੰਗ ਵਿੱਚ ਲੜੀ। ਚਾਰ ਤਰ੍ਹਾਂ ਦੀ (ਚਮੂ) ਫ਼ੌਜ (ਫੋਰ) ਤੋੜ ਫੋੜ ਦਿੱਤੀ ਤਾਕਤ ਨਾਲ ਕਾਲਿਕਾ ਨੇ (ਮਾਰ) ਵੱਢ (ਧਰੀ) ਪਾਈ। ਇਓਂ ਭਿਆਨਕ ਰੂਪ ਵਿਖਾ ਕੇ (ਅਸੁਰੰਪਤਿ ਭ੍ਰਾਤ) ਸੁੰਭ ਦੇ ਭਰਾ ਨਿਸੁੰਭ ਦੇ (ਕ੍ਰਾਂਤਿ) ਮੂੰਹ ਦੀ ਚਮਕ ਨਾਸ ਕਰ ਦਿੱਤੀ। (ਚੰਡਿਕਾ) ਲਹੂ ਨਾਲ ਲਾਲ ਹੋ ਗਈ, ਮਾਨੋ ਕਿ (ਧਰਨੀ) ਜ਼ਮੀਨ (ਰੂਪ ਇਸਤਰੀ) ਨੇ ਸਰੀਰ ਤੇ ਸੂਹੇ ਰੰਗ ਦੀ ਸਾੜ੍ਹੀ ਪਹਿਨੀ ਹੋਵੇ॥੧੯੦॥

**ਦੈਤਜ ਸੰਭਾਰਿ ਸਭੈ ਅਪਨੋ ਬਲੁ ਚੰਡਿ ਸੋ ਜੁੱਧੁ ਕੋ ਫੇਰਿ ਅਰੇ ਹੈਂ॥**
**ਆਯੁਧ ਧਾਰਿ ਲਰੇ ਰਨ ਯੌਂ ਜਨੁ ਦੀਪਕ ਮਧਜ ਪਤੰਗ ਪਰੇ ਹੈਂ॥**
**ਚੰਡਿ ਪ੍ਰਚੰਡ ਕੁਵੰਡ ਸੰਭਾਰ ਸਭੈ ਰਨ ਮਧਜ ਦੁ ਟੂਕ ਕਰੇ ਹੈਂ॥**
**ਮਾਨੁ ਮਹਾਂ ਬਨ ਮੈ ਬਰ ਬ੍ਰਿਛਨ ਕਾਟਿ ਕੈ ਬਾਢੀ ਜੁਦੈ ਕੈ ਧਰੇ ਹੈਂ॥੧੯੧॥**

***ਭਾਵਾਰਥ:–*** ਫੇਰ ਦੈਂਤ ਸਾਰੀ ਆਪਣੀ (ਬਲ) ਫ਼ੌਜ ਸੰਭਾਲ ਕੇ ਚੰਡਿਕਾ ਨਾਲ ਜੰਗ ਲਈ ਅੜ ਗਏ। ਸ਼ਸਤਰਧਾਰੀ ਜੰਗ ਵਿੱਚ ਇਓਂ ਲੜਦੇ ਹਨ (ਜਨੁ) ਮਾਨੋ ਕਿ ਦੀਵੇ ਵਿੱਚ ਪਤੰਗੇ ਡਿਗਦੇ ਹੋਣ। ਚੰਡਿਕਾ ਨੇ (ਪ੍ਰਚੰਡ) ਮਹਾਨ (ਕੁਵੰਡ) ਧਨੁਸ਼ ਸੰਭਾਲ ਕੇ ਜੰਗ (ਮੈਦਾਨ) ਵਿੱਚ ਸਾਰੇ ਹੀ (ਦੁ ਟੂਕ) ਦੋ–ਦੋ ਟੁਕੜੇ ਕਰ ਦਿੱਤੇ। (ਮਾਨੁ) ਮਾਨੋ ਕਿ ਵੱਡੇ ਜੰਗਲ ਵਿੱਚ ਚੰਗੇ ਦਰੱਖਤ (ਬਾਢਿ) ਤਰਖਾਣ ਨੇ ਜੁਦਾ ਕਰ ਕੇ ਰੱਖੇ ਹੋਣ॥੧੯੧॥

**ਸਵੈਯਾ॥**

**ਮਾਰ ਲਯੋ ਦਲੁ ਔਰ ਭਜਯੋ ਮਨ ਮੈ ਤਬ ਕੋਪ ਨਿਸੁੰਭ ਕਰਯੋ ਹੈ॥**
**ਚੰਡਿਕਾ ਸਾਮੁਹਿ ਆਨਿ ਅਰਯੋ ਅਤਿ ਜੁੱਧੁ ਕਰਯੋ ਪਗੁ ਨਾਹਿ ਟਰਯੋ ਹੈ॥**
**ਚੰਡਿ ਕਾ ਬਾਨ ਲਗਯੋ ਮੁਖ ਦੈਤ ਕੇ ਸ੍ਰੌਨ ਸਮੂਹ ਧਰਾਨ ਪਰਯੋ ਹੈ॥**
**ਮਾਨਹੁ ਰਾਹੁ ਗ੍ਰਸਯੋ ਨਭ ਭਾਨੁ ਸੁ ਸ੍ਰੌਨਤ ਕੋ ਅਤਿ ਬੌਨ ਕਰਯੋ ਹੈ॥੧੯੨॥**

***ਭਾਵਾਰਥ:–*** ਜਦੋਂ ਕੁਝ ਦਲ ਮਾਰ ਲਿਆ ਗਿਆ, (ਅਉਰ) ਬਾਕੀ ਭੱਜ ਗਿਆ ਤਾਂ ਨਿਸੁੰਭ ਨੇ ਮਨ ਵਿੱਚ ਬਹੁਤ ਕ੍ਰੋਧ ਕੀਤਾ। (ਅਤੇ) ਚੰਡਿਕਾ ਦੇ ਸਾਹਮਣੇ ਆ ਅੜਿਆ, ਮਹਾਨ ਜੰਗ ਕੀਤਾ, ਪੈਰ ਵੀ ਨਾ (ਪਿੱਛੇ) ਟਲਿਆ। ਚੰਡਿਕਾ ਦਾ ਤੀਰ ਦੈਂਤ (ਨਿਸੁੰਭ) ਦੇ ਮੂੰਹ ਵਿੱਚ ਲੱਗਾ ਤੇ (ਸਮੂਹ) ਬਹੁਤ ਲਹੂ ਜ਼ਮੀਨ ’ਤੇ ਡਿੱਗਾ। ਮਾਨੋ ਕਿ ਰਾਹੂ ਨੇ ਆਕਾਸ਼ ਵਿੱਚ (ਭਾਨੁ) ਸੂਰਜ ਨੂੰ (ਗ੍ਰਸਿਓ) ਫੜ੍ਹ ਲੈਣ ਤੋਂ (ਸੁ ਸ੍ਰਉਨਤ) ਲਹੂ ਦੀ ਮਹਾਂ (ਬਉਨ) ਉਪਰਛਲ ਕੀਤੀ ਹੋਈ ਹੋਵੇ॥੧੯੨॥

**ਸਾਂਗ ਸੰਭਾਰਿ ਕਰੰ ਬਲੁ ਧਾਰ ਕੈ ਚੰਡਿ ਦਈ ਰਿਪੁ ਭਾਲ ਮੈ ਐਸੇ॥**
**ਜੋਰ ਕੈ ਫੋਰ ਗਈ ਸਿਰਤ੍ਰਾਨ ਕੋ ਪਾਰ ਭਈ ਪਟ ਫਾਰਿ ਅਨੈਸੇ॥**
**ਸ੍ਰੌਨ ਕੀ ਧਾਰ ਚਲੀ ਪਥ ਊਰਧ ਸੋ ਉਪਮਾ ਸੁ ਭਈ ਕਹੁ ਕੈਸੇ॥**
**ਮਾਨੁ ਮਹੇਸ ਕੇ ਤੀਸਰਿ ਨੈਨ ਕੀ ਜੋਤਿ ਉਦੋਤਿ ਭਈ ਖੁਲਤੈ ਸੇ॥੧੯੩॥**

***ਭਾਵਾਰਥ:–*** ਚੰਡਿਕਾ ਨੇ ਹੱਥ ਵਿੱਚ (ਸਾਂਗ) ਬਰਛੀ ਸੰਭਾਲ ਕੇ (ਬਲੁ ਧਾਰ) ਜ਼ੋਰ ਲਾ ਕੇ ਦੁਸ਼ਮਣ ਦੇ (ਭਾਲ) ਮੱਥੇ ਵਿੱਚ ਇਓਂ (ਦਈ) ਮਾਰੀ ਕਿ ਜ਼ੋਰ ਨਾਲ (ਸਿਰਤ੍ਰਾਨ) ਸਿਰ ਦੀ ਸੰਜੋਅ ਭਾਵ ਟੋਪ ਨੂੰ ਫੋੜ ਕੇ ਅਤੇ (ਅਨੈਸੇ) ਅਣੀ (ਮੁਖੀ) ਦੇ ਨਾਲ (ਪਟ) ਪੜਦਾ (ਕੱਪੜਾ, ਖੋਪਰੀ ਦੀ ਹੱਡੀ ਦੇ ਪੜਦੇ ਨੂੰ) ਪਾੜ ਕੇ ਪਾਰ ਹੋ ਗਈ। (ਊਰਧ) ਉਤਾਂਹ ਦੇ (ਪਥ) ਰਾਹ ਵੱਲ ਲਹੂ ਦੀ ਧਾਰ ਚੱਲ ਪਈ, ਉਹ ਉਪਮਾ ਕਿਵੇਂ (ਸੁਭਈ) ਸੁਭਾਇਮਾਨ ਹੋਈ ? (ਕਹੁ) ਦੱਸਾਂ। ਮਾਨੋ ਕਿ (ਮਹੇਸ) ਸ਼ਿਵ ਦੇ ਤੀਜੇ ਨੇਤਰ ਦੇ ਖੁੱਲ੍ਹਦਿਆਂ (ਸੇ) ਨਾਲ ਹੀ ਜਯੋਤੀ (ਉਦੋਤਿ) ਪ੍ਰਗਟ ਹੋ ਗਈ ਹੋਵੇ॥੧੯੩॥

**ਦੈਤਜ ਨਿਕਾਸ ਕੈ ਸਾਂਗ ਵਹੈ ਬਲ ਕੈ ਤਬ ਚੰਡਿ ਪ੍ਰਚੰਡ ਕੇ ਦੀਨੀ॥**
**ਜਾਇ ਲਗੀ ਤਿਹ ਕੇ ਮੁਖ ਮੈ ਬਹਿ ਸ੍ਰੌਨ ਪਰਯੋ ਅਤਿ ਹੀ ਛਬਿ ਕੀਨੀ॥**
**ਯੌਂ ਉਪਮਾ ਉਪਜੀ ਮਨ ਮੈ ਕਬਿ ਨੇ ਇਹ ਭਾਂਤ ਸੋਈ ਕਹਿ ਦੀਨੀ॥**
**ਮਾਨਹੁ ਸਿੰਗਲਦੀਪ ਕੀ ਨਾਰਿ ਗਰੇ ਮਹਿ ਤੰਬੋਰ ਕੀ ਪੀਕ ਨਵੀਨੀ॥੧੯੪॥**

***ਭਾਵਾਰਥ:–*** (ਨਿਸੁੰਭ) ਦੈਂਤ ਨੇ ਉਹੋ ਹੀ (ਸਾਂਗ) ਬਰਛੀ ਕੱਢ ਕੇ ਜ਼ੋਰ ਨਾਲ ਉਦੋਂ ਕ੍ਰੋਧਿਤ ਚੰਡਿਕਾ ਨੂੰ (ਦੀਨੀ) ਮਾਰੀ। ਉਹਦੇ ਮੂੰਹ ਵਿੱਚ ਜਾ ਲੱਗੀ ਅਤੇ ਲਹੂ ਵਗ ਪਿਆ, ਉਸ ਨੇ ਬੜੀ ਹੀ (ਛਬਿ) ਸਜਾਵਟ (ਕੀਨੀ) ਬਣਾਈ। ਮਨ ਵਿੱਚ ਇਓਂ ਉਪਮਾ ਪੈਦਾ ਹੋਈ ਕਵੀ ਨੇ ਉਹ ਇਸ ਤਰ੍ਹਾਂ ਕਹਿ ਦਿੱਤੀ ਹੈ। ਮਾਨੋ ਕਿ ਸਿੰਗਲਦੀਪ ਦੀ ਇਸਤਰੀ ਭਾਵ ਪਦਮਨੀ ਜਾਤੀ ਦੀ ਇਸਤਰੀ ਦੇ ਗਲ ਵਿੱਚ (ਤੰਬੋਰ) ਪਾਨ ਦੀ ਨਵੀਂ ਪੀਕ (ਦਿਸ ਰਹੀ) ਹੈ॥੧੯੪॥

**ਸਵੈਯਾ॥**

**ਜੁੱਧੁ ਨਿਸੁੰਭ ਕਰਯੋ ਅਤਿ ਹੀ ਜਸੁ ਯਾ ਛਬਿ ਕੋ ਕਬਿ ਕੋ ਬਰਨੈ॥**
**ਨਹਿ ਭੀਖਮ ਦ੍ਰੋਣ ਕ੍ਰਿਪਾ ਅਰੁ ਦ੍ਰੋਣਜ ਭੀਮ ਨ ਅਰਜੁਨ ਔ ਕਰਨੈ॥**
**ਬਹੁ ਦਾਨਵ ਕੇ ਤਨ ਸ੍ਰੌਨ ਕੀ ਧਾਰ ਛੁਟੀ ਸੁ ਲਗੇ ਸਰ ਕੇ ਫਰਨੈ॥**
**ਜਨੁ ਰਾਤਿ ਕੇ ਦੂਰਿ ਬਿਭਾਸ ਦਸੋ ਦਿਸ ਫੈਲ ਗਈ ਰਵਿ ਕੀ ਕਿਰਨੈ॥੧੯੫॥**

***ਭਾਵਾਰਥ:–*** ਨਿਸੁੰਭ ਨੇ ਬਹੁਤ ਹੀ ਜੰਗ ਕੀਤਾ ਏਸ ਸ਼ੋਭਾ ਦਾ ਯਸ਼ ਕਿਹੜਾ ਕਵੀ ਕਹਿ ਸਕੇਗਾ? ਭੀਸ਼ਮ ਪਿਤਾਮਾ, ਦ੍ਰੋਣਚਾਰਯ, ਕ੍ਰਿਪਾਚਾਰਯ ਅਤੇ (ਦ੍ਰੋਣਜ) ਅਸ਼ਵੱਥਾਮੇ ਵੀ ਨਹੀਂ (ਕੀਤਾ), ਭੀਮਸੈਨ, ਅਰਜੁਨ ਅਤੇ ਕਰਨ ਨੇ ਵੀ ਨਹੀਂ ਕੀਤਾ। (ਦਾਨਵ) ਦੈਂਤ (ਨਿਸੁੰਭ) ਦੇ ਸਰੀਰ ਵਿੱਚੋਂ (ਸਰ) ਤੀਰਾਂ ਦੇ (ਫਰਨੈ) ਫਲ (ਮੁਖੀਆਂ) ਲੱਗਣ ਤੋਂ ਲਹੂ ਦੀਆਂ ਬਹੁਤ ਧਾਰਾਂ ਛੁੱਟ ਪਈਆਂ। (ਜਨੁ) ਮਾਨੋ ਕਿ ਰਾਤ ਦੇ (ਦੂਰਿ) ਨਾਸ ਹੋ ਜਾਣ ਤੋਂ, (ਦਸੋ ਦਿਸ) ਸਾਰੀਂ ਪਾਸੀਂ (ਬਿਭਾਸ) ਪ੍ਰਕਾਸ਼ ਹੋਇਆਂ ਹੋਇਆਂ (ਰਵਿ) ਸੂਰਜ ਦੀਆਂ ਕਿਰਨਾਂ ਫੈਲ ਗਈਆਂ॥੧੯੫॥

**ਚੰਡਿ ਲੈ ਚਕ੍ਰ ਧਸੀ ਰਨ ਮੈ ਰਿਸ ਕ੍ਰੁੱਧ ਕਿਯੋ ਬਹੁ ਦਾਨਵ ਮਾਰੇ॥**
**ਫੇਰਿ ਗਦਾ ਗਹਿ ਕੈ ਲਹਿ ਕੈ ਚਹਿ ਕੈ ਰਿਪੁ ਸੈਨ ਹਤੀ ਲਲਕਾਰੇ॥**
**ਲੈ ਕਰ ਖੱਗ ਅਦੱਗ ਮਹਾ ਸਿਰ ਦੈਤਨ ਕੇ ਬਹੁ ਭੂਪਰਿ ਝਾਰੇ॥**
**ਰਾਮ ਕੇ ਜੁੱਧ ਸਮੈ ਹਨੂਮਾਨ ਜੁ ਆਨ ਮਨੋ ਗਰੂਏ ਗਿਰਿ ਡਾਰੇ॥੧੯੬॥**

***ਭਾਵਾਰਥ:–*** ਗੁੱਸੇ ਨਾਲ ਚੰਡਿਕਾ ਚਕ੍ਰ ਲੈ ਕੇ ਜੰਗ (ਮੈਦਾਨ) ਵਿੱਚ ਧੱਸ ਗਈ ਅਤੇ ਕ੍ਰੋਧ ਕਰਕੇ ਬਹੁਤ ਦੈਂਤ ਮਾਰ ਦਿੱਤੇ। ਫੇਰ ਗਦਾ ਫੜ੍ਹ ਕੇ (ਲਹਿ) ਵੇਖ ਕੇ (ਚਹਿ) ਸ਼ੌਕ (ਕੈ) ਨਾਲ ਵੈਰੀਆਂ ਦੀ ਫ਼ੌਜ ਲਲਕਾਰ ਕੇ (ਹਤੀ) ਮਾਰੀ। (ਅਦੱਗ ਮਹਾ) ਨਿਸਕਲੰਕ (ਖੱਗ) ਖੜਗ ਫੜ੍ਹ ਕੇ ਦੈਂਤਾਂ ਦੇ ਬਹੁਤ ਸਿਰ ਜ਼ਮੀਨ ’ਤੇ ਝਾੜ ਭਾਵ ਸੁੱਟ ਦਿੱਤੇ। (ਮਨੋ) ਮਾਨੋ ਕਿ ਸ੍ਰੀ ਰਾਮ ਚੰਦਰ ਜੀ ਦੇ ਜੰਗ ਵੇਲੇ ਹਨੂਮਾਨ (ਜੁ) ਜੀ ਨੇ (ਗਰੂਏ) ਭਾਰੇ (ਗਿਰਿ) ਪਹਾੜ ਲਿਆ ਕੇ (ਡਾਰੇ) ਸੁੱਟੇ ਹੋਣ॥੧੯੬॥

**ਸਵੈਯਾ॥**

**ਦਾਨਵ ਏਕ ਬਡੋ ਬਲਵਾਨ ਕ੍ਰਿਪਾਨ ਲੈ ਪਾਨ ਹਕਾਰ ਕੈ ਧਾਯੋ॥**
**ਕਾਢ ਕੈ ਖੱਗੁ ਸੁ ਚੰਡਿਕਾ ਮਿਆਨ ਤੇ ਤਾ ਤਨ ਬੀਚ ਭਲੇ ਬਰ ਲਾਯੋ॥**
**ਟੂਟ ਪਰਯੋ ਸਿਰਵਾ ਧਰ ਤੇ ਜਸੁ ਯਾ ਛਬਿ ਕੋ ਕਵਿ ਕੇ ਮਨ ਆਯੋ॥**
**ਊਚ ਧਰਾਧਰ ਊਪਰਿ ਤੇ ਗਿਰਯੋ ਕਾਕ ਕਰਾਲ ਭੁਜੰਗਮ ਖਾਯੋ॥੧੯੭॥**

***ਭਾਵਾਰਥ:–*** ਇੱਕ ਬਹੁਤ ਬਲਵਾਨ ਦੈਂਤ ਹੱਥ ਵਿੱਚ ਤਲਵਾਰ ਲੈ ( ਹਕਾਰ) ਗੱਜ ਕੇ (ਚੰਡਿਕਾ ਉੱਤੇ) (ਧਾਯੋ) ਚੜ੍ਹ ਆਇਆ। ਚੰਡਿਕਾ (ਅੱਗੋਂ) ਮਿਆਨ ਤੋਂ ਉੱਤਮ (ਖਗੁ) ਤੇਗਾਂ ਕੱਢ ਕੇ ਓਸ ਦੇ ਸਰੀਰ ਵਿੱਚ ਚੰਗੇ (ਬਰ) ਜ਼ੋਰ ਨਾਲ (ਲਾਯੋ) ਮਾਰਿਆ। (ਉਹ ਦਾ) ਸਿਰ (ਧਰ) ਧੜ ਤੋਂ ਟੁੱਟ ਪਿਆ, ਇਸ ਸੋਭਾ ਦਾ ਯਸ਼ ਕਵੀ ਦੇ ਮਨ ਵਿੱਚ ਆਇਆ। ਮਾਨੋ ਕਿ ਉੱਚੇ ਪਹਾੜ ਤੋਂ ਭਿਆਨਕ ਸੱਪ ਦਾ ਖਾਧਾ ਹੋਇਆ ਕਾਂ ਧਰਤੀ ਤੇ ਡਿੱਗ ਪਿਆ॥੧੯੭॥

**ਸਵੈਯਾ॥**

**ਬੀਰ ਨਿਸੁੰਭ ਕੋ ਦੈਤਜ ਬਲੀ ਇਕ ਪ੍ਰੇਰਿ ਤੁਰੰਗ ਗਯੋ ਰਨਿ ਸਾਮੁਹਿ॥**
**ਦੇਖਤ ਧੀਰਜ ਨਾਹਿ ਰਹੇ ਅਬਿ ਕੋ ਸਮਰੱਥ ਹੈ ਬਿਕ੍ਰਮ ਜਾ ਮਹਿ॥**
**ਚੰਡਿ ਲੈ ਪਾਨ ਕ੍ਰਿਪਾਨ ਹਨੇ ਅਰਿ ਫੇਰਿ ਦਈ ਸਿਰ ਦਾਨਵ ਤਾ ਮਹਿ॥**
**ਮੁੰਡਹਿ ਤੁੰਡਹਿ ਰੁੰਡਹਿ ਚੀਰ ਪਲਾਨ ਕਿਕਾਨ ਧਸੀ ਬਸੁਧਾ ਮਹਿ॥੧੯੮॥**

***ਭਾਵਾਰਥ:–*** ਨਿਸੁੰਭ ਦਾ (ਬੀਰ) ਯੋਧਾ ਇੱਕ ਬਲਵਾਨ ਦੈਂਤ (ਤੁਰੰਗ) ਘੋੜਾ (ਪ੍ਰੇਰ) ਦੁੜਾ ਕੇ ਜੰਗ ਦੇ ਸਾਹਮਣੇ ਗਿਆ। ਜੀਹਨੂੰ ਵੇਖਦਿਆਂ ਹੀ (ਧੀਰਜ) ਹੌਸਲਾ ਨਹੀਂ ਰਹਿੰਦਾ, ਹੁਣ ਕਿਹੜਾ (ਬਿਕ੍ਰਮ) ਤਾਕਤ ਵਿੱਚ (ਸਮਰੱਥ) ਪੂਰਨ (ਹੈ) ਹੋ ਕੇ (ਅੱਗੇ) ਜੰਮ (ਠਹਿਰ) ਸਕੇਗਾ? ਚੰਡਿਕਾ ਹੱਥ ਵਿੱਚ ਤਲਵਾਰ ਲੈ ਕੇ ਵੈਰੀਆਂ ਨੂੰ ਮਾਰਦੀ ਸੀ (ਫੇਰਿ) ਮੁੜ ਕੇ ਓਸ ਦੈਂਤ ਦੇ ਸਿਰ ਤੇ ਵੀ ਤਲਵਾਰ ਮਾਰ ਦਿੱਤੀ। ਜੋ (ਮੁੰਡਹਿ) ਸਿਰ ਨੂੰ, (ਤੁੰਡਹਿ) ਮੂੰਹ ਨੂੰ, (ਰੁੰਡਹਿ) ਧੜ ਨੂੰ, (ਪਲਾਨ) ਕਾਠੀ ਨੂੰ ਅਤੇ (ਕਿਕਾਨ) ਘੋੜੇ ਨੂੰ ਚੀਰ ਕੇ (ਬਸੁਧਾ) ਜ਼ਮੀਨ ਵਿੱਚ ਧੱਸ ਗਈ॥੧੯੮॥

**ਯੌਂ ਜਬ ਦੈਤਜ ਹਤਯੋ ਬਰ ਚੰਡਿ ਸੁ ਔਰ ਚਲਯੋ ਰਨ ਮਧਜ ਪਚਾਰੇ॥**
**ਕੇਹਰਿ ਕੇ ਸਮੁਹਾਇ ਰਿਸਾਇਕੈ ਧਾਇ ਕੈ ਘਾਇ ਦੁਤੀਨਕ ਝਾਰੇ॥**
**ਚੰਡਿ ਲਈ ਕਰਵਾਰ ਸੰਭਾਰ ਹਕਾਰ ਕੈ ਸੀਸ ਦਈ ਬਲ ਧਾਰੇ॥**
**ਜਾਇ ਪਰਯੋ ਸਿਰ ਦੂਰ ਪਰਾਇ ਜਯੋਂ ਟੂਟਤ ਅੰਬ ਬਿਯਾਰ ਕੇ ਮਾਰੇ॥੧੯੯॥**

***ਭਾਵਾਰਥ:–*** ਚੰਡਿਕਾ ਨੇ ਜਦੋਂ (ਬਰ) ਬਲਵਾਨ ਦੈਂਤ ਮਾਰ ਲਿਆ ਤਾਂ ਇੱਕ ਹੋਰ ਜੰਗ ਲਈ (ਚੰਡਿਕਾ ਨੂੰ) (ਪਚਾਰੇ) ਵੰਗਾਰ ਕੇ ਚੱਲਿਆ। (ਕੇਹਰਿ) ਸ਼ੇਰ ਦੇ ਸਾਹਮਣੇ ਹੋ ਕੇ ਗੁੱਸੇ ਵਿੱਚ ਭਰ ਕੇ, ਦੌੜ ਕੇ ਦੋ ਤਿੰਨ ਕੁ (ਘਾਇ) ਵਾਰ (ਝਾਰੇ) ਕਰ ਦਿੱਤੇ। ਚੰਡਿਕਾ ਨੇ ਵੀ (ਕਰਵਾਰ) ਤਲਵਾਰ ਸੰਭਾਲ ਕੇ ਫੜ੍ਹ ਲਈ ਅਤੇ (ਬਲੁ ਧਾਰੇ) ਜ਼ੋਰ ਨਾਲ (ਹਕਾਰ) ਗੱਜ ਕੇ (ਦੈਂਤ ਦੇ) ਸਿਰ ਤੇ (ਦਈ)

ਦੇ ਮਾਰੀ। (ਪਰਾਇ) (ਦੈਂਤ ਦਾ) ਸਿਰ ਦੂਰ ਜਾ ਪਿਆ, ਜਿਵੇਂ (ਬਿਯਾਰ) ਹਵਾ ਦੀ (ਮਾਰੇ) ਮਾਰ ਨਾਲ ਅੰਬ ਦਰਖਤ ਨਾਲੋਂ ਟੁੱਟਦਾ ਹੈ॥੧੯੯॥

**ਜਾਨਿ ਨਿਦਾਨ ਕੋ ਜੁੱਧੁ ਬਨਯੋ ਰਨ ਦੈਤਜ ਸਬੂਹ ਸਬੈ ਉਠਿ ਧਾਏ॥**
**ਸਾਰ ਸੋ ਸਾਰ ਕੀ ਮਾਰ ਮਚੀ ਤਬ ਕਾਇਰ ਛਾਡ ਕੈ ਖੇਤ ਪਰਾਏ॥**
**ਚੰਡਿ ਕੇ ਖੱਗ ਗਦਾ ਲਗ ਦਾਨਵ ਰੰਚਕ ਰੰਚਕ ਹ੍ਵੈ ਤਨ ਆਏ॥**
**ਮੂੰਗਰ ਲਾਇ ਹਲਾਇ ਮਨੋ ਤਰੁ ਕਾਛੀ ਨੇ ਪੇਡ ਤੇ ਤੂਤ ਗਿਰਾਏ॥੨੦੦॥**

***ਭਾਵਾਰਥ:–*** (ਨਿਦਾਨ) ਅੰਤ ਦਾ ਜੰਗ (ਬਨਿਓ) ਆ ਪਿਆ ਜਾਣ ਕੇ ਜੰਗ ਦੇ (ਸਬੈ) ਸਾਰੇ (ਦੈਤ ਸਬੂਹ) ਦੈਂਤ ਜੱਥੇ ਉੱਠ ਦੌੜੇ। ਲੋਹੇ ਨਾਲ ਲੋਹੇ ਦੀ ਮਾਰ ਮੱਚ ਗਈ, ਉਦੋਂ ਹੀ ਕਾਇਰ ਤਾਂ (ਖੇਤ) ਮੈਦਾਨੇ ਜੰਗ ਛੱਡ ਕੇ ਹੀ (ਪਰਾਏ) ਭੱਜ ਗਏ। ਚੰਡਿਕਾ ਦੀ (ਖੱਗ) ਤੇਗ਼ ਅਤੇ ਗਦਾ ਦੇ (ਲਗਿ) ਵੱਜਣ ਤੋਂ ਆਏ ਹੋਏ ਦੈਂਤ ਸਰੀਰਾਂ ਤੋਂ (ਰੰਚਕ ਰੰਚਕ) ਰਤਾ ਰਤਾ ਮਾਤ੍ਰ ਹੋ ਗਏ। ਮਾਨੋ ਕਿ (ਕਾਛੀ) ਤੂਤ ਝਾੜਨ ਵਾਲੇ ਨੇ (ਮੂੰਗਰ ਲਾਇ) ਮੁੰਗਲੇ ਨੂੰ (ਲਾਇ) ਮਾਰ ਕੇ (ਪੇਡ) ਦਰਖਤ (ਤੂਤ) ਤੋਂ (ਤਰੁ) ਹੇਠੋਂ ਹੀ ਅਥਵਾ ਬਹੁਤ ਤੂਤ (ਫਲ) ਡੇਗੇ ਹੋਣ॥੨੦੦॥

**ਸਵੈਯਾ॥**

**ਪੇਖਿ ਚਮੂ ਬਹੁ ਦੈਤਨ ਕੀ ਪੁਨਿ ਚੰਡਿਕਾ ਆਪਨਿ ਸਸਤ੍ਰ ਸੰਭਾਰੇ॥**
**ਬੀਰਨ ਤੇ ਤਨ ਚੀਰ ਪਟੀਰ ਸੇ ਦੈਤਜ ਹਕਾਰ ਪਛਾਰ ਸੰਘਾਰੇ॥**
**ਘਾਉ ਲਗੇ ਤਿਨ ਕੋ ਰਨ ਭੂਮਿ ਮੈ ਟੂਟ ਪਰੇ ਧਰ ਤੇ ਸਿਰ ਨਜਾਰੇ॥**
**ਜੁੱਧ ਸਮੈ ਸੁਤ ਭਾਨੁ ਮਨੋ ਸਸਿ ਕੇ ਸਭ ਟੂਕ ਜੁਦੇ ਕਰ ਡਾਰੇ॥੨੦੧॥**

***ਭਾਵਾਰਥ:–*** ਦੈਂਤਾਂ ਦੀ ਬਹੁਤ (ਚਮੂ) ਫ਼ੌਜ ਵੇਖ ਕੇ ਚੰਡਿਕਾ ਨੇ (ਪੁਨਿ) ਫੇਰ ਆਪਣੇ ਸ਼ਸਤਰ ਸੰਭਾਲ ਲਏ। ਸੂਰਮਿਆਂ ਦੇ (ਪਟੀਰ) ਚੰਦਨ ਵਰਗੇ ਭਾਵ ਕੋਮਲ ਸਰੀਰ ਚੀਰ ਦਿੱਤੇ, ਦੈਂਤ (ਹਕਾਰ) ਵੰਗਾਰ ਕੇ (ਪਛਾਰ) ਜ਼ਮੀਨ ਤੇ ਪਟਕਾ ਕੇ ਮਾਰ ਦਿੱਤੇ। ਉਨ੍ਹਾਂ ਨੂੰ ਮੈਦਾਨੇ ਜੰਗ ਵਿੱਚ (ਘਾਉ) ਵਾਰ ਲੱਗਣ ਤੋਂ ਧੜਾਂ ਤੋਂ ਸਿਰ ਅੱਡ ਟੁੱਟ ਕੇ ਡਿੱਗ ਪਏ। (ਮਨੋ) ਮਾਨੋ ਕਿ ਜੰਗ ਦੇ ਵੇਲੇ (ਸੁਤ ਭਾਨੁ) ਛਨਿਛਰ[੧] ਨੇ (ਸਸਿ) ਚੰਦ੍ਰਮਾ ਦੇ ਟੁਕੜੇ ਕਰਕੇ (ਬੰਦ) ਅੱਡ ਅੱਡ ਕਰ ਸੁੱਟੇ ਹੋਣ॥੨੦੧॥

**ਸਵੈਯਾ॥**

**ਚੰਡਿ ਪ੍ਰਚੰਡ ਤਬੈ ਬਲ ਧਾਰ ਸੰਭਾਰ ਲਈ ਕਰਵਾਰ ਕਰੀ ਕਰ॥**
**ਕੋਪ ਦਈ ਅਨਸੁੰਭ ਕੇ ਸੀਸ ਬਹੀ ਇਹ ਭਾਂਤਿ ਰਹੀ ਤਰਵਾ ਤਰ॥**
**ਕੌਨ ਸਰਾਹ ਕਰੈ ਕਹਿ ਤਾ ਛਿਨ ਸੋ ਬਿਬ ਹੋਇ ਪਰਯੋ ਧਰਨੀ ਪਰ॥**

---

੧ ਛਾਯਾ ਦੇ ਪੇਟ ਤੋਂ ਸੂਰਜ ਦਾ ਪੁੱਤ੍ਰ ਛਨਿਛਰ (ਸ਼ਨੀ) ਜੰਮਿਆ ਸੀ, ਬ੍ਰਿਹਸਪਤਿ ਦੀ ਔਰਤ ਨੂੰ ਚੰਦ੍ਰਮਾ ਲੈ ਗਿਆ ਸੀ ਤਾਂ ਦੇਵ ਗੁਰੂ ਦੀ ਇਸਤਰੀ ਤਾਰਾ ਨੂੰ ਮੋੜਨ ਵਾਸਤੇ ਸ਼ਨੀ ਨੇ ਬ੍ਰਿਹਸਪਤਿ ਦੀ ਮਦਦ ਕੀਤੀ ਤਾਂ ਚੰਦ ਨਾਲ ਜੰਗ ਹੋਇਆ, ਜਿਸ ਤੋਂ ਇਸ ਦ੍ਰਿਸ਼ਟਾਂਤ ਲਿਆ ਗਿਆ ਹੈ।

**ਮਾਨਹੁ ਸਾਰ ਕੀ ਤਾਰ ਲੈ ਹਾਥ ਚਲਾਈ ਹੈ ਸਾਬਨ ਕੋ ਸਬੁਨੀਗਰ॥੨੦੨॥**

***ਭਾਵਾਰਥ:–*** (ਪ੍ਰਚੰਡ) ਤੇਜਮਈ ਚੰਡਿਕਾ ਨੇ ਉਦੋਂ ਹੀ ਜ਼ੋਰ ਨਾਲ (ਕਰੀ ਕਰ) ਹਾਥੀ ਦੇ ਸੁੰਡ ਵਰਗੀ ਤਲਵਾਰ ਸੰਭਾਲ ਲਈ। ਕ੍ਰੋਧ ਨਾਲ (ਅਨਸੁੰਭ) ਨਿਸੁੰਭ ਦੇ ਸਿਰ ’ਤੇ ਚਲਾ ਦਿੱਤੀ, ਇਸ ਤਰ੍ਹਾਂ (ਬਹੀ) ਚੱਲੀ ਕਿ (ਤਰਵਾ) ਪੈਰਾਂ ਦੀਆਂ ਤਲੀਆਂ ਦੇ (ਤਰ) ਹੇਠਾਂ ਤੱਕ ਜਾ ਰਹੀ। ਉਸ ਛਿਨ ਦੀ ਕਿਹੜਾ (ਕਵੀ) ਕਹਿ ਕੇ (ਸਰਾਹ) ਉਸਤਤ ਕਰ ਸਕਦਾ ਹੈ? ਉਹ (ਨਿਸੁੰਭ) ਦੋ ਟੁਕੜੇ ਹੋ ਕੇ ਜ਼ਮੀਨ ’ਤੇ ਡਿਗ ਪਿਆ। ਮਾਨੋ ਕਿ (ਸਬੁਨੀਗਰ) ਸਾਬਣ ਬਣਾਉਣ ਵਾਲੇ (ਕਾਰੀਗਰ) ਨੇ ਸਾਬਣ ਨੂੰ (ਸਾਰ) ਲੋਹੇ ਦੀ ਤਾਰ ਹੱਥ ਵਿੱਚ ਫੜ੍ਹ ਕੇ ਚਲਾ ਦਿੱਤੀ ਹੋਣ॥੨੦੨॥

**ਇਤਿ ਸ੍ਰੀ ਮਾਰਕੰਡੇ ਪੁਰਾਨੇ ਚੰਡੀ ਚਰਿਤ੍ਰ ਉਕਤਿ ਬਿਲਾਸ ਨਿਸੁੰਭ ਬਧਹਿ ਖਸਟਮੋ ਧਯਾਇ॥੬॥**

***ਭਾਵਾਰਥ:–*** ਏਥੇ ਸੁੰਦਰ ਮਾਰਕੰਡੇ ਪੁਰਾਣ ਦੇ ਚੰਡੀ ਚਰਿਤ੍ਰ ਉਕਤਿ ਬਿਲਾਸ ਦਾ ਨਿਸੁੰਭ ਦੇ (ਬਧਹਿ) ਮਾਰਨ ਵਾਲਾ ਛੇਵਾਂ ਅਧਿਆਇ ਸਮਾਪਤ ਹੋਇਆ ਹੈ॥੬॥

**ਦੋਹਰਾ॥**

**ਜਬ ਨਿਸੁੰਭ ਰਨ ਮਾਰਿਓ ਦੇਵੀ ਇਹ ਪਰਕਾਰਿ॥**
**ਭਾਜ ਦੈਤਜ ਇਕ ਸੁੰਭ ਪੈ ਗਯੋ ਤੁਰੰਗਮ ਡਾਰਿ[੧]॥੨੦੩॥**

***ਭਾਵਾਰਥ:–*** ਦੇਵੀ ਨੇ ਜਦੋਂ ਇਸ ਤਰ੍ਹਾਂ ਜੰਗ ਵਿੱਚ ਨਿਸੁੰਭ ਨੂੰ ਮਾਰ ਲਿਆ। ਤਾਂ ਇੱਕ ਦੈਂਤ ਭੱਜ ਕੇ (ਤੁਰੰਗਮ) ਘੋੜਾ (ਡਾਰਿ) ਤੇਜ਼ ਚਲਾ ਕੇ ਅਥਵਾ ਘੋੜਾ ਛੱਡ ਕੇ ਪੈਦਲ ਹੋ ਕੇ ਆਪ ਨੂੰ ਅਧੀਨ ਦੂਤ ਜ਼ਾਹਰ ਕਰਦਾ ਹੋਇਆ ਸੁੰਭ ਪਾਸ ਗਿਆ॥੨੦੩॥

---

[੧] ਏਥੇ ਪ੍ਰਕਰਣ ਭੰਗ ਹੋ ਗਿਆ ਹੈ, ਜਿਸ ਤੋਂ ਰਚਨਾ ਬਾਰੇ ਸ਼ੱਕ ਪੈ ਜਾਣਾ ਇੱਕ ਜ਼ਰੂਰੀ ਜਿਹਾ ਸਬੱਬ ਨਿਕਲ ਆਉਂਦਾ ਹੈ। ਮੇਰੇ ਖਿਆਲ ਅਨੁਸਾਰ ਤਾਂ ਇਹ ਰਚਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਤਾਂ ਕਿਸੇ ਲਿਖਾਰੀ ਦੀ ਲਿਖੀ ਹੋਈ ਅੱਜ ਤੱਕ ਪ੍ਰਾਪਤ ਨਹੀਂ ਹੋ ਸਕੀ, ਜਿਨ੍ਹਾਂ ਪੋਥੀਆਂ ਦੀ ਲਿਖਤ ਸ਼ਕਸਤਾ ਗੁਰਮੁਖੀ ਵਿੱਚ ਐਸ ਵੇਲੇ ਪ੍ਰਾਪਤ ਹੈ। ਉਹਨਾਂ ਨੂੰ ਪੜ੍ਹਿਆਂ ਅਤੇ ਉਨ੍ਹਾਂ ਦਿਆਂ ਰੂਪਾਂ ਨੂੰ ਵੇਖਿਆਂ ਪਤਾ ਲੱਗਦਾ ਹੈ ਕਿ ਇਹ ਸ਼ਕਸਤਾ ਅੱਖਰ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਹਸਤ ਕਮਲ ਦੇ ਲਿਖੇ ਹੋਏ ਨਹੀਂ ਹਨ ਕਿਉਂਕਿ ਜੇ ਸ੍ਰੀ ਗੁਰੂ ਜੀ ਆਪਣੇ ਹੀ ਦਸਤੇ-ਮੁਬਾਰਕ ਨਾਲ ਲਿਖਦੇ ਤਾਂ ਰੂਪ ਕਦੀ ਵੀ ਅਸ਼ੁੱਧ ਨਾ ਹੁੰਦੇ। ਪਰ ਸ਼ਾਬਦੀ ਪ੍ਰਮਾ ਅਨੁਸਾਰ ਸ਼ਕਸਤਾ ਗੁਰਮੁਖੀ ਵਿੱਚ ਵੀ ਸ਼ੁੱਧ ਰੂਪ ਨਹੀਂ ਮਿਲਦੇ ਅਤੇ ਹੋਰ ਥਾਂ ਕਿੱਥੇ ਮਿਲਣਗੇ? ਮਿਸਾਲ ਦੇ ਤੌਰ ਤੇ ਵੇਖੋ ਬੀੜ ਭਾਈ ਮਨੀ ਸਿੰਘ ਜੀ ਕੋਠੀ ਰਾਜਾ ਗੁਲਾਬ ਸਿੰਘ ਜੀ ਸੇਠੀ ਹਨੂਮਾਨ ਰੋਡ ਕਨਾਟ ਪਲੇਸ ਦਿੱਲੀ ਵਿੱਚੋਂ ਪੰਨੇ ੬੧੫, ੭੪੪, ੭੪੫, ੭੪੬, ੭੪੯, ੭੫੫ ਅਤੇ ੭੫੬। ਕੁਝ ਵਿਦਵਾਨਾਂ ਨੇ ਇਹ ਰਚਨਾ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ ਮੰਨੀ, ਉਹ ਵੀ ਸ਼ਾਇਦ ਅਸ਼ੁੱਧ ਰੂਪਾਂ ਅਤੇ ਹੋਰ ਕਈ ਕਾਰਨਾਂ ਕਰਕੇ ਹੀ ਇਓਂ ਲਿਖਦੇ ਨੇ। ਏਸ ਤੋਂ ਸ਼ੁੱਧਾਈ ਵਿੱਚ ਤਾਂ ਸੁਖੈਨਤਾ ਆ ਜਾਂਦੀ ਹੈ ਪਰ ਮੇਰੇ ਵਿਚਾਰਾਨੁਸਾਰ ਰਚਨਾ ਸਤਿਗੁਰਾਂ ਦੀ ਹੈ ਅਤੇ ਅਸ਼ੁੱਧ-ਸ਼ੁੱਧ ਰੂਪਾਂ ਦੇ ਜ਼ਿੰਮੇਦਾਰ ਲਿਖਾਰੀ ਹਨ। ਪ੍ਰਕਰਣ ਭੰਗ ਆਦਿਕ ਜ਼ਿੰਮੇਵਾਰੀਆਂ ਵੀ ਲਿਖਾਰੀਆਂ ਦੀਆਂ ਹੀ ਹਨ। ਪਿੱਛੇ ਅਧਿਆਇ ੬ ਵਿੱਚ ‘ਕੋਪ ਕੈ ਸੁੰਭ ਨਿਸੁੰਭ ਚਢੇ...(੧੭੫)’ ‘ਸੁੰਭ ਨਿਸੁੰਭ ਬਨਾਇ ਦਲੁ...(੧੭੬)’ ‘ਸੁੰਭ ਨਿਸੁੰਭ ਸੁ ਬੀਰ ਬਲੀ ਮਨ ਕੋਪ ਭਰੇ ਰਨ ਭੂਮਿਹਿ ਆਏ...(੧੭੭)’ ਇਤਿਆਦਿਕ ਤੁਕਾਂ ’ਚੋਂ ਦੋਹਾਂ ਦਾ ਜੰਗ ਵਿੱਚ ਆਉਣਾ ਸਾਬਤ ਹੁੰਦਾ ਹੈ ਪਰ ਏਥੇ ਸੁੰਭ ਜੰਗ ’ਚੋਂ ਬਾਹਰ ਦਿੱਸ ਰਿਹਾ ਹੈ, ਜੀਹਦੇ ਪਾਸ ਦੈਂਤ ਘੋੜਾ ਦੌੜਾ ਕੇ ਜਾਂਦਾ ਹੈ।

**ਆਨ ਸੁੰਭ ਪੈ ਤਿਨ ਕਹੀ ਸਕਲ ਜੁੱਧ ਕੀ ਬਾਤ[੧]॥**
**ਤਬ ਭਾਜੇ ਦਾਨਵ ਸਭੈ ਮਾਰਿ ਲਯੋ ਤੁਅ ਭ੍ਰਾਤ॥੨੦੪॥॥**

***ਭਾਵਾਰਥ:-*** ਉਸ ਸੁੰਭ ਪਾਸ ਆ ਕੇ ਸਾਰੀ ਜੰਗ ਦੀ ਗੱਲਬਾਤ ਦੱਸੀ ਕਿ ਉਦੋਂ ਸਾਰੇ ਦੈਂਤ ਵੀ ਭੱਜ ਗਏ ਸਨ, ਜਦੋਂ ਤੇਰਾ ਭਰਾ (ਚੰਡਿਕਾ ਨੇ) ਮਾਰ ਲਿਆ ਸੀ ਭਾਵ ਨਿਸੁੰਭ ਮਰ ਗਿਆ ਹੈ ਅਤੇ ਸੈਨਾ ਭੱਜ ਚੁੱਕੀ ਹੈ॥੨੦੪॥

**ਸਵੈਯਾ॥**

**ਸੁੰਭ ਨਿਸੁੰਭ ਹਨਯੋ ਸੁਨਿ ਕੈ ਬਰ ਬੀਰਨ ਕੇ ਚਿਤ ਛੋਭ ਸਮਾਯੋ॥**
**ਸਾਜ ਚੜਯੋ ਗਜ ਬਾਜਿ ਸਮਾਜ ਕੈ ਦਾਨਵ ਪੁੰਜ ਲਿਯੇ ਰਨ ਆਯੋ॥**
**ਭੂਮ ਭਯਾਨਕ ਲੋਥ ਪਰੀ ਲਖਿ ਸ੍ਰੌਨ ਸਮੂਹ ਮਹਾ ਬਿਸਮਾਯੋ॥**
**ਮਾਨਹੁ ਸਾਰਸੁਤੀ ਉਮਡੀ ਜਲ ਸਾਗਰ ਕੇ ਮਿਲਿਬੇ ਕਹੁ ਧਾਯੋ[੨]॥੨੦੫॥**

***ਭਾਵਾਰਥ:-*** ਨਿਸੁੰਭ ਮਾਰਿਆ ਗਿਆ ਸੁਣ ਕੇ ਸੁੰਭ ਅਤੇ ਬਲਵਾਨ ਯੋਧਿਆਂ ਦੇ ਦਿਲ (ਛੋਭ) ਗੁੱਸਾ ਆ ਗਿਆ। ਹਾਥੀ ਘੋੜਿਆਂ ਵਾਲੀ ਫ਼ੌਜ ਸਜਾ ਕੇ ਚੜ੍ਹ ਪਿਆ, (ਪੁੰਜ) ਸਭ ਦੈਂਤ ਨਾਲ ਲੈ ਕੇ ਜੰਗ ਵਿੱਚ ਆ ਗਿਆ। ਸਮੂਹ (ਸ੍ਰੋਨ) ਲਹੂ ਵਾਲੀ ਭਿਆਨਕ ਜ਼ਮੀਨ ਉੱਤੇ ਲੋਥਾਂ ਪਈਆਂ ਵੇਖ ਕੇ ਬਹੁਤ ਹੈਰਾਨ ਹੋਇਆ। ਮਾਨੋ ਕਿ ਸਰਸਵਤੀ ਨਦੀ ਦਾ ਪਾਣੀ ਸਮੁੰਦਰ ਦੇ ਮਿਲਣ ਨੂੰ ਦੌੜਿਆ ਹੈ॥੨੦੫॥

**ਸਵੈਯਾ॥**

**ਚੰਡਿ ਪ੍ਰਚੰਡਿ ਸੁ ਕੇਹਰਿ ਕਾਲਿਕਾ ਅਉ ਸਕਤੀ ਮਿਲਿ ਜੁੱਧ ਕਰਯੋ ਹੈ॥**
**ਦਾਨਵ ਸੈਨ ਹਤੀ ਇਨਹੂੰ ਸਭ ਯੌਂ ਕਹਿ ਕੈ ਮਨਿ ਕੋਪ ਭਰਯੋ ਹੈ॥**
**ਬੰਧੁ ਕਬੰਧੁ ਪਰਯੋ ਅਵਿਲੋਕ ਕੈ ਸੋਕ ਕੈ ਪਾਇ ਨ ਆਗੈ ਧਰਯੋ ਹੈ॥**
**ਧਾਇ ਸਕਯੋ ਨ ਭਯੋ ਭਯ ਭੀਤਹਿ ਚੀਤਹਿ ਮਾਨਹੁ ਲੰਗ ਪਰਯੋ ਹੈ॥੨੦੬॥**

***ਭਾਵਾਰਥ:-*** (ਪ੍ਰਚੰਡਿ) ਕ੍ਰੋਧਿਤ ਚੰਡੀ, ਸ਼ੇਰ, ਕਾਲਿਕਾ ਅਤੇ (ਸਭਿ) ਸ਼ਕਤੀਆਂ ਨੇ ਮਿਲ ਕੇ ਜੰਗ ਕੀਤਾ। 'ਸਭ ਦੈਂਤਾਂ ਦੀ ਫ਼ੌਜ ਇਹਨਾਂ ਹੀ ਮਾਰੀ ਹੈ' (ਸੁੰਭ) ਇਓਂ ਕਹਿ ਕੇ ਮਨ ਗੁੱਸੇ ਨਾਲ ਭਰ ਗਿਆ। (ਬੰਧੁ) ਭਰਾ ਦਾ (ਕੁਬੰਧੁ) ਧੜ ਜਾਂ ਸਰੀਰ ਪਿਆ ਹੋਇਆ (ਅਵਿਲੋਕ) ਵੇਖ ਕੇ (ਸੋਕ)

---

[੧] ਵੇਖੋ ਪਿਛਲੇ ਦੋਹਰੇ ਦਾ ਫੁੱਟ ਨੋਟ।

[੨] ਇਹ ਬਹੁ ਗੁਣਾਂ ਵਾਲਾ ਅਲੰਕਾਰ ਹੈ ਏਸ ਵਿਚੋਂ ਇਹ ਭਾਵ ਵੀ ਮਨ ਦੇ ਸਾਹਮਣੇ ਆਉਂਦੇ ਹਨ- (ੳ) ਲਹੂ ਵਿਚ ਪਈ ਹੋਈ ਨਿਸੁੰਭ ਦੀ ਲੋਥ ਨੂੰ ਸੁੰਭ ਨੇ ਵੇਖਿਆ ਹੈ ਜਿਸ ਤੋਂ ਨਿਸੁੰਭ ਦਾ ਲਹੂ ਬਹੁਤ ਜਿਆਦਾ ਨਿਕਲਿਆ ਹੋਇਆ ਹੈ ਮਾਨੋ ਕਿ ਸਮੁੰਦਰ ਦੇ ਪਾਣੀ ਵਿਚ ਲੀਨ ਹੋਣ ਲਈ ਤੁਰਿਆ ਹਇਆ ਹੈ। (ਅ) ਨਿਸੁੰਭ ਦੀ ਲੋਥ ਦਾ ਲਹੂ ਵੇਖ ਕੇ ਮਾਨੋ ਕਿ ਸੁੰਭ ਦਾ ਦਿਲ ਵੀ ਮਰਨ ਲਈ ਉਮਡ ਪਿਆ ਹੈ, ਮਾਨੋ ਕਿ ਇਹ ਕਾਲ ਰੂਪ ਸਾਗਰ ਦੇ ਪਾਣੀ ਨਾਲ ਮਿਲਣ ਨੂੰ ਦੌੜ ਪਿਆ ਹੈ। (ੲ) ਨਿਸੁੰਭ ਦੀ ਲੋਥ ਅਤੇ ਸਮੁਦਾਇ ਲਹੂ ਨੂੰ ਵੇਖ ਕੇ ਸੁੰਭ ਦਾ ਮਨ ਵੈਰਾਗਮਈ ਹੋ ਗਿਆ ਅਤੇ ਨੇਤ੍ਰਾਂ ਚੋਂ ਕ੍ਰੋਧਮਈ ਹੰਝੂ ਡਿੱਗੇ ਮਾਨੋ ਕਿ ਸਰਵਤੀ ਦੇ ਜਲ (ਲਹੂਮਈ ਹੰਝੂ) ਸਾਗਰ ਦੀ (ਭਰਾ ਦੀ ਮੌਤ ਨਾਲ ਮਿਲਣ ਨੂੰ ਤੁਰ ਪਿਆ ਹੈ, ਇਤਿਆਦਿਕ।

ਗ਼ਮ ਨਾਲ ਪੈਰ ਅੱਗੇ ਨਾ ਰੱਖਿਆ। (ਭਯ ਭੀਤਹਿ) ਡਰ ਨਾਲ (ਧਾਇ) ਚੜ੍ਹਾਈ ਨਾ ਕਰ ਸਕਿਆ ਮਾਨੋ ਕਿ ਚਿਤ੍ਰੇ (ਸ਼ੇਰ) ਨੂੰ ਲੰਗ ਪੈ ਗਿਆ ਹੋਵੇ॥੨੦੬॥

**ਸਵੈਯਾ॥**

**ਫੇਰਿ ਕਹਯੋ ਦਲ ਕੋ ਜਬ ਸੁੰਭ ਸੁ ਮਾਨਿ ਚਲੇ ਤਬ ਦੈਤ ਘਨੇ॥**
**ਗਜ ਰਾਜ ਸੁ ਬਾਜਿਨਿ ਕੇ ਅਸਵਾਰ ਰਥੀ ਰਥੁ ਪਾਇਕ ਕੌਨ ਗਨੇ॥**
**ਤਹਾਂ ਘੇਰ ਲਈ ਚਹੁੰ ਓਰ ਤੇ ਚੰਡਿ ਮਹਾਂ ਤਿਨ ਕੇ ਤਨ ਦੀਹ ਬਨੇ॥**
**ਮਨੁ ਭਾਨੁ ਕੋ ਛਾਇ ਲਯੋ ਉਮਡੇ ਘਨ ਘੋਰ ਘਮੰਡ ਘਟਾਨਿ ਸਨੇ॥੨੦੭॥**

***ਭਾਵਾਰਥ:–*** ਜਦੋਂ ਸੁੰਭ ਨੇ ਫ਼ੌਜ ਨੂੰ (ਫੇਰਿ) ਦੁਬਾਰਾ ਕਿਹਾ, ਤਾਂ ਬਹੁਤ ਦੈਂਤ (ਆਗਿਆ) ਮੰਨ ਕੇ ਚੱਲ ਪਏ। ਵੱਡੇ-ਵੱਡੇ ਹਾਥੀਆਂ ਅਤੇ ਚੰਗੇ ਘੋੜਿਆਂ ਦੇ ਸਵਾਰ, ਰਥਾਂ ਵਾਲਿਆਂ ਦੇ ਰਥ ਅਤੇ (ਪਾਇਕ) ਪਿਆਦਿਆਂ ਨੂੰ ਕਿਹੜਾ ਗਿਣ ਸਕਦਾ ਹੈ? ਓਥੇ ਚੰਡੀ ਚਹੁੰ ਪਾਸਿਆਂ ਤੋਂ ਘੇਰ ਲਈ ਜਿਨ੍ਹਾਂ ਦੈਂਤਾਂ ਦੇ ਸਰੀਰ (ਦੀਹ) ਵੱਡੇ ਆਕਾਰ ਦੇ ਸਰੀਰ ਬਣੇ ਹੋਏ ਸਨ। ਮਾਨੋ ਕਿ (ਉਮਡੇ) ਚਹੁੰਆਂ ਪਾਸਿਆਂ ਤੋਂ ਘੇਰ ਕੇ (ਘਮੰਡ) ਜ਼ੋਰਦਾਰ ਗੱਜਦੇ ਹੋਏ (ਘਨ) ਬੱਦਲਾਂ (ਭਾਨੁ) ਸੂਰਜ ਨੂੰ (ਛਾਇ) ਢੱਕ ਲਿਆ ਹੋਵੇ॥੨੦੭॥

**ਦੋਹਰਾ॥**

**ਚਹੁੰ ਓਰ ਘੇਰੋ ਪਰਯੋ ਤਬੈ ਚੰਡਿ ਇਹ ਕੀਨੁ॥**
**ਕਾਲੀ ਸੋਂ ਹਸਿ ਤਿਨ ਕਹੀ ਨੈਨ ਸੈਨ ਕਰਿ ਦੀਨੁ॥੨੦੮॥**

***ਭਾਵਾਰਥ:–*** ਜਦੋਂ ਚਹੁੰ ਪਾਸੀਂ ਚੰਡਿਕਾ ਨੂੰ ਘੇਰਾ ਪੈ ਗਿਆ ਤਾਂ ਉਸ ਇਹ ਕੀਤਾ। ਉਸ ਕਾਲਿਕਾ ਨੂੰ ਹੱਸ ਕੇ (ਕਹੀ) ਕਿਹਾ ਅਤੇ ਨੇਤ੍ਰਾਂ ਦੀ ਸੈਨਤ ਕਰ ਦਿੱਤੀ॥੨੦੮॥

**ਕਬਿਤੁ॥**

**ਕੇਤੇ ਮਾਰ ਡਾਰੇ ਅਉਰ ਕੇਤਕ ਚਬਾਇ ਡਾਰੇ**
**ਕੇਤਕ ਬਗਾਇ ਡਾਰੇ ਕਾਲੀ ਕੋਪ ਤਬ ਹੀ॥**
**ਬਾਜਿ ਗਜ ਭਾਰੇ ਤੇ ਤੋ ਨਖਨ ਸੋਂ ਫਾਰ ਡਾਰੇ**
**ਐਸੋ ਰਨ ਭੈਕਰ ਨ ਭਯੋ ਆਗੈ ਕਬ ਹੀ॥**
**ਭਾਗੇ ਬਹੁ ਬੀਰ ਕਾਹੂ ਸੁਧਿ ਨ ਰਹੀ ਸਰੀਰ**
**ਹਾਲਚਾਲ ਪਰੀ ਮਾਰੇ ਆਪਸਿ ਮੇਂ ਦਬ ਹੀ॥**
**ਪੇਖ ਸੁਰਰਾਇ ਮਨ ਹਰਖ ਬਢਾਇ ਸੁਰ**
**ਪੁੰਜਨ ਬੁਲਾਇ ਕਰੈ ਜੈ ਜੈ ਕਾਰ ਸਬ ਹੀ॥੨੦੯॥**

***ਭਾਵਾਰਥ:–*** ਕਈ ਮਾਰ ਸੁੱਟੇ, ਕਈ ਚੱਬ ਸੁੱਟੇ ਅਤੇ ਕਈ ਕਾਲਿਕਾ ਨੇ ਉਦੋਂ ਹੀ ਕ੍ਰੋਧ ਕਰ ਕੇ (ਬਗਾਇ) ਦੂਰ ਵਗਾ ਸੁੱਟੇ। ਜੋ ਭਾਰੀ (ਬਾਜਿ) ਘੋੜੇ ਅਤੇ ਹਾਥੀ ਸਨ, ਉਹ ਤਾਂ ਨਹੁੰਆਂ ਨਾਲ ਹੀ

ਪਾੜ ਸੁੱਟੇ, ਐਹੋ ਜਿਹਾ (ਭੈਕਰ) ਭਿਆਨਕ ਜੰਗ ਅੱਗੇ ਕਦੇ ਨਹੀਂ ਹੋਇਆ ਸੀ। ਬਹੁਤੇ ਯੋਧੇ ਭੱਜ ਗਏ, ਕਿਸੇ ਨੂੰ ਸਰੀਰ ਦੀ (ਸੁਧਿ) ਹੋਸ਼ ਨ ਰਹੀ, ਹਲਚਲੀ ਮੱਚ ਗਈ ਆਪੋ ਵਿੱਚ ਦੀ ਦੱਬ ਕੇ ਹੀ ਮਾਰੇ ਗਏ। ਮਰਦੇ ਹੋਏ ਦੈਂਤਾਂ ਨੂੰ ਵੇਖ ਕੇ (ਸੁਰਰਾਇ) ਇੰਦਰ ਮਨ ਵਿੱਚ ਖੁਸ਼ ਹੋਇਆ ਅਤੇ ਸਾਰੇ ਦੇਵਤਿਆਂ ਨੂੰ ਬੁਲਾ ਕੇ (ਚੰਡੀ ਦੀ) ਜੈ ਜੈ ਕਾਰ ਕੀਤੀ॥੨੦੯॥

**ਕਬਿਤੁ॥**

**ਕ੍ਰੋਧਮਾਨ ਭਯੋ ਕਹਯੋ ਰਾਜਾ ਸਭਿ ਦੈਤਨ ਕੇ**
**ਐਸੋ ਜੁਧੁ ਕੀਨੋ ਕਾਲੀ ਡਾਰੇ ਬੀਰ ਮਾਰ ਕੈ॥**
**ਬਲ ਕੋ ਸੰਭਾਰ ਕਰ ਲੀਨੀ ਕਰਵਾਰ ਢਾਰ**
**ਪੈਠੋ ਰਨ ਮਧਜ ਮਾਰਿ ਮਾਰਿ ਯੌਂ ਉਚਾਰ ਕੈ॥**
**ਸਾਥ ਭਏ ਸੁੰਭ ਕੇ ਸੁ ਮਹਾ ਬੀਰ ਧੀਰ ਜੋਧੇ**
**ਲੀਨਿ ਹਥਿਆਰ ਆਪ ਆਪਨੇ ਸੰਭਾਰ ਕੈ॥**
**ਐਸੇ ਚਲੇ ਦਾਨੋ ਰਵਿ ਮੰਡਲ ਛਪਾਨੋ ਮਾਨੋ**
**ਸਲਭ ਉਡਾਨੋ ਪੁੰਜ ਪੰਖਨ ਸੁ ਧਾਰ ਕੈ॥੨੧੦॥**

***ਭਾਵਾਰਥ:–*** ਕ੍ਰੋਧਿਤ (ਭਯੋ) ਹੋ ਕੇ ਸਾਰਿਆਂ ਦੈਂਤਾਂ ਦੇ ਰਾਜੇ ਨੇ ਕਿਹਾ ਕਿ ਕਾਲਿਕਾ ਨੇ ਐਸਾ ਜੰਗ ਕੀਤਾ ਹੈ ਕਿ ਯੋਧੇ ਮਾਰ ਸੁੱਟੇ ਹਨ। ਤਾਕਤ ਅਥਵਾ ਫ਼ੌਜ ਨੂੰ ਸੰਭਾਲ ਕੇ ਹੱਥ ਵਿੱਚ ਤਲਵਾਰ ਅਤੇ ਢਾਲ ਫੜ੍ਹ ਕੇ, ਮਾਰ ਮਾਰ ਬੋਲ ਕੇ ਇਓਂ ਜੰਗ ਵਿੱਚ ਧੱਸ ਜਾਓ। ਮਹਾਂ (ਬੀਰ) ਬਲੀ, (ਧਰਿ) ਧੀਰਜਵਾਨ ਯੋਧੇ ਆਪੋ ਆਪਣੇ ਹਥਿਆਰ ਸੰਭਾਲ (ਲੀਨਿ) ਕੇ ਸੁੰਭ ਦੇ ਨਾਲ ਹੋ ਗਏ। (ਪੁੰਜ) ਸਾਰੇ (ਦਾਨੋ) ਦੈਂਤ ਇਓਂ ਚੱਲੇ ਮਾਨੋ ਕਿ ਜਿਵੇਂ (ਸਲਭ) ਮੱਕੜੀ ਦਲ ਖੰਭ ਸਵਾਰ ਕੇ (ਰਵਿ) ਸੂਰਜ ਮੰਡਲ ਨੂੰ ਛਿਪਾਉਣ ਲਈ ਉਡਿਆ ਹੈ॥੨੧੦॥

**ਸਵੈਯਾ॥**

**ਦਾਨਵ ਸੈਨ ਲਖੈ ਬਲਵਾਨ ਸੁ ਬਾਹਨ ਚੰਡਿ ਪ੍ਰਚੰਡਿ ਭ੍ਰਮਾਨੋ॥**
**ਚਕ੍ਰ ਅਲਾਤਕਿ ਬਾਤ ਬਘੂਰਨ ਛਤ੍ਰ ਨਹੀ ਸਮ ਔ ਖਰ ਸਾਨੋ॥**
**ਤਾ ਰਨ ਮਾਹਿ ਸੁ ਐਸੁ ਫਿਰਯੋ ਜਲ ਭੌਰਿ ਨਹੀ ਸਰ ਤਾਹਿ ਬਖਾਨੋ॥**
**ਔਰ ਨਹੀ ਉਪਮਾ ਉਪਜੈ ਸੁ ਦੁਹੂੰ ਰੁਖੁ ਕੇਹਰਿ ਕੇ ਮੁਖਿ ਮਾਨੋ॥੨੧੧॥**

***ਭਾਵਾਰਥ:–*** ਦੈਂਤਾਂ ਦੀ ਬਲ ਵਾਲੀ ਫ਼ੌਜ ਵੇਖ ਕੇ ਚੰਡਿਕਾ ਨੇ ਆਪਣੇ (ਬਾਹਨ) ਸ਼ੇਰ ਨੂੰ (ਪ੍ਰਚੰਡਿ) ਤੇਜ਼ ਨਾਲ ਜੰਗ ਵਿੱਚ ਘੁਮਾਇਆ। (ਅਲਾਤਕੀ) ਦੀਵਿਆਂ ਚਾਲੀ ਮਰਹਟੀ ਦੇ (ਚਕ੍ਰ) ਗੇੜੇ, ਹਵਾ ਦੇ (ਬਘੂਰਨ) ਵਰੋਲੇ ਛਤ੍ਰ ਅਤੇ (ਖਰਸਾਨੋ) ਚੰਗੀ ਸਾਣ ਅਥਵਾ ਖਰਾਸ ਭਾਵ ਆਟਾ ਪੀਹਣ ਵਾਲੀ ਚੱਕੀ ਵੀ ਬਰਾਬਰ ਨਹੀਂ। ਓਸ ਜੰਗ ਵਿੱਚ ਇਓਂ ਫਿਰਿਆ ਕਿ (ਓਸਦੇ ਬਰਾਬਰ) (ਸਰਤਾਹਿ) ਨਦੀ ਵਿੱਚ ਜਾਲ ਦੀ (ਭੌਰਿ) ਘੁੰਮਣ ਘੇਰੀ ਵੀ ਨਹੀਂ ਕਹੀ ਜਾ ਸਕਦੀ। (ਕਵੀ ਜੀ ਕਹਿੰਦੇ ਹਨ ਕਿ ਮੇਰੇ ਮਨ ਵਿੱਚ) ਹੋਰ ਉਪਮਾ ਨਹੀਂ ਪੈਦਾ ਹੁੰਦੀ ਮਾਨੋ ਕਿ ਦੁਹੀਂ (ਰੁਖੁ) ਪਾਸੀਂ (ਕੇਹਰਿ) ਸ਼ੇਰ

ਦੇ ਹੀ ਮੂੰਹ ਨੇ ਭਾਵ ਪੂਛ ਵੱਲ ਅਤੇ ਸਿਰ ਵੱਲ ਮੂੰਹ ਹੀ ਹੈ, ਪੂਛ ਨਹੀਂ ਹੈ ਸ਼ੇਰ ਏਡੀ ਤਜ਼ਜੀ ਨਾਲ ਫਿਰਦਾ ਹੈ॥੨੧੧॥

**ਜੁੱਧੁ ਮਹਾਂ ਅਸੁਰੰ ਗਨ ਸਾਥਿ ਭਯੋ ਤਬ ਚੰਡਿ ਪ੍ਰਚੰਡਿਹਿ ਭਾਰੀ॥**
**ਸੈਨ ਅਪਾਰ ਹਕਾਰ ਸੁਧਾਰ ਬਿਦਾਰ ਸੰਘਾਰ ਦਈ ਰਨਕਾਰੀ॥**
**ਖੇਤ ਭਯੋ ਤਹਾ ਚਾਰ ਸੌ ਕੋਸ ਲੌ ਸੋ ਉਪਮਾ ਕਵਿ ਦੇਖਿ ਬਿਚਾਰੀ॥**
**ਪੂਰਨ ਏਕ ਘਰੀ ਨ ਪਰੀ ਜਿ ਗਿਰੇ ਧਰ ਪੈ ਬਰ ਜਯੋਂ ਪਤਝਾਰੀ॥੨੧੨॥**

***ਭਾਵਾਰਥ:–*** ਤਾਂ ਚੰਡਿਕਾ ਦਾ ਭਾਰੀ (ਪ੍ਰਚੰਡਿਹਿ) ਭਿਆਨਕ ਅਤੇ ਮਹਾਨ ਜੰਗ (ਗਨ) ਸਾਰੇ ਦੈਂਤਾਂ ਨਾਲ ਹੋਇਆ। (ਅਪਾਰ) ਬਹੁਤ (ਰਨਕਾਰੀ) ਲੜਾਕੀ ਫ਼ੌਜ ਚੰਗੀ ਤਰ੍ਹਾਂ ਵੰਗਾਰ ਕੇ, (ਸੰਘਾਰ) ਮਾਰ ਕੇ (ਬਿਦਾਰ) ਨਾਸ ਕਰ ਦਿੱਤੀ। ਓਥੇ (ਖੇਤ) ਮੈਦਾਨ (ਜੰਗ) ਚਾਰ ਸੌ ਕੋਹ ਤੱਕ ਬਣ ਗਿਆ, ਉਹਨੂੰ ਵੇਖ ਕੇ ਕਵੀ ਨੇ ਉਪਮਾ ਸੋਚੀ ਹੈ। (ਜੰਗ ਕਰਦਿਆਂ ਚੰਡਿਕਾ ਨੂੰ) ਇੱਕ ਘੜੀ ਵੀ ਪੂਰੀ ਨਹੀਂ ਹੋਈ, ਜੋ (ਦੈਂਤ) ਜ਼ਮੀਨ ਤੇ ਡਿਗ ਪਏ ਜਿਵੇਂ ਪੱਤਝੜ (ਸਿਸਰ ਰਿਤੁ) ਵਿੱਚ (ਬਰ) ਪੱਤੇ ਡਿਗਦੇ ਹਨ॥੨੧੨॥

**ਮਾਰਿ ਚਮੂ ਚਤੁਰੰਗ ਲਈ ਤਬ ਲੀਨੁ ਹੈ ਸੁੰਭ ਚਮੁੰਡ ਕੋ ਆਗਾ॥**
**ਚਾਲ ਪਰਯੋ ਅਵਨੀ ਸਿਗਰੀ ਹਰਿ ਜੂ ਹਰਿ ਆਸਨ ਤੇ ਉਠਿ ਭਾਗਾ॥**
**ਸੂਖ ਗਯੋ ਤ੍ਰਸ ਕੈ ਹਰਹਾਰ ਸੁ ਸੰਕਤਿ ਅੰਕ ਮਹਾ ਭਯੋ ਜਾਗਾ॥**
**ਲਾਗ ਰਹਯੋ ਲਪਟਾਇ ਗਰੇ ਮਧਿ ਮਾਨਹੁ ਮੁੰਡ ਕੀ ਮਾਲ ਕੋ ਤਾਗਾ॥੨੧੩॥**

***ਭਾਵਾਰਥ:–*** ਚੰਡਿਕਾ ਨੇ ਚਾਰ ਤਰ੍ਹਾਂ ਦੀ (ਚਮੂ) ਫ਼ੌਜ ਮਾਰ ਲਈ, ਤਾਂ ਸੁੰਭ ਨੇ ਚਮੁੰਡਾ ਦੇਵੀ ਦਾ ਅੱਗਾ ਆ (ਲੀਨੁ) ਮੱਲਿਆ। ਸਾਰੀ (ਅਵਨੀ) ਧਰਤੀ ਵਿੱਚ (ਚਾਲਿ) ਹਲਚਲ ਪੈ ਗਈ ਭਾਵ ਭੂਚਾਲ ਆ ਗਿਆ, (ਹਰਿ) ਵਿਸ਼ਨੂੰ ਜੀ (ਹਰਿ) ਸ਼ੇਸ਼ਨਾਗ ਦੇ ਆਸਣ ਅਥਵਾ ਕਮਲਾਸਨ ਤੋਂ ਉੱਠ ਦੌੜਿਆ। (ਹਰਹਾਰਿ) ਸ਼ਿਵ ਦੇ ਗਲੇ ਦਾ ਸ਼ਿੰਗਾਰ ਭਾਵ ਸੱਪ ਡਰ ਕੇ ਸੁੱਕ ਗਿਆ, ਸੱਪ ਦੇ (ਅੰਕ) ਹਿਰਦੇ ਵਿੱਚ ਮਹਾਨ ਡਰ (ਜਾਗਾ) ਪ੍ਰਗਟ ਹੋ ਗਿਆ, ਜਿਸ ਤੋਂ (ਸੰਕਤਿ) ਸੰਕੁਚਿਤ ਹੋਇਆ ਹੋਇਆ ਸੀ। ਸ਼ਿਵ ਦੇ ਗਲ (ਮਧਿ) ਨਾਲ ਚੰਬੜਿਆ ਹੋਇਆ ਸੀ, ਮਾਨੋ ਕਿ (ਮੁੰਡ) ਸਿਰਾਂ ਦੀ ਮਾਲਾ ਦਾ ਧਾਗਾ ਹੋਵੇ॥੨੧੩॥

**ਸਵੈਯਾ॥**

**ਚੰਡਿ ਕੇ ਸਾਮੁਹਿ ਆਇ ਕੈ ਸੁੰਭ ਕਹਯੋ ਮੁਖ ਸੋਂ ਇਹ ਮੈ ਸਭਿ ਜਾਨੀ॥**
**ਕਾਲੀ ਸਮੇਤ ਸਭੈ ਸਕਤੀ ਮਿਲਿ ਦੀਨੁ ਖਪਾਇ ਸਭੈ ਦਲੁ ਬਾਨੀ॥**
**ਚੰਡਿ ਕਹਯੋ ਮੁਖ ਤੇ ਉਨ ਕੋ ਤੇਊ ਤਾ ਛਿਨ ਗਉਰਿ ਕੇ ਮਧਜ ਸਮਾਨੀ॥**
**ਜਯੋਂ ਸਰਿਤਾ ਪ੍ਰਵਾਹ ਕੇ ਬੀਚ ਮਿਲੈ ਬਰਖਾ ਬਹੁ ਬੂੰਦਨ ਪਾਨੀ॥੨੧੪॥**

***ਭਾਵਾਰਥ:–*** ਚੰਡਿਕਾ ਦੇ ਸਾਹਮਣੇ ਆ ਕੇ ਸੁੰਭ ਨੇ ਕਿਹਾ ਕਿ ਮੈਂ ਇਹ ਸਾਰੀ ਗੱਲ ਜਾਣ ਲਈ ਹੈ ਕਿ ਕਾਲਿਕਾ ਸਹਿਤ ਸਾਰੀਆਂ ਸ਼ਕਤੀਆਂ ਨੇ ਮਿਲ ਕੇ ਸਾਰੇ ਫ਼ੌਜ ਦੇ (ਬਾਨੀ) ਆਗੂ ਭਾਵ ਮੁਖੀਏ ਅਥਵਾ ਬਾਣਾਂ ਵਾਲੇ ਖਪਾ ਦਿੱਤੇ ਹਨ। ਚੰਡਿਕਾ ਨੇ (ਸ਼ਕਤੀਆਂ ਨੂੰ) ਆਪਣੇ ਮੁੱਖੋਂ ਕਿਹਾ ਕਿ ਮੇਰੇ ਵਿੱਚ ਲੀਨ ਹੋ ਜਾਓ ਤਾਂ ਉਹ ਵੀ ਉਸੇ ਵੇਲੇ (ਗਉਰਿ) ਦੁਰਗਾ ਦੇ ਵਿੱਚ ਸਮਾ ਗਈਆਂ। ਜਿਵੇਂ (ਸਰਿਤਾ) ਨਦੀ ਦੇ (ਪ੍ਰਵਾਹ) ਵਹਿਣ ਵਿੱਚ ਵਰਖਾ ਦੀਆਂ ਬਹੁਤੀਆਂ ਬੂੰਦਾ ਦਾ ਪਾਣੀ (ਮਿਲੈ) ਸਮਾ ਜਾਂਦਾ ਹੈ॥੨੧੪॥

**ਸਵੈਯਾ॥**

**ਕੈ ਬਲ ਚੰਡਿ ਮਹਾ ਰਨ ਮਧਜ ਸੁ ਲੈ ਜਮਦਾੜ੍ਹ ਕੀ ਤਾ ਪਰਿ ਲਾਈ॥**
**ਪੈਠਿ ਗਈ ਅਰਿ ਕੇ ਉਰ ਮੈ ਤਿਹ ਸ੍ਰੋਨਤ ਜੁੱਗਨਿ ਪੂਰ ਅਘਾਈ॥**
**ਦੀਰਘ ਜੁੱਧੁ ਬਿਲੋਕ ਕੈ ਬੁੱਧਿ ਕਵੀਸ੍ਵਰ ਕੇ ਮਨ ਮੈ ਇਹ ਆਈ॥**
**ਲੋਥ ਪੈ ਲੋਥ ਗਈ ਪਰ ਯੌਂ ਸੁ ਮਨੋ ਸੁਰ ਲੋਗ ਕੀ ਸੀਹਢੀ ਬਨਾਈ॥੨੧੫॥**

***ਭਾਵਾਰਥ:–*** ਚੰਡਿਕਾ ਨੇ ਜੰਗ ਵਿੱਚ ਮਹਾਨ ਜ਼ੋਰ ਕਰ ਜੇ (ਜਮਦਾੜ) ਕਟਾਰ ਲੈ (ਤਾ) ਓਸ (ਸੁੰਭ) ਤੇ (ਕੀ) ਚੋਟ ਲਾਈ। ਦੁਸ਼ਮਣ ਦੇ (ਉਰ) ਹਿਰਦੇ ਅਥਵਾ ਛਾਤੀ ਵਿੱਚ ਧੱਸ ਗਈ, ਉਸਦੇ ਲਹੂ ਤੋਂ ਯੋਗਣੀਆਂ (ਪੂਰ) ਚੰਗੀ ਤਰ੍ਹਾਂ ਪੇਟ ਭਰ ਕੇ ਭਾਵ ਰੱਜ ਗਈਆਂ। (ਦੀਰਘ) ਮਹਾਨ ਜੰਗ (ਬਿਲੋਕ) ਵੇਖ ਕੇ ਕਵੀਸ਼ਰ ਦੇ ਮਨ ਵਿੱਚ ਇਹ (ਬੁੱਧਿ) ਵਿਚਾਰ ਆਈ। ਲੋਥਾਂ ਤੇ ਲੋਥਾਂ ਇਓਂ ਪੈ ਗਈਆਂ ਮਾਨੋ ਕਿ ਦੇਵ ਲੋਕ (ਸਵਰਗ) ਦੀ (ਸੀਢੀ) ਪੌੜੀ ਬਣਾਈ ਹੋਈ ਹੋਵੇ॥੨੧੫॥

**ਸੁੰਭ ਚਮੂ ਸੰਗ ਚੰਡਿਕਾ ਕ੍ਰੁੱਧ ਕੈ ਜੁੱਧ ਅਨੇਕਨਿ ਵਾਰ ਮਚਯੋ ਹੈ॥**
**ਜੰਬੁਕ ਜੁੱਗਨਿ ਗ੍ਰਿਝ ਮਜੂਰ ਰਕਤ੍ਰ ਕੀ ਕੀਚ ਮੈ ਈਸ ਨਚਯੋ ਹੈ॥**
**ਲੁੱਥ ਪੈ ਲੁੱਥ ਸੁ ਭੀਤਿ ਭਈ ਸਿਤ ਗੂਦ ਅਉ ਮੇਦ ਲੈ ਤਾਹਿ ਗਚਯੋ ਹੈ॥**
**ਭੌਨ ਰੰਗੀਨ ਬਨਾਇ ਮਨੋ ਕਰਮਾਵਿਸੁ ਚਿਤ੍ਰ ਬਚਿਤ੍ਰ ਰਚਯੋ ਹੈ॥੨੧੬॥**

***ਭਾਵਾਰਥ:–*** ਚੰਡਿਕਾ ਦਾ ਕ੍ਰੋਧ ਨਾਲ ਸੁੰਭ ਦੀ (ਚਮੂੰ) ਫ਼ੌਜ ਨਾਲ ਅਨੇਕਾਂ ਵਾਰ ਜੰਗ ਮੱਚਿਆ। ਗਿੱਦੜ, (ਜੁੱਗਨਿ) ਇੱਲ੍ਹਾਂ, ਗਿਰਝਾਂ, (ਮਜੂਰ) ਬਿੱਲੇ (ਮਾਰਜਾਰ) ਅਤੇ (ਈਸ) ਸ਼ਿਵ (ਰਕੜ) ਲਹੂ ਦੇ (ਕੀਚ) ਗਾਰੇ ਵਿੱਚ ਨੱਚਿਆ। ਲੋਥਾਂ ਤੇ ਲੋਥਾਂ ਰੂਪ (ਭੀਤਿ) ਕੰਧ ਬਣ ਗਈ ਹੈ, (ਗੂਦ) ਚਰਬਿ ਅਤੇ (ਮੇਦ) ਮਿੱਝ ਰੂਪ (ਸਿਤ) ਚਿੱਟਾ (ਚੂਨਾ) (ਗਚਿਓ) ਲਾਇਆ ਹੋਇਆ ਹੈ। ਮਾਨੋ ਕਿ ਵਿਸ਼ਵਕਰਮਾ ਨੇ ਰੰਗਦਾਰ (ਭਉਨ) ਘਰ ਬਣਾ ਕੇ (ਬਚਿਤ੍ਰ) ਅਸਚਰਜ਼ (ਚਿਤ੍ਰ) ਮੂਰਤ ਨੂੰ (ਰਚਿਓ) ਬਣਾਇਆ ਹੈ॥੨੧੬॥

**ਸਵੈਯਾ॥**

**ਦੁੰਦ ਸੁ ਜੁੱਧੁ ਭਯੋ ਰਨ ਮੈ ਉਤ ਸੁੰਭ ਇਤੈ ਬਰ ਚੰਡਿ ਸੰਭਾਰੀ॥**
**ਘਾਇ ਅਨੇਕ ਭਏ ਦੁਹੂੰ ਕੇ ਤਨ ਪੌਰਖ ਗਯੋ ਸਭ ਦੈਤ ਕੋ ਹਾਰੀ॥**

**ਹੀਨ ਭਈ ਬਲ ਤੇ ਭੁਜ ਕਾਂਪਤਿ ਸੋ ਉਪਮਾ ਕਵਿ ਐਸਿ ਬਿਚਾਰੀ॥**
**ਮਾਨਹੁ ਗਾਰੁੜ ਕੇ ਬਲ ਤੇ ਲਟਿ ਪੰਚ ਮੁਖੀ ਜੁਗ ਸਾਪਨਿ ਕਾਰੀ॥੨੧੭॥**

***ਭਾਵਾਰਥ:–*** ਓਧਰੋਂ ਸੁੰਭ ਅਤੇ ਏਧਰੋਂ ਸ਼ਕਤੀ ਵਾਲੀ ਚੰਡੀ ਦੇ ਵਿਚਕਾਰ ਮੈਦਾਨ ਵਿੱਚ ਮਹਾਨ ਜੰਗ ਹੋਇਆ। ਦੋਹਾਂ ਦਿਆਂ ਸਰੀਰਾਂ ਵਿੱਚ ਅਨੇਕਾਂ (ਘਾਇ) ਜ਼ਖ਼ਮ ਹੋ ਗਏ, ਦੈਂਤ (ਸੁੰਭ) ਦਾ ਸਾਰਾ (ਪਉਰਖ) ਬਲ (ਹਾਰੀ) ਨਾਸ ਹੋ ਗਿਆ। ਤਾਕਤ ਤੋਂ ਹੀਣੀ ਹੋਈ ਬਾਂਹ ਕੰਬਦੀ ਸੀ, ਓਸ ਵਾਸਤੇ ਕਵੀ ਨੇ ਇਹ ਉਪਮਾ ਸੋਚੀ ਹੈ। ਮਾਨੋ ਕਿ (ਗਾਰੜੁ) ਗਰੁੜ ਦੇ ਮੰਤ੍ਰ ਦੇ ਜ਼ੋਰ ਨਾਲ ਦੋ (ਪੰਜ ਮੁਖੀ) ਪੰਜ ਮੁੱਖਾਂ ਵਾਲੀਆਂ ਕਾਲੀਆਂ ਸੱਪਣੀਆਂ (ਲਾਟਿ) ਕਮਜ਼ੋਰ ਹੋਈਆਂ ਹੋਈਆਂ ਹਨ॥੨੧੭॥

**ਕੋਪ ਭਈ ਬਰ ਚੰਡਿ ਮਹਾਂ ਬਹੁ ਜੁੱਧੁ ਕਰਯੋ ਰਨ ਮੈ ਬਲ ਧਾਰੀ॥**
**ਲੈ ਕੈ ਕ੍ਰਿਪਾਨ ਮਹਾ ਬਲਵਾਨ ਪਚਾਰ ਕੈ ਸੁੰਭ ਕੇ ਊਪਰਿ ਝਾਰੀ॥**
**ਸਾਰ ਸੋ ਸਾਰ ਕੀ ਧਾਰ ਬਜੀ ਝਨਕਾਰ ਉਠੀ ਤਿਹ ਤੇ ਚਿਨਗਾਰੀ॥**
**ਮਾਨਹੁ ਭਾਦਵ ਮਾਸ ਕੀ ਰੈਨਿ ਲਸੈ ਪਟ ਬੀਜਨ ਕੀ ਚਮਕਾਰੀ॥੨੧੮॥**

***ਭਾਵਾਰਥ:–*** (ਬਰ) ਉੱਤਮ ਚੰਡਿਕਾ ਬਹੁਤ (ਕੋਪ) ਗੁੱਸੇ ਹੋਈ, ਰਣ (ਮੈਦਾਨ) ਵਿੱਚ ਬਲਧਾਰ ਕੇ ਬਹੁਤ ਜੰਗ ਕੀਤਾ। (ਮਹਾਂ ਬਲਵਾਨ) ਚੰਡਿਕਾ ਨੇ ਤਲਵਾਰ ਲੈ ਕੇ (ਪਚਾਰ) ਬੋਲ ਕੇ ਭਾਵ ਗੱਜ ਕੇ ਜਾਂ ਵੰਗਾਰ ਕੇ ਸੁੰਭ ਦੇ ਉੱਤੇ (ਝਾਰੀ) ਮਾਰ ਦਿੱਤੀ। (ਸਾਰ) ਲੋਹੇ (ਸ਼ਸਤਰਾਂ) ਨਾਲ ਸ਼ਸਤਰ ਦੀ ਧਾਰ (ਬਜੀ) ਖੜਕੀ (ਝਨਕਾਰ) ਆਵਾਜ਼ (ਛਣਕਾਰ ਅਥਵਾ ਚਮਕਾਰ) ਨਾਲ ਉਸ ਤੋਂ ਚਿਣਗਾਰੀਆਂ ਉੱਠੀਆਂ। ਮਾਨੋ ਕਿ ਭਾਦੋਂ ਦੇ ਮਹੀਨੇ ਦੀ ਰਾਤ ਨੂੰ (ਪਟਬੀਜਨ) ਜੁਗਨੂੰਆਂ ਦੀ ਚਮਕ (ਲਸੈ) ਚਮਕਦੀ ਹੋਵੇ॥੨੧੮॥

**ਘਾਇਨ ਤੇ ਬਹੁ ਸ੍ਰੋਨ ਪਰਯੋ ਬਲ ਛੀਨ ਭਯੋ ਨ੍ਰਿਪ ਸੁੰਭ ਕੋ ਕੈਸੇ॥**
**ਜੋਤਿ ਘਟੀ ਮੁਖ ਕੀ ਤਨ ਕੀ ਮਨੁ ਪੂਰਨ ਤੇ ਪਰਿਵਾ ਸਸਿ ਜੈਸੇ॥**
**ਚੰਡਿ ਲਯੋ ਕਰਿ ਸੁੰਭ ਉਠਾਇ ਕਹਯੋ ਕਵਿ ਨੇ ਮੁਖਿ ਤੇ ਜਸੁ ਐਸੇ॥**
**ਰੱਛਨ ਗੋਧਨ ਕੇ ਹਿਤੁ ਕਾਨ੍ਹ ਉਠਾਇ ਲਯੋ ਗਿਰ ਗੋਧਨੁ ਜੈਸੇ॥੨੧੯॥**

***ਭਾਵਾਰਥ:–*** ਗ਼ਖ਼ਮਾਂ ਤੋਂ ਬਹੁਤ ਲਹੂ (ਪਰਿਓ) ਵਗ ਗਿਆ ਤਾਂ ਰਾਜੇ ਸੁੰਭ ਦਾ ਬਲ ਕਿਵੇਂ (ਛੀਨ) ਨਾਸ ਹੋਇਆ ਸੀ? ਮੂੰਹ ਦੀ ਅਤੇ ਸਰੀਰ ਦੀ (ਜੋਤਿ) ਕ੍ਰਾਂਤੀ ਘਟ ਗਈ, ਜਿਵੇਂ (ਮਨੁ) ਮੰਨ ਲਉ ਕਿ ਪੂਰਨਮਾਸੀ ਤੋਂ (ਪਰਵਾ) ਏਕਮ ਦਾ (ਸਸਿ) ਚੰਦ ਘਟਦਾ ਹੁੰਦਾ ਹੈ। ਚੰਡਿਕਾ ਨੇ ਸੁੰਭ ਨੂੰ ਹੱਥ ਤੇ ਚੁੱਕ ਲਿਆ, ਤਾਂ ਓਸ ਦਾ ਯਸ਼ ਕਵੀ ਨੇ ਇਓਂ ਕਿਹਾ ਹੈ ਕਿ ਜਿਵੇਂ (ਗੋਧਨ) ਗਊਆਂ ਨੂੰ ਰੱਖਣ ਦੇ (ਹਿਤੁ) ਵਾਸਤੇ (ਕਾਨ੍ਹ) ਸ੍ਰੀ ਕ੍ਰਿਸ਼ਨ ਭਗਵਾਨ ਜੀ ਨੇ (ਗਿਰਿ ਗੋਧਨੁ) ਗੋਵਰਧਨ ਪਹਾੜ ਚੁੱਕ ਲਿਆ ਸੀ॥੨੧੯॥

**ਦੋਹਰਾ॥**

**ਕਰ ਤੇ ਗਿਰ ਧਰਨੀ ਪਰਿਓ ਧਰ ਤੇ ਗਯੋ ਅਕਾਸ॥**

**ਸੁੰਭ ਸੰਘਾਰਨ ਕੇ ਨਮਿਤ ਗਈ ਚੰਡਿ ਤਿਹ ਪਾਸ॥੨੨੦॥**

***ਭਾਵਾਰਥ:–*** ਹੱਥ ਤੋਂ ਜ਼ਮੀਨ 'ਤੇ ਡਿੱਗ ਪਿਆ ਅਤੇ ਜ਼ਮੀਨ ਤੋਂ ਆਸਮਾਨ ਵਿੱਚ ਚਲਿਆ ਗਿਆ। ਸੁੰਭ ਨੂੰ ਮਾਰਨ ਵਾਸਤੇ ਚੰਡਿਕਾ ਵੀ ਉਹਦੇ ਪਾਸ ਗਈ॥੨੨੦॥

**ਸਵੈਯਾ॥**

**ਬੀਚ ਤਬੈ ਨਭ ਮੰਡਲ ਚੰਡਿਕਾ ਜੁੱਧੁ ਕਰਯੋ ਜਿਮ ਆਗੇ ਨ ਹੋਊ॥**
**ਸੂਰਜ ਚੰਦੁ ਨਛੱਤ੍ਰ ਸਚੀਪਤਿ ਔਰ ਸਭੈ ਸੁਰ ਪੇਖਤ ਸੋਊ॥**
**ਖੈਚ ਕੈ ਮੁੰਡ ਦਈ ਕਰਵਾਰ ਕੀ ਏਕ ਕੋ ਮਾਰ ਕਿਯੇ ਤਬ ਦੋਊ॥**
**ਸੁੰਭ ਦੁ ਟੂਕ ਹ੍ਵੈ ਭੂਮਿ ਪਰਯੋ ਤਨ ਜਯੋਂ ਕਲਵਤ੍ਰ ਸੋ ਚੀਰਤ ਕੋਊ॥੨੨੧॥**

***ਭਾਵਾਰਥ:–*** ਉਦੋਂ ਚੰਡਿਕਾ ਨੇ (ਨਭ) ਆਕਾਸ਼ ਮੰਡਲ ਵਿੱਚ ਜੰਗ ਕੀਤਾ, ਜੋ ਕਦੀ ਨਹੀਂ ਹੋਇਆ। ਸੂਰਜ, ਚੰਦ, ਤਾਰੇ (ਸਚੀਪਤਿ) ਇੰਦਰ ਅਤੇ ਹੋਰ ਸਾਰੇ ਦੇਵਤੇ ਉਹ (ਜੰਗ) ਵੇਖਦੇ ਹਨ। (ਚੰਡਿਕਾ ਨੇ) ਤਲਵਾਰ ਖਿੱਚ ਕੇ ਸਿਰ ਤੇ ਮਾਰੀ, ਤਾਂ ਇੱਕ ਨੂੰ ਮਾਰ ਕੇ ਦੋ ਕਰ ਦਿੱਤੇ। ਸੁੰਭ ਦਾ ਸਰੀਰ ਦੋ ਟੁੱਕੜੇ ਹੋ ਕੇ ਜ਼ਮੀਨ 'ਤੇ ਡਿੱਗ ਪਿਆ, ਜਿਵੇਂ ਕੋਈ (ਕਲਵਤ੍ਰ[੧]) ਆਰੇ ਨਾਲ ਚੀਰ ਦੇਂਦਾ ਹੈ॥੨੨੧॥

**ਦੋਹਰਾ॥**

**ਸੁੰਭ ਮਾਰ ਕੈ ਚੰਡਿਕਾ ਉਠੀ ਸੁ ਸੰਖ ਬਜਾਇ॥**
**ਤਬ ਧੁਨਿ ਘੰਟਾ ਕੀ ਕਰੀ ਮਹਾ ਮੋਦ ਮਨ ਪਾਇ॥੨੨੨॥**

***ਭਾਵਾਰਥ:–*** ਚੰਡਿਕਾ ਸੁੰਭ ਨੂੰ ਮਾਰ ਕੇ ਸੰਖ ਵਜਾ ਉੱਠੀ ਭਾਵ ਖੁਸ਼ ਹੋ ਗਈ ਤਾਂ ਘੰਟੇ ਦੀ ਆਵਾਜ਼ ਵੀ ਮਨ ਵਿੱਚ ਬਹੁਤ (ਮੋਦ) ਪ੍ਰਸੰਨ ਹੋ ਕੇ ਕੀਤੀ॥੨੨੨॥

**ਦੈਤਜ ਰਾਜ ਛਿਨ ਮੈ ਹਨਯੋ ਦੇਵੀ ਇਹ ਪਰਕਾਰ॥**
**ਅਸਟ ਕਰਨ ਮਹਿ ਸਸਤ੍ਰ ਗਹਿ ਸੈਨਾ ਦਈ ਸੰਘਾਰ॥੨੨੩॥**

***ਭਾਵਾਰਥ:–*** ਦੇਵੀ ਦੁਰਗਾ ਨੇ ਇਸ ਤਰ੍ਹਾਂ ਦੈਂਤਾਂ ਦੇ ਰਾਜੇ (ਸੁੰਭ) ਨੂੰ ਛਿਨ ਵਿੱਚ ਹੀ ਮਾਰ ਦਿੱਤਾ। ਅੱਠਾਂ ਹੱਥਾਂ ਵਿੱਚ ਹੀ ਸ਼ਸਤਰ ਫੜ੍ਹ ਕੇ ਫ਼ੌਜ ਮਾਰ ਦਿੱਤੀ॥੨੨੩॥

**ਸਵੈਯਾ॥**

**ਚੰਡ ਕੇ ਕੋਪ ਨ ਓਪ ਰਹੀ ਰਨ ਮੈ ਅਸਿ ਧਾਰ ਭਈ ਸਮੁਹਾਈ॥**
**ਮਾਰਿ ਬਿਦਾਰਿ ਸੰਘਾਰਿ ਦਏ ਤਬ ਭੂਪ ਬਿਨਾ ਕਰੈ ਕੌਨ ਲਰਾਈ॥**

---

[੧] ਏਥੇ 'ਕਲਵਤ੍ਰ' ਤੋਂ ਸੰਕੇਤ 'ਕਾਸ਼ੀ ਦੇ ਆਰੇ' ਵੱਲ ਹੈ, ਜੀਹਨੂੰ ਦੰਭੀ ਬ੍ਰਾਹਮਣਾਂ ਨੇ ਯਾਤਰੂ ਧਨੀਆਂ ਨੂੰ ਮਾਰਨ ਅਤੇ ਲੁੱਟਣ ਵਾਸਤੇ ਬਣਾਇਆ ਹੋਇਆ ਸੀ। ਜਿਸਨੂੰ ਅੰਗਰੇਜ਼ ਰਾਜ ਵੇਲੇ ਬਰਤਾਨੀਆ ਗੌਰਮਿੰਟ ਨੇ ਇੱਕ ਖੂਹ ਵਿੱਚ ਸੁਟਵਾ ਕੇ ਉੱਤੇ ਲੋਹੇ ਦਾ ਜੰਗਲਾ ਲਾਇਆ ਹੈ। ਇਹ ਬਨਾਰਸ ਦੇ ਵਿਸ਼ਵਨਾਥ ਮੰਦਰ ਦੇ ਪਾਸ ਹੈ। ਦੰਭੀਆਂ ਨੇ ਏਸ ਆਰੇ ਲਈ ਕਈ ਊਲ-ਜਲੂਲ ਕਥਾ ਚਲਾਈਆਂ ਹੋਈਆਂ ਹਨ।

**ਕਾਂਪ ਉਠੇ ਅਰਿ ਤ੍ਰਾਸ ਹਿਯੇ ਧਰਿ ਛਾਡਿ ਦਈ ਸਭ ਪੌਰਖਤਾਈ॥**
**ਦੈਤਜ ਚਲੇ ਤਜਿ ਖੇਤ ਇਉ ਜੈਸੇ ਬਡੇ ਗੁਨ ਲੋਭ ਤੇ ਜਾਤ ਪਰਾਈ॥੨੨੪॥**

***ਭਾਵਾਰਥ:–*** ਚੰਡਿਕਾ ਜੰਗ ਵਿੱਚ (ਅਸਿ) ਤਲਵਾਰ ਧਾਰ ਕੇ ਸਹਮਣੇ ਹੋਈ (ਤਾਂ ਦੈਂਤ ਸੈਨਾ ਵਿੱਚ) (ਓਪ) ਕ੍ਰਾਂਤੀ (ਸੋਭਾ) ਨਾ ਰਹਿ ਸਕੀ। ਤਾਂ ਮਾਰ ਕੇ ਪਾੜ ਕੇ ਨਾਸ ਕਰ ਦਿੱਤੇ, (ਭੂਪ) ਰਾਜੇ ਬਿਨਾਂ ਲੜਾਈ ਕੌਣ ਕਰ ਸਕਦਾ ਸੀ? (ਅਰਿ) ਦੁਸ਼ਮਣ ਹਿਰਦੇ ਵਿੱਚ ਡਰ ਰੱਖ ਕੇ ਕੰਬ ਉੱਠੇ ਅਤੇ ਸਾਰੀ (ਪਉਰਖਤਾਈ) ਤਾਕਤ ਛੱਡ ਦਿੱਤੀ ਭਾਵ ਹੌਂਸਲਾ ਛੱਡ ਦਿੱਤਾ। ਦੈਂਤ (ਜੰਗ) ਮੈਦਾਨ ਨੂੰ ਛੱਡ ਕੇ ਇਓਂ (ਭੱਜ) ਤੁਰੇ ਜਿਵੇਂ ਲੋਭ ਕਰਨ ਨਾਲ ਵੱਡੇ (ਵਡੇ) ਗੁਣ ਵੀ (ਪਰਾਈ) ਭੱਜ ਜਾਂਦੇ ਹਨ॥੨੨੪॥

**ਇਤਿ ਸ੍ਰੀ ਮਾਰਕੰਡੇ ਪੁਰਾਨੇ ਚੰਡੀ ਚਰਿਤ੍ਰੇ ਸੁੰਭ ਬਧਹ ਨਾਮ ਸਪਤਮੋ ਧਯਾਇ ਸੰਪੂਰਨ॥੭॥**

***ਭਾਵਾਰਥ:–*** ਏਥੇ ਸੁੰਦਰ ਮਾਰਕੰਡੇ ਪੁਰਾਣ ਦਾ ਚੰਡੀ ਚਰਿਤ੍ਰ 'ਚੋਂ ਸੁੰਭ ਨੂੰ ਮਾਰਨ ਵਾਲਾ ਸੱਤਵਾਂ ਅਧਿਆਇ ਪੂਰਾ ਹੋ ਗਿਆ ਹੈ॥੭॥

**ਸਵੈਯਾ॥**

**ਭਾਜਿ ਗਯੋ ਮਘਵਾ ਜਿਨ ਕੇ ਡਰ ਬ੍ਰਹਮ ਤੇ ਆਦਿ ਸਭੈ ਭਯ ਭੀਤੇ॥**
**ਤੇਈ ਵੈ ਦੈਤਜ ਪਰਾਇ ਗਏ ਰਨ ਹਾਰ ਨਿਹਾਰ ਭਏ ਬਲ ਰੀਤੇ॥**
**ਜੰਬੁਕ ਗ੍ਰਿਝ ਨਿਰਾਸ ਭਏ ਬਨਬਾਸ ਗਏ ਜੁਗ ਜਾਮਨਿ ਬੀਤੇ॥**
**ਸੰਤ ਸਹਾਇ ਸਦਾ ਜਗ ਮਾਇ ਸੁ ਸੁੰਭ ਨਿਸੁੰਭ ਬਡੇ ਅਰਿ ਜੀਤੇ॥੨੨੫॥**

***ਭਾਵਾਰਥ:–*** (ਏਸ ਅਧਿਆਇ ਵਿੱਚ ਕਵੀ ਨੇ ਆਪਣੇ ਵਿਚਾਰ ਚੰਡੀ ਚਰਿਤ੍ਰ ਤੇ ਦੱਸੇ ਹਨ) ਜਿਨ੍ਹਾਂ ਦੇ ਡਰ ਨਾਲ (ਮਘਵਾ) ਇੰਦਰ ਵੀ ਭੱਜ ਗਿਆ ਸੀ, ਬ੍ਰਹਮਾ ਆਦਿ ਸਾਰੇ ਦੇਵਤੇ ਵੀ (ਭੈ ਭੀਤੇ) ਡਰੇ ਹੋਏ ਸਨ। ਉਹ ਦੈਂਤ ਇਓਂ ਭੱਜ ਗਏ ਕਿ ਜੰਗ ਦੀ ਹਾਰ ਵੇਖ ਕੇ (ਬਲ) ਤਾਕਤੋਂ (ਰੀਤੇ) ਖਾਲੀ ਹੋ ਗਏ। ਗਿੱਦੜ ਅਤੇ ਗਿਰਝਾਂ ਨਿਰਾਸ ਹੋ ਕੇ ਜੰਗਲ (ਬਾਸ) ਸਥਾਨ ਨੂੰ ਚਲੇ ਗਏ ਸਨ, ਕਿਉਂਕਿ ਇਹ ਸਾਰਾ ਜੰਗ ਕਰਨ ਵਿੱਚ ਦੋ ਪਹਿਰ ਵੀ ਨਹੀਂ ਲੱਗੇ ਸਨ। ਹੇ ਸਦਾ ਸੰਤਾਂ ਦੀ ਸਹਾਇਕ ਜਗਤ ਮਾਤਾ! (ਤੂੰ) ਸੁੰਭ ਨਿਸੁੰਭ ਚੰਗੇ ਵੱਡੇ ਵੈਰੀ ਜਿੱਤ ਲਏ ਹਨ॥੨੨੫॥

**ਦੇਵ ਸਭੈ ਮਿਲਿ ਕੈ ਇਕ ਠੌਰ ਸੁ ਅੱਛਤ ਕੁੰਕਮ ਚੰਦਨ ਲੀਨੋ॥**
**ਤੱਛਨ ਲੱਛਨ ਦੈ ਕੈ ਪ੍ਰਦੱਛਨ ਟੀਕਾ ਸੁ ਚੰਡਿ ਕੇ ਭਾਲ ਮੈ ਦੀਨੋ॥**
**ਤਾ ਛਬਿ ਕੋ ਉਪਜਯੋ ਤਹ ਭਾਵ ਇਹੈ ਕਵਿ ਨੇ ਮਨ ਮੈ ਲਖਿ ਲੀਨੋ॥**
**ਮਾਨਹੁ ਚੰਦ ਕੇ ਮੰਡਲ ਮੈ ਸੁਭ ਮੰਗਲ ਆਨ ਪ੍ਰਵੇਸਹਿ ਕੀਨੋ॥੨੨੬॥**

***ਭਾਵਾਰਥ:–*** ਸਾਰਿਆਂ ਦੇਵਤਿਆਂ ਇੱਕ ਥਾਂ ਇਕੱਠੇ ਹੋ ਕੇ (ਅੱਛਤ) ਚੌਲ, (ਕੁੰਕਮ) ਕੇਸਰ ਅਤੇ ਚੰਦਨ ਭਾਵ ਤਿਲਕ ਦਾ ਸਾਮਾਨ ਲਿਆ। (ਤੱਛਣ) ਤਤ ਛਿਨ ਭਾਵ ਓਸੇ ਵੇਲੇ ਲੱਖਾਂ ਹੀ ਪ੍ਰਕਰਮਾ ਕਰਕੇ ਚੰਡਿਕਾ ਦੇ ਮੱਥੇ ਤੇ (ਟੀਕਾ) ਤਿਲਕ ਕਰ ਦਿੱਤਾ। ਓਥੋਂ ਹੀ ਉਸ ਸੋਭਾ ਦਾ ਭਾਵ ਪੈਦਾ ਹੋ

ਗਿਆ ਇਹ ਹੀ ਕਵੀ ਨੇ ਮਨ ਵਿੱਚ ਜਾਣ ਲਿਆ ਹੈ। ਮਾਨੋ ਕਿ (ਜਯੋਤਿਸ਼ ਸ਼ਾਸਤਰ) ਚੰਦਰਮਾ ਦੇ ਮੰਡਲ (ਰਾਸਿ ਸਥਾਨ) ਵਿੱਚ ਸੁਭ ਮੰਗਲ (ਗ੍ਰਹਿ) ਨੇ ਆ ਕੇ ਅਰਥਾਤ ਦੁਰਗਾ ਦਾ ਮਸਤਕ ਰੂਪ ਚੰਦ੍ਰ ਮੰਡਲ ਸ਼ੁਭ ਮੰਗਲ ਰੂਪ ਤਿਲਕ ਹੈ ਪ੍ਰਵੇਸ਼ ਕਰ ਲਿਆ ਹੈ॥੨੨੬॥

**ਕਬਿਤੁ॥**

**ਮਿਲਿ ਕੈ ਸੁ ਦੇਵਨ ਬਡਾਈ ਕਰੀ ਕਾਲਿਕਾ ਕੀ**
**ਏ ਹੋ ਜਗਮਾਤ ਤੈ ਤੋ ਕਟਯੋ ਬਡੋ ਪਾਪ ਹੈ॥**
**ਦੈਤਨ ਕੋ ਮਾਰ ਰਾਜ ਦੀਨੋ ਤੈ ਸੁਰੇਸ ਹੂੰ ਕੋ**
**ਬਡੋ ਜਸੁ ਲੀਨੋ ਜਗ ਤੇਰੋ ਈ ਪ੍ਰਤਾਪੁ ਹੈ॥**
**ਦੇਤ ਹੈ ਅਸੀਸ ਦਿਜ ਰਾਜ ਰਿਖਿ ਬਾਰਿ ਬਾਰਿ**
**ਤਹਾ ਹੀ ਪੜਿਓ ਸੁ ਬ੍ਰਹਮ ਕਉਚ ਹੂੰ ਕੋ ਜਾਪ ਹੈ॥**
**ਐਸੇ ਜਸੁ ਪੂਰ ਰਹਯੋ ਚੰਡਿਕਾ ਕੋ ਤੀਨ ਲੋਕ**
**ਜੈਸੇ ਧਾਰ ਸਾਗਰ ਮੈ ਗੰਗਾ ਜੀ ਕੋ ਆਪੁ ਹੈ॥੨੨੭॥**

***ਭਾਵਾਰਥ:–*** ਉੱਤਮ ਦੇਵਤਿਆਂ ਨੇ ਮਿਲ ਕੇ (ਕਾਲਿਕਾ) ਦੁਰਗਾ ਦੀ ਵਡਿਆਈ ਕੀਤੀ, ਹੇ ਜਗਤ ਮਾਤਾ! ਤੂੰ ਤਾਂ ਵੱਡਾ ਪਾਪ ਕੱਟ ਦਿੱਤਾ ਹੈ। ਦੈਂਤਾਂ ਨੂੰ ਮਾਰ ਕੇ (ਸੁਰੇਸ਼) ਇੰਦਰ ਨੂੰ ਰਾਜ ਦਿੱਤਾ, ਜਗਤ ਵਿੱਚ ਮਹਾਂ ਯਸ਼ ਖੱਟਿਆ ਹੈ, ਇਹ ਤੇਰਾ ਹੀ ਪ੍ਰਤਾਪ ਹੈ। (ਦ੍ਵਿਜ ਰਾਜ ਰਿਖਿ) ਬ੍ਰਹਮ ਰਿਸ਼ੀ ਅਤੇ ਰਾਜ ਰਿਸ਼ੀ ਬਾਰੰਬਾਰ ਅਸੀਸਾਂ ਦੇਂਦੇ ਹਨ, ਓਥੇ ਹੀ (ਉਨ੍ਹਾਂ) ਬ੍ਰਹਮ ਕਵਚ (ਜਾਪ) ਮੰਤਰ ਪੜ੍ਹਿਆ ਹੈ। ਤਿੰਨਾਂ ਲੋਕਾਂ ਵਿੱਚ ਚੰਡਿਕਾ ਦਾ ਯਸ਼ ਇਓਂ (ਪੂਰ) ਫੈਲ ਰਿਹਾ ਹੈ, ਜਿਵੇਂ ਸਮੁੰਦਰ ਵਿੱਚ ਗੰਗਾ ਦੇ (ਆਪੁ) ਜਲ ਦੀ ਧਾਰ ਹੈ॥੨੨੭॥

**ਸਵੈਯਾ॥**

**ਦੇਹਿ ਅਸੀਸ ਸਭੈ ਸੁਰ ਨਾਰਿ ਸੁਧਾਰਿ ਕੈ ਆਰਤੀ ਦੀਪ ਜਗਾਯੋ॥**
**ਫੂਲ ਸੁਗੰਧ ਸੁ ਅੱਛਤ ਦੱਛਨ ਜੱਛਨ ਜੀਤਿ ਕੋ ਗੀਤ ਸੁ ਗਾਯੋ॥**
**ਧੂਪ ਜਗਾਇ ਕੈ ਸੰਖ ਬਜਾਇ ਕੈ ਸੀਸ ਨਿਵਾਇ ਕੈ ਬੈਨ ਸੁਨਾਯੋ॥**
**ਹੇ ਜਗਮਾਇ ਸਦਾ ਸੁਖਦਾਇ ਤੈ ਸੁੰਭ ਕੋ ਘਾਇ ਬਡੋ ਜਸੁ ਪਾਯੋ॥੨੨੮॥**

***ਭਾਵਾਰਥ:–*** ਆਰਤੀ (ਸੁਧਾਰਿ) ਬਣਾ ਕੇ ਦੀਵੇ ਜਗਾ ਕੇ ਸਾਰੀਆਂ ਦੇਵ ਇਸਤਰੀਆਂ ਅਸੀਸਾਂ ਦੇਂਦੀਆਂ ਹਨ। ਫੁੱਲ, ਸੁਗੰਧੀਆਂ, (ਅੱਛਤ) ਚੌਲਾਂ ਆਦਿਕ (ਦੱਛਣ) ਭੇਟਾ ਲੈ ਕੇ ਯੱਛਣੀਆਂ ਜਿੱਤ ਦੇ ਗੀਤਾਂ ਨੂੰ ਗਾਉਂਦੀਆਂ ਹਨ। ਧੂਪ ਜਗਾ ਕੇ, ਸੰਖ ਵਜਾ ਕੇ ਅਤੇ ਸਿਰ ਨਿਵਾ ਕੇ ਬਚਨ (ਉਸਤਤਿ, ਸਤੋਤ) ਸੁਣਾਇਆ। ਹੇ ਨਿਤ ਸੁਖਦਾਇਕ ਜਗਤ ਮਾਤਾ! ਤੂੰ ਸੁੰਭ ਨੂੰ (ਘਾਇ) ਮਾਰ ਕੇ ਬੜੀ ਸ਼ੋਭਾ ਖੱਟੀ ਹੈ॥੨੨੮॥

**ਸਕ੍ਰਹਿ ਸਾਜਿ ਸਮਾਜਿ ਦੈ ਚੰਡਿ ਸੁ ਮੋਦ ਮਹਾ ਮਨ ਮਾਹਿ ਰਈ ਹੈ॥**

**ਸੂਰ ਸਸੀ ਨਭ ਥਾਪ ਕੈ ਤੇਜੁ ਦੈ ਆਪ ਤਹਾਂ ਤੇ ਸੁ ਲੋਪ ਭਈ ਹੈ॥**
**ਬੀਚ ਅਕਾਸ ਪ੍ਰਕਾਸ ਬਢਯੋ ਤਹ ਕੀ ਉਪਮਾ ਮਨ ਤੇ ਨ ਗਈ ਹੈ॥**
**ਧੂਰਿ ਕੈ ਪੂਰ ਮਲੀਨ ਹੁਤੋ ਰਵਿ ਮਾਨਹੁ ਚੰਡਿਕਾ ਓਪ ਦਈ ਹੈ॥੨੨੯॥**

***ਭਾਵਾਰਥ:–*** ਚੰਡਿਕਾ (ਸਕ੍ਰਹਿ) ਇੰਦਰ ਨੂੰ ਰਾਜ ਦਾ ਸਾਜੋ ਸਾਮਾਨ ਦੇ ਕੇ ਮਨ ਦੀ (ਸੁ ਮੋਦ) ਚੰਗੀ ਖੁਸ਼ (ਰਈ) ਹੋਈ ਰਹੀ। ਸੂਰਜ ਚੰਦ੍ਰਮਾ ਨੂੰ ਤੇਜ਼ ਦੇ ਕੇ ਤੇ ਆਸਮਾਨ ਵਿੱਚ ਥਾਪ ਕੇ ਓਥੋਂ ਆਪ ਅਲੋਪ ਹੋ ਗਈ। ਆਕਾਸ਼ ਵਿੱਚ ਪ੍ਰਕਾਸ਼ ਵਧ ਗਿਆ ਉਹਦੀ ਉਪਮਾ ਵੀ ਕਵੀ ਦੇ ਮਨ ਤੋਂ ਲਾਂਭੇ ਨਹੀਂ ਗਈ। ਮਾਨੋ ਕਿ ਧੂੜ ਦੇ (ਪੂਰਿ) ਫੈਲ ਜਾਣ ਤੋਂ (ਰਵਿ) ਸੂਰਜ ਮਲੀਨ ਹੋਏ ਹੋਏ ਨੂੰ ਚੰਡਿਕਾ ਨੇ ਹੀ (ਓਪ) ਚਮਕ ਦਿੱਤੀ ਹੈ॥੨੨੯॥

**ਕਬਿਤੁ॥**

**ਪ੍ਰਥਮ ਮਧੁ ਕੈਟ ਮਦ ਮਥਨਿ ਮਹਿਖਾਸੁਰੈ**
**ਮਾਨ ਮਰਦਨ ਕਰਨਿ ਤਰਨਿ ਬਰ ਬੰਡਿਕਾ॥**
**ਧੂਮ੍ਰ ਦ੍ਰਿਗ ਧਰਨਿ ਧਰ ਧੂਰਿਧਾਨੀ ਕਰਨਿ**
**ਚੰਡ ਅਰੁ ਮੁੰਡ ਕੇ ਮੁੰਡ ਖੰਡ ਖੰਡਿਕਾ॥**
**ਰਕਤ ਬੀਰਜ ਹਰਨਿ ਰਕਤ ਭੱਛਨ ਕਰਨਿ**
**ਦਰਨ ਅਨਸੁੰਭ ਰਨ ਰਾਰ ਰਿਸ ਮੰਡਿਕਾ॥**
**ਸੁੰਭ ਬਲ ਧਾਰ ਸੰਘਾਰ ਕਰਵਾਰ ਕਰਿ**
**ਸਕਲ ਖਲੁ ਅਸੁਰ ਦਲੁ ਜੈਤੁ ਜੈ ਚੰਡਿਕਾ॥੨੩੦॥**

***ਭਾਵਾਰਥ:–*** ਪਹਿਲਾਂ ਮਧੁ ਅਤੇ ਕੈਟਭ ਦਾ (ਮਦ) ਅਹੰਕਾਰ (ਮਥਨਿ) ਨਾਸ ਕਰਨ ਵਾਲੀ, ਮਹਿਖਾਸੁਰ ਦੇ ਮਾਣ ਨੂੰ ਮਲਣ ਵਾਲੀ, (ਬਰ ਬੰਡਿਕਾ) ਬਲਵਾਨ (ਤਰਨਿ) ਇਸਤਰੀ। ਧੂਮਰ (ਦ੍ਰਿਗ) ਲੋਚਨ ਨੂੰ (ਧਰਨਿ) ਫੜਨ ਵਾਲੀ, ਜ਼ਮੀਨ ਨੂੰ (ਧੂਰਿ ਧਾਨੀ) ਆਸਮਾਨ (ਅਥਵਾ ਮੈਦਾਨੇ ਜੰਗ ਜਿਸ ਵਿੱਚ ਧੂੜ ਹੀ ਉਡਦੀ ਰਹਿੰਦੀ ਹੈ) ਕਰਨ ਵਾਲੀ, ਚੰਡ ਅਤੇ ਮੁੰਡ (ਦੈਂਤਾਂ) ਦੇ ਸਿਰਾਂ ਦੇ (ਖੰਡ) ਟੁੱਕੜੇ (ਖੰਡਿਕਾ) ਬਿਖੇੜਨ ਵਾਲੀ। ਸ੍ਰੋਣਤ ਵੀਰਜ (ਦੈਂਤ) ਨੂੰ ਮਾਰਨ ਵਾਲੀ, (ਰਕਤ) ਲਹੂ ਪੀਣ ਵਾਲੀ (ਅਨਸੁੰਭ) ਨਿਸੁੰਭ ਨੂੰ ਦਲ ਦੇਣ ਵਾਲੀ, ਗੁੱਸੇ ਨਾਲ ਜੰਗ ਅਤੇ (ਰਾਰ) ਲੜਾਈ ਨੂੰ (ਮੰਡਿਕਾ) ਕਰਨ ਵਾਲੀ। ਤਲਵਾਰ ਨਾਲ, ਬਲ (ਧਾਰ) ਨਾਲ ਸੁੰਭ ਨੂੰ ਮਾਰਨ ਵਾਲੀ, (ਖਲੁ) ਨਿਸਚਾ ਕਰ ਸਾਰੀ ਅਸੁਰ ਫ਼ੌਜ ਨੂੰ ਮਾਰਨ ਵਾਲੀ ਚੰਡਿਕਾ ਦੀ ਜੈ ਹੋ! ਜੈ ਹੋ!॥੨੩੦॥

**ਸਵੈਯਾ॥**

**ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥**
**ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰਿ ਅਪਨੀ ਜੀਤ ਕਰੋਂ॥**
**ਅਰੁ ਸਿਖ ਹੌਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ॥**
**ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬਿ ਜੂਝ ਮਰੋਂ॥੨੩੧॥**

***ਭਾਵਾਰਥ:***– ਹੇ (ਸਿਵਾ) ਚੰਡਿਕਾ! ਮੈਨੂੰ ਏਹੋ ਵਰ ਦੇਹ ਕਿ ਚੰਗਿਆਂ ਕਰਮਾਂ ਤੋਂ ਕਦੇ ਵੀ ਨਾ ਟਲਾਂ। ਜਦੋਂ ਵੈਰੀ ਨਾਲ ਜਾ ਕੇ ਲੜਾਂ ਤਾਂ ਡਰਾਂ ਨਾ, (ਨਿਸਚੈ ਕਰਿ) ਯਕੀਨ ਨਾਲ ਆਪਣੀ ਹੀ ਜਿੱਤ (ਫਤਹ) ਕਰਾਂ। ਅਤੇ ਮੈਂ ਆਪਣੇ ਮਨ ਨੂੰ ਹੀ ਤੇਰੇ ਗੁਣ (ਸਿਖਹੌ) ਸਿਖਾਵਾਂ, ਮੈਨੂੰ ਏਹੋ ਲਾਲਚ ਹੈ ਕਿ ਮੈਂ ਤੇਰੇ ਹੀ ਗੁਣ ਉਚਾਰਾਂ। ਜਦੋਂ ਮੇਰੀ ਉਮਰ ਦਾ ਅੰਤ ਆਵੇ ਤਾਂ ਮੈਂ (ਅਤਿ) ਘਮਸਾਨ ਜੰਗ ਵਿੱਚ ਹੀ (ਜੂਝ) ਲੜ ਕੇ ਮਰਾਂ॥੨੩੧॥

**ਚੰਡਿ ਚਰਿਤ੍ਰ ਕਵਿੱਤਨ ਮੈ ਬਰਨਯੋ ਸਭ ਹੀ ਰਸ ਰੁਦ੍ਰ ਮਈ ਹੈ॥**
**ਏਕ ਤੇ ਏਕ ਰਸਾਲ ਭਏ ਨਖ ਤੇ ਸਿਖ ਲੌਂ ਉਪਮਾ ਸੁ ਨਈ ਹੈ॥**
**ਕੌਤਕ ਹੇਤੁ ਕਰੀ ਕਵਿ ਨੇ ਸਤਸੈ ਕੀ ਕਥਾ ਯਹ ਪੂਰਿ ਭਈ ਹੈ॥**
**ਜਾਹਿ ਨਮਿੱਤ ਪੜੈ ਸੁਨਿ ਹੈ ਨਰ ਸੋ ਨਿਸਚੈ ਕਰਿ ਤਾਹਿ ਦਈ ਹੈ॥੨੩੨॥**

***ਭਾਵਾਰਥ:***– ਚੰਡਿਕਾ ਦਾ ਜੀਵਨ ਭਾਵ ਚਰਿਤ੍ਰ (ਕਵਿੱਤਨ) ਛੰਦਾ-ਬੰਦੀ ਵਿੱਚ ਰੁਦ੍ਰ-ਰਸ-ਮਯ ਕਿਹਾ ਹੈ। (ਛੰਦ) ਇੱਕ ਤੋਂ ਇੱਕ (ਰਸਾਕ) ਰਸ ਵਾਲੇ ਸੋਹਣੇ ਬਣ ਗਏ ਹਨ, ਨਹੁੰ ਤੋਂ (ਸਿਖ) ਚੋਟੀ ਤੱਕ ਨਵੀਂ ਉਪਮਾ ਦਿੱਤੀ ਗਈ ਹੈ। ਕਵੀ (ਗੁਰੂ ਗੋਬਿੰਦ ਸਿੰਘ ਜੀ) ਨੇ ਮੌਜ ਨਾਲ ਹੀ ਬਣਾਈ ਹੈ (ਸਤਸੈ) ਸਪਤਸਤੀ (ਦੁਰਗਾ ਸੰਬੰਧਿਤ ਸੱਤ ਸੌ ਸਲੋਕਾਂ ਵਾਲੇ ਗ੍ਰੰਥ) ਦੀ ਕਥਾ ਇਹ (ਪੂਰੀ) ਸਮਾਪਤ ਹੋ ਗਈ ਹੈ। ਮਨੁੱਖ ਜਿਸ ਵਾਸਤੇ ਪੜ੍ਹੇ ਸੁਣੇਗਾ (ਨਿਸਚੈ ਕਰਿ) ਠੀਕ ਉਹਨੂੰ ਉਹੋ ਹੀ (ਦਈ) ਦੇਣ ਵਾਲੀ ਹੈ॥੨੩੨॥

**ਦੋਹਰਾ॥**
**ਗ੍ਰੰਥ ਸਤ ਸੱਯਾ ਕੋ ਕਰਯੋ ਜਾ ਸਮ ਅਵਰੁ ਨ ਕੋਇ॥**
**ਜਿਹ ਨਮਿੱਤ ਕਵਿ ਨੇ ਕਹਯੋਸੁ ਦੇਹ ਚੰਡਿਕਾ ਸੋਇ॥੨੩੩॥**

***ਭਾਵਾਰਥ:***– (ਦੁਰਗਾ) ਸਪਤਸਤੀ ਦਾ ਗ੍ਰੰਥ (ਚੰਡੀ ਚਰਿਤ੍ਰ ਉਕਤਿ ਬਿਲਾਸ) ਬਣਾ ਦਿੱਤਾ ਹੈ, ਜੀਹਦੇ ਬਰਾਬਰ ਹੋਰ ਕੋਈ ਦੇਵਤਾ ਅਥਵਾ ਗ੍ਰੰਥ ਨਹੀਂ ਹੈ। ਕਵੀ ਨੇ ਜਿਸ ਵਾਸਤੇ ਕਿਹਾ ਹੈ ਹੇ ਚੰਡਿਕਾ ! ਉਹੋ ਹੀ ਦੇ॥੨੩੩॥

**ਇਤਿ ਸ੍ਰੀ ਮਾਰਕੰਡੇ ਪੁਰਾਣੇ ਬਚਿਤ੍ਰ ਨਾਟਕੇ ਸ੍ਰੀ ਚੰਡੀ ਚਰਿਤ੍ਰੇ ਉਕਤਿ ਬਿਲਾਸ ਸੁੰਭ ਬਧਹ ਨਾਮ ਅਸਟਮੋ ਧਜਾਇ ਸੰਪੂਰਨੰ॥੮[੧]॥**

***ਭਾਵਾਰਥ:***– ਏਥੇ ਸੋਹਣੇ ਮਾਰਕੰਡੇ ਪੁਰਾਣ ਵਿੱਚੋਂ ਅਤੇ ਬਚਿਤ੍ਰ ਨਾਟਕ ਵਿੱਚੋਂ ਚੰਡੀ ਚਰਿਤ੍ਰ (ਉਕਤਿ) ਕਵਿਤਾ ਦੇ ਬਿਲਾਸ ਵਾਲੇ ਗ੍ਰੰਥ ਦਾ ਸੁੰਭ ਨੂੰ ਮਾਰਨ ਵਾਲਾ ਮਸ਼ਹੂਰ ਅੱਠਵਾਂ ਅਧਿਆਇ ਸੰਪੂਰਨ ਹੋਇਆ ਹੈ॥੮॥

---

[੧] ਇਹ 'ਇਤਿ ਸ੍ਰੀ' ਦਾ ਸਾਰਾ ਪਾਠ ਹੀ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਦੀਆਂ ਸੈਂਚੀਆਂ ਵਿੱਚ ਨਹੀਂ ਹੈ, ਵੇਖੋ ਸਫ਼ਾ ੯੯।